ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 20 | Issue 116| 27 March to 2 April, 2024 | Ph.: (510) 240-5949 | Email: asrtimes@gmail.com

# ਚੋਣਾਂ ’ਚ ਦਲ ਬਦਲੂਆਂ ਦੀ ਭੂਮਿਕਾ

## ਸਿਆਸੀ ਆਗੂਆਂ ਦੀਆਂ ਦਲ ਬਦਲੀਆਂ ਨੇ ਗਰਮਾਈ ਪੰਜਾਬ ਦੀ ਸਿਆਸਤ








ਸਿਆਸਤ ਵਿੱਚ ਕੋਈ ਵੀ ਕਿਸੇ ਦਾ ਸਕਾ ਸਬੰਧੀ ਨਹੀਂ ਹੁੰਦਾ ਅਤੇ ਸਿਆਸਤ ਵਿੱਚ ਕਿਸੇ ਵੀ ਸਮੇਂ ਕੁਝ ਵੀ ਹੋ ਸਕਦਾ ਹੈ। ਚੋਣਾਂ ਮੌਕੇ ਸਿਆਸਤ ਵਿੱਚ ਉਲਟ ਫੇਰ ਹੋਣ ਦੀ ਸੰਭਾਵਨਾ ਬਹੁਤ ਹੁੰਦੀ ਹੈ। ਸਵੇਰ ਵੇਲੇ ਜਿਹੜੇ ਸਿਆਸੀ ਆਗੂ ਇੱਕ ਦੂਜੇ ਦੀ ਨਿਖੇਧੀ ਕਰ ਰਹੇ ਹੁੰਦੇ ਹਨ, ਸ਼ਾਮ ਹੁੰਦਿਆਂ ਹੀ ਉਹ ਆਗੂ ਆਪਸ ਵਿੱਚ ਗਲਵੱਕੜੀ ਪਾ ਲੈਂਦੇ ਹਨ। ਬੀਤੇ ਦਿਨੀਂ ਕਾਂਗਰਸ ਦੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਐਮ.ਪੀ. ਰਵਨੀਤ ਸਿੰਘ ਬਿੱਟੂ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਵਿੱਚ ਚਲੇ ਗਏ, ਇਸ ਤੋਂ ਪਹਿਲਾਂ ਕਾਂਗਰਸ ਦੇ ਹੀ ਐਮ.ਪੀ. ਪਰਨੀਤ ਕੌਰ ਵੀ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਉਸ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਵੀ ਕਾਂਗਰਸ ਛੱਡ ਕੇ ਭਾਜਪਾ ਵਿੱਚ ਚਲੇ ਗਏ ਸਨ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਵੀ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ ਅਤੇ ਇਸ ਸਮੇਂ ਉਹ ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਹਨ। ਇਸੇ ਤਰਾਂ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਵੀ ਆਪਣੇ ਭਰਾ ਜੀਤੀ ਸਿੱਧੂ ਸਮੇਤ ਕਾਂਗਰਸ ਛੱਡ ਕੇ ਭਾਜਪਾ ਵਿੱਚ ਚਲੇ ਗਏ ਸਨ ਪਰ ਉਹ ਕੁਝ ਸਮੇਂ ਬਾਅਦ ਆਪਣੇ ਭਰਾ ਸਮੇਤ ਵਾਪਸ ਕਾਂਗਰਸ ਵਿੱਚ ਆ ਚੁੱਕੇ ਹਨ।

ਇੱਕ ਸਿਆਸੀ ਪਾਰਟੀ ਛੱਡ ਕੇ ਦੂਜੀ ਸਿਆਸੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਬਹੁਤ ਲੰਬੀ ਹੈ। ਸਿਆਸੀ ਆਗੂਆਂ ਵੱਲੋਂ ਦਲ ਬਦਲੀਆਂ ਦਾ ਇਹ ਰੁਝਾਨ ਨਵਾਂ ਨਹੀਂ ਹੈ, ਭਾਰਤ ਵਿੱਚ ਜਦੋਂ ਤੋਂ ਚੋਣਾਂ ਹੋਣ ਲੱਗੀਆਂ ਹਨ, ਉਦੋਂ ਤੋਂ ਹੀ ਭਾਰਤ ਵਿੱਚ ਸਿਆਸੀ ਆਗੂਆਂ ਵੱਲੋਂ ਇੱਕ ਪਾਰਟੀ ਛੱਡ ਕੇ ਦੂਜੀ ਸਿਆਸੀ ਪਾਰਟੀ ਵਿੱਚ ਜਾਣ ਦਾ ਰੁਝਾਨ ਜਾਰੀ ਹੈ। ਰਵਨੀਤ ਬਿੱਟੂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਹਨ। ਰਵਨੀਤ ਸਿੰਘ ਬਿੱਟੂ ਦੇ ਭਾਜਪਾ ਵਿੱਚ ਜਾਣ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਗਰਮਾਹਟ ਆ ਗਈ ਹੈ ਅਤੇ ਵੱਖ- ਵੱਖ ਆਗੂ ਦਲ ਬਦਲੀ ਸਬੰਧੀ ਬਿਆਨ ਦੇ ਰਹੇ ਹਨ। ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਕਹਿ ਰਹੇ ਹਨ ਕਿ ਬਿੱਟੂ ਅਸਲ ਵਿੱਚ ਲੋਕ ਸਭਾ ਚੋਣ ਹਾਰ ਰਹੇ ਸਨ ਅਤੇ ਕਾਂਗਰਸ ਵਿੱਚ ਉਹਨਾਂ ਨੂੰ ਟਿਕਟ ਮਿਲਣ ਦੀ ਸੰਭਾਵਨਾ ਨਹੀਂ ਸੀ, ਇਸ ਕਰਕੇ ਉਹ ਕਾਂਗਰਸ ਛੱਡ ਕੇ ਭਾਜਪਾ ਵਿੱਚ ਚਲੇ ਗਏ। ਭਾਜਪਾ ਵਿਰੋਧੀ ਆਗੂਆਂ ਦਾ ਕਹਿਣਾ ਹੈ ਕਿ ਭਾਜਪਾ ਵੱਲੋਂ ਦੂਜੀਆਂ ਸਿਆਸੀ ਪਾਰਟੀਆਂ ਦੀ ਰਹਿੰਦ ਖੂੰਹਦ ਵੀ ਭਾਜਪਾ ਵਿੱਚ ਇਕੱਠੀ ਕੀਤੀ ਜਾ ਰਹੀ ਹੈ। ਭਾਜਪਾ ਵੱਲੋਂ ਪੰਜਾਬ ਵਿੱਚ ਅਕਾਲੀ ਦਲ ਬਾਦਲ ਨਾਲ ਗਠਜੋੜ ਕਰਨ ਦੀ ਥਾਂ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ ’ਤੇ ਇਕੱਲਿਆਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਤਰਾਂ ਪੰਜਾਬ ਵਿੱਚ ਲੋਕ ਸਭਾ ਚੋਣਾਂ ਦੌਰਾਨ ਚਾਰ ਕੌਣੇ ਮੁਕਾਬਲੇ ਹੋਣ ਦੀ ਸੰਭਾਵਨਾ ਬਣ ਗਈ ਹੈ। ਪੰਜਾਬ ਵਿੱਚ ਲੋਕ ਸਭਾ ਚੋਣਾਂ ਦੌਰਾਨ ਭਾਵੇਂ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ, ਕਾਂਗਰਸ, ਅਕਾਲੀ ਦਲ ਬਾਦਲ ਵਿਚਾਲੇ ਹੋਣ ਦੀ ਸੰਭਾਵਨਾ ਹੈ ਪਰ ਭਾਜਪਾ ਵੀ ਇਹਨਾਂ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਨੂੰ ਤਕੜੀ ਟੱਕਰ ਦੇਣ ਦੇ ਮੂਡ ਵਿੱਚ ਹੈ। ਭਾਜਪਾ ਉਮੀਦਵਾਰਾਂ ਨੂੰ ਕੇਂਦਰ ਵਿੱਚ ਭਾਜਪਾ ਸਰਕਾਰ ਹੋਣ ਦਾ ਲਾਭ ਮਿਲਣ ਦੀ ਉਮੀਦ ਹੈ। ਭਾਜਪਾ ਆਗੂਆਂ ਵੱਲੋਂ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਭਾਜਪਾ ਵਿੱਚ ਸ਼ਾਮਲ ਕਰਕੇ ਇਸ ਦਾ ਲੋਕ ਸਭਾ ਚੋਣਾਂ ਵਿੱਚ ਲਾਭ ਲੈਣ ਦੇ ਯਤਨ ਕੀਤੇ ਜਾ ਰਹੇ ਹਨ। ਆਉਣ ਵਾਲੇ ਦਿਨਾਂ ਦੌਰਾਨ ਹੋਰ ਕਿਹੜੇ ਆਗੂ ਦਲ ਬਦਲੀ ਕਰਦੇ ਹਨ ਅਤੇ ਦਲ ਬਦਲੀ ਕਰਨ ਵਾਲੇ ਆਗੂਆਂ ਨੂੰ ਕੀ ਲਾਭ ਮਿਲਦਾ ਹੈ? ਦਲ ਬਦਲੂਆਂ ਸਹਾਰੇ ਕਿਹੜੀ ਪਾਰਟੀ ਚੋਣਾਂ ਜਿੱਤਦੀ ਹੈ, ਇਸ ਦਾ ਪਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਲੱਗੇਗਾ।

# ਭਾਰਤ ’ਚ ਅਰਬਪਤੀਆਂ ਦੀ ਆਬਾਦੀ ਵਿੱਚ ਮਹੱਤਵਪੂਰਨ ਵਾਧਾ

## ਅੰਬਾਨੀ ਏਸ਼ੀਆ ਦੇ ਸਭ ਤੋਂ ਅਮੀਰ, ਮਸਕ ਦੁਨੀਆ ਦਾ ਸਭ ਤੋਂ ਵੱਧ ਦੌਲਤਮੰਦ



ਨਵੀਂ ਦਿੱਲੀ/ਏ.ਟੀ.ਨਿਊਜ਼ : ਇੱਕ ਪਾਸੇ ਪੂਰੀ ਦੁਨੀਆਂ ਵਿੱਚ ਲੱਖਾਂ ਲੋਕ ਭੁੱਖ ਮਰੀ ਦਾ ਸ਼ਿਕਾਰ ਹਨ, ਦੂਜੇ ਪਾਸੇ ਦੁਨੀਆਂ ਵਿੱਚ ਅਮੀਰ ਲੋਕਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਭਾਰਤ ਵਿੱਚ ਵੀ ਅਰਬਪਤੀਆਂ ਦੀ ਆਬਾਦੀ ਅਤੇ ਉਹਨਾਂ ਦੀ ਦੌਲਤ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਸਾਲ 2024 ਲਈ ਹੁਰਨ ਗਲੋਬਲ ਰਿਚ ਲਿਸਟ ਅੱਜ ਜਾਰੀ ਕੀਤੀ ਗਈ। ਇਸ ਵਿੱਚ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਨੇ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਵਜੋਂ ਆਪਣਾ ਸਥਾਨ ਬਰਕਰਾਰ ਰੱਖਿਆ, ਜਦੋਂ ਕਿ ਅਡਾਨੀ ਸਮੂਹ ਦੇ ਸੰਸਥਾਪਕ ਗੌਤਮ ਅਡਾਨੀ ਨੇ ਦੌਲਤ ਵਿੱਚ ਵਿਆਪਕ ਵਾਧਾ ਕੀਤਾ। ਇਸ ਨਾਲ ਉਹ ਕੌਮਾਂਤਰੀ ਰੈਂਕਿੰਗ ਵਿੱਚ 15ਵੇਂ ਸਥਾਨ ’ਤੇ ਪਹੁੰਚ ਗਏ। 115 ਅਰਬ ਡਾਲਰ ਦੀ ਸੰਪਤੀ ਦੇ ਨਾਲ 66 ਸਾਲਾ ਮੁਕੇਸ਼ ਅੰਬਾਨੀ ਨੇ ਭਾਰਤ ਦੇ ਸਭ ਤੋਂ ਅਮੀਰ ਵਿਅਕਤੀ ਵਜੋਂ ਆਪਣਾ ਰੁਤਬਾ ਬਰਕਰਾਰ ਰੱਖਿਆ। ਆਪਣੀ ਦੌਲਤ ਵਿੱਚ 40 ਪ੍ਰਤੀਸ਼ਤ ਵਾਧੇ ਦੇ ਬਾਵਜੂਦ ਅੰਬਾਨੀ ਇੱਕ ਸਥਾਨ ਖਿਸਕ ਕੇ ਵਿਸ਼ਵ ਪੱਧਰ ’ਤੇ 10ਵੇਂ ਸਥਾਨ ’ਤੇ ਪਹੁੰਚ ਗਏ ਹਨ। 61 ਸਾਲਾ ਗੌਤਮ ਅਡਾਨੀ 86 ਅਰਬ ਡਾਲਰ ਦੀ ਸੰਪਤੀ ਦੇ ਨਾਲ ਵਿਸ਼ਵ ਰੈਂਕਿੰਗ ਵਿੱਚ 15ਵੇਂ ਸਥਾਨ ’ਤੇ ਪਹੁੰਚ ਗਏ। ਨਵੀਂ ਸੂਚੀ ਵਿੱਚ ਕੁੱਲ 167 ਨਵੇਂ ਅਰਬਪਤੀਆਂ ਸ਼ਾਮਲ ਹੋਏ ਹਨ, ਜਿਸ ਨਾਲ ਵਿਸ਼ਵਵਿਆਪੀ ਗਿਣਤੀ 3,279 ਵਿਅਕਤੀਆਂ ਤੱਕ ਪਹੁੰਚ ਗਈ ਹੈ। ਟੈਸਲਾ ਮੁਖੀ ਐਲਨ ਮਸਕ 231 ਅਰਬ ਡਾਲਰ ਨਾਲ ਚਾਰ ਸਾਲਾਂ ਵਿੱਚ ਤੀਜੀ ਵਾਰ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਵਜੋਂ ਆਪਣਾ ਖਿਤਾਬ ਦੁਬਾਰਾ ਪ੍ਰਾਪਤ ਕੀਤਾ। ਐਮਾਜ਼ਾਨ ਦੇ ਜੈਫ ਬੇਜੋਸ ਦੂਜੇ ਸਥਾਨ ’ਤੇ ਪਹੁੰਚ ਗਏ ਹਨ, ਜਿਨ੍ਹਾਂ ਦੀ ਸੰਪਤੀ 185 ਅਰਬ ਡਾਲਰ ਹੈ। ਪਿਛਲੇ ਸਾਲ ਪਹਿਲੇ ਨੰਬਰ ’ਤੇ ਰਹੇ ਬਰਨਾਰਡ ਅਰਨੌਲਟ ਦੀ ਦੌਲਤ ਘਟ ਕੇ 175 ਅਰਬ ਡਾਲਰ ਰਹਿ ਗਈ ਹੈ। ਭਾਰਤ ਨੇ ਆਪਣੀ ਅਰਬਪਤੀਆਂ ਦੀ ਆਬਾਦੀ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ। 271 ਅਰਬਪਤੀਆਂ ਦੇ ਨਾਲ ਵਿਸ਼ਵ ਪੱਧਰ ’ਤੇ ਤੀਜੇ ਸਥਾਨ ’ਤੇ ਹੈ। ਮੁੰਬਈ ਨੇ ਪੇਈਚਿੰਗ ਨੂੰ ਪਛਾੜ ਕੇ ਪਹਿਲੀ ਵਾਰ ਏਸ਼ੀਆ ਦੀ ਅਰਬਪਤੀਆਂ ਦੀ ਰਾਜਧਾਨੀ ਬਣ ਕੇ ਦੁਨੀਆ ਦੇ ਸਿਖਰਲੇ ਤਿੰਨਾਂ ਵਿੱਚ ਥਾਂ ਬਣਾਈ ਹੈ।

# ਲੋਕਾਂ ਵਿੱਚ ਕੈਨੇਡਾ ਦਾ ਨਾਗਰਿਕ ਬਣਨ ਦਾ ਕ੍ਰੇਜ਼ ਘੱਟਿਆ

## ਪਿਛਲੇ 2 ਦਹਾਕਿਆਂ ਦੌਰਾਨ ਕੈਨੇਡਾ ਦੀ ਨਾਗਰਿਕਤਾ ਦਰ ਵਿੱਚ 30 ਫ਼ੀਸਦੀ ਦੀ ਗਿਰਾਵਟ

## ਸਪਾਊਸ ਵਰਕ ਪਰਮਿਟ ਤੇ ਟੈਂਪਰੇਰੀ ਰੈਜ਼ੀਡੈਂਟਸ ਉੱਪਰ ਨਵੀਆਂ ਪਾਬੰਦੀਆਂ

ਲੋਕਾਂ ਵਿੱਚ ਕੈਨੇਡਾ ਦਾ ਨਾਗਰਿਕ ਬਣਨ ਦਾ ਹੁਣ ਕ੍ਰੇਜ਼ ਘੱਟਦਾ ਨਜ਼ਰ ਆ ਰਿਹਾ ਹੈ। ਪਿਛਲੇ ਕਰੀਬ 2 ਦਹਾਕਿਆਂ ਦੌਰਾਨ ਕੈਨੇਡਾ ਦੀ ਨਾਗਰਿਕਤਾ ਦਰ ਵਿੱਚ 30 ਫ਼ੀਸਦੀ ਦੀ ਗਿਰਾਵਟ ਆਈ ਹੈ। 1996 ਵਿੱਚ 75 ਫ਼ੀਸਦੀ ਤੋਂ ਵੱਧ ਪ੍ਰਵਾਸੀਆਂ ਨੇ ਨਾਗਰਿਕਤਾ ਲਈ ਅਰਜ਼ੀ ਦਿੱਤੀ ਸੀ। ਸਾਲ 2021 ਵਿੱਚ ਇਹ ਅੰਕੜਾ ਘੱਟ ਕੇ 45.7 ਫ਼ੀਸਦੀ 'ਤੇ ਆ ਗਿਆ ਸੀ। 2016 ਤੋਂ ਬਾਅਦ ਸਥਿਤੀ ਹੋਰ ਬਦਲਣੀ ਸ਼ੁਰੂ ਹੋ ਗਈ। ਉਦੋਂ ਤੋਂ ਹੁਣ ਤੱਕ ਇੱਕ ਬਹੁਤ ਵੱਡੀ ਤਬਦੀਲੀ ਆਈ ਹੈ, ਜਿਸ ਵਿੱਚ ਭਾਰਤੀਆਂ ਦੀ ਵੀ ਕੈਨੇਡੀਅਨ ਨਾਗਰਿਕਤਾ ਵਿੱਚ ਦਿਲਚਸਪੀ ਖ਼ਤਮ ਹੋ ਗਈ ਹੈ ਅਤੇ ਪ੍ਰਵਾਸੀ ਹੁਣ ਕੈਨੇਡੀਅਨ ਨਾਗਰਿਕਤਾ ਲਈ ਪਹਿਲਾਂ ਵਾਂਗ ਕਾਹਲੀ ਨਹੀਂ ਕਰਦੇ ਕਿਉਂਕਿ ਨਾਗਰਿਕਤਾ ਪ੍ਰੀਖਿਆ ਸਖ਼ਤ ਹੋ ਗਈ, ਭਾਸ਼ਾ ਦੇ ਹੁਨਰ ਦੀ ਮੰਗ ਵਧ ਗਈ। ਇਸ ਤੋਂ ਇਲਾਵਾ ਅਰਜ਼ੀ ਦੀ ਫੀਸ ਵੀ ਜ਼ਿਆਦਾ ਹੈ। ਕੈਨੇਡੀਅਨ ਨਾਗਰਿਕਤਾ ਦੀ ਮੰਗ ਨੂੰ ਘਟਾਉਣ ਵਿੱਚ ਲਗਭਗ 40 ਫ਼ੀਸਦੀ ਭੂਮਿਕਾ ਕੋਵਿਡ ਦੀ ਰਹੀ ਹੈ।

2016 ਅਤੇ 2021 ਦੇ ਵਿਚਕਾਰ ਪ੍ਰਵਾਸੀ ਇੰਨੇ ਨਿਰਾਸ਼ ਹੋ ਗਏ ਕਿ ਉਨ੍ਹਾਂ ਨੇ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਨਹੀਂ ਦਿੱਤੀ। ਕੈਨੇਡੀਅਨ ਨਾਗਰਿਕਤਾ ਦੀ ਲਾਲਸਾ ਵੀ ਵੱਖ-ਵੱਖ ਪ੍ਰਵਾਸੀਆਂ ਵਿੱਚ ਵੱਖੋ-ਵੱਖਰੀ ਹੁੰਦੀ ਹੈ। ਉਦਾਹਰਨ ਲਈ, ਜਿਨ੍ਹਾਂ ਦੀ ਸਾਲਾਨਾ ਆਮਦਨ 50,000 ਅਤੇ 100,000 ਕੈਨੇਡੀਅਨ ਡਾਲਰ ਦੇ ਵਿਚਕਾਰ ਹੈ, ਉਨ੍ਹਾਂ ਦੀ ਕੈਨੇਡੀਅਨ ਨਾਗਰਿਕਤਾ ਪ੍ਰਾਪਤ ਕਰਨ ਦੀ ਸੰਭਾਵਨਾ 14 ਫ਼ੀਸਦੀ ਵੱਧ ਹੈ, ਜਦੋਂ ਕਿ 10,000 ਡਾਲਰ ਤੋਂ ਘੱਟ ਆਮਦਨ ਵਾਲੇ ਲੋਕ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦੇਣ ਤੋਂ ਬਚਦੇ ਹਨ।

ਇਸ ਤੋਂ ਇਲਾਵਾ ਯੂਨੀਵਰਸਿਟੀ ਦੀ ਡਿਗਰੀ ਵਾਲੇ 51.8 ਫ਼ੀਸਦੀ ਦੇ ਮੁਕਾਬਲੇ, ਹਾਈ ਸਕੂਲ ਦੀ ਡਿਗਰੀ ਵਾਲੇ 30.5 ਫ਼ੀਸਦੀ ਕੈਨੇਡੀਅਨ ਨਾਗਰਿਕਤਾ ਲਈ ਅਰਜ਼ੀ ਦਿੰਦੇ ਹਨ। ਪ੍ਰਵਾਸੀ ਜਿਸ ਦੇਸ਼ ਤੋਂ ਆਏ ਹਨ, ਉਸ ਦੇ ਆਧਾਰ 'ਤੇ ਡਾਟਾ ਵੀ ਵੱਖਰਾ ਹੋ ਸਕਦਾ ਹੈ। ਪੂਰਬੀ ਏਸ਼ੀਆਈ ਦੇਸ਼ਾਂ ਦੇ ਪ੍ਰਵਾਸੀਆਂ ਵਿੱਚ ਕੈਨੇਡੀਅਨ ਨਾਗਰਿਕਤਾ ਦੀ ਮੰਗ ਵਿੱਚ 58 ਫ਼ੀਸਦੀ ਦੀ ਗਿਰਾਵਟ ਆਈ ਹੈ, ਜਦੋਂ ਕਿ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਦੀ ਮੰਗ ਵਿੱਚ 40.7 ਫ਼ੀਸਦੀ ਦੀ ਗਿਰਾਵਟ ਆਈ ਹੈ। ਪੱਛਮੀ ਏਸ਼ੀਆਈ ਦੇਸ਼ਾਂ ਤੋਂ ਕੈਨੇਡੀਅਨ ਨਾਗਰਿਕਤਾ ਦੀ ਮੰਗ ਵਿੱਚ 30 ਫ਼ੀਸਦੀ ਦੀ ਕਮੀ ਆਈ ਹੈ। ਕੈਨੇਡੀਅਨ ਨਾਗਰਿਕਤਾ ਦੀ ਮੰਗ ਪੂਰਬੀ ਯੂਰਪੀਅਨ ਦੇਸ਼ਾਂ ਵਿੱਚ 29 ਫ਼ੀਸਦੀ ਅਤੇ ਮੱਧ ਅਮਰੀਕਾ ਦੇ ਲੋਕਾਂ ਵਿੱਚ 28.2 ਫ਼ੀਸਦੀ ਘਟੀ ਹੈ।



**ਟੈਂਪਰੇਰੀ ਰੈਜ਼ੀਡੈਂਟਸ ਦੀ ਗਿਣਤੀ ਘਟਾਉਣ ਲਗਿਆ ਕੈਨੇਡਾ**

ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਸੀਮਤ ਕਰਨ ਤੋਂ ਬਾਅਦ ਕੈਨੇਡਾ ਸਰਕਾਰ ਕੱਚੇ ਵਿਦੇਸ਼ੀ ਕਾਮਿਆਂ ਦੀ ਗਿਣਤੀ 'ਚ ਵੱਡੀ ਕਟੌਤੀ ਕਰ ਰਹੀ ਹੈ। ਇਸ ਮੌਕੇ ਇਥੇ ਅਸਥਾਈ ਤੌਰ 'ਤੇ ਰਹਿੰਦੇ 25 ਲੱਖ ਵਿਦੇਸ਼ੀਆਂ (ਟੀ ਆਰ) ਦੀ ਗਿਣਤੀ ਨੂੰ ਆਉਂਦੇ ਸਤੰਬਰ ਤੱਕ ਘਟਾ ਕੇ 20 ਲੱਖ ਕੀਤਾ ਜਾਏਗਾ। ਆਵਾਸ ਮੰਤਰੀ ਮਾਈਕ ਮਿਲਰ ਨੇ ਵਿਭਾਗ ਵਲੋਂ ਲਏ ਫੈਸਲੇ ਬਾਰੇ ਲੰਘੇ ਸ਼ੁੱਕਰਵਾਰ ਨੂੰ ਦੱਸਿਆ ਸੀ ਕਿ ਸਰਕਾਰ ਆਵਾਸ ਨਿਯਮਾਂ ਵਿਚਲੀਆਂ ਚੋਰ ਮੋਰੀਆਂ ਰਾਹੀਂ ਬੇਈਮਾਨ ਲੋਕਾਂ ਵੱਲੋਂ ਕੀਤੇ ਜਾਂਦੇ ਕਾਲੇ ਧੰਦੇ ਬੰਦ ਕਰਨਾ ਚਾਹੁੰਦੀ ਹੈ, ਜਿਸ ਲਈ ਸਖਤ ਫੈਸਲੇ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਮੰਤਰੀ ਨੇ ਕਿਹਾ ਦੇਸ਼ 'ਚ ਕੁੱਲ ਆਬਾਦੀ ਦਾ ਸਵਾ 6 ਫੀਸਦ ਕੱਚੇ ਕਾਮੇ ਹਨ, ਜਿਸ ਨੂੰ ਘਟਾ ਕੇ ਸਤੰਬਰ ਤੱਕ 5 ਫੀਸਦ ਕੀਤਾ ਜਾਏਗਾ। ਉਨ੍ਹਾਂ ਦੱਸਿਆ ਕਿ ਵਪਾਰਕ ਅਦਾਰਿਆਂ ਨੂੰ 30 ਫੀਸਦ ਕੱਚੇ ਵਿਦੇਸ਼ੀ ਕਾਮੇ ਸੱਦਣ ਦੀ ਛੋਟ ਹੁਣ 20 ਫੀਸਦ ਹੋਵੇਗੀ। ਆਵਾਸ ਮੰਤਰੀ ਦੇ ਨਾਲ ਬੈਠੀ ਰੁਜ਼ਗਾਰ ਮੰਤਰੀ ਰੈਂਡੀ ਬੋਇਸਨੌਲਟ ਨੇ ਇਸ 10 ਫੀਸਦ ਦੇ ਤੋੜ ਦਾ ਬਦਲ ਸੁਝਾਉਂਦਿਆਂ ਦੱਸਿਆ ਕਿ ਵਪਾਰਕ ਅਦਾਰੇ ਹੁਣ ਦੇਸ਼ 'ਚ ਪਨਾਹ ਮੰਗਣ ਵਾਲਿਆਂ ਨੂੰ ਕੰਮ 'ਤੇ ਰੱਖ ਸਕਣਗੇ ਤੇ ਉਨ੍ਹਾਂ ਪਨਾਹੀਆਂ ਲਈ ਕੰਮ ਦਾ ਉਹ ਤਜਰਬਾ ਉਨ੍ਹਾਂ ਦੇ ਪੱਕੇ ਹੋਣ ਵਿੱਚ ਸਹਾਈ ਹੋਵੇਗਾ। ਅਮਾਈਕ ਮਿਲਰ ਨੇ ਸਪਸ਼ਟ ਕੀਤਾ ਕਿ ਸਿਸਟਮ ਨੂੰ ਵਿਦੇਸ਼ੀ ਕੱਚੇ ਕਾਮਿਆਂ ਦੀ ਨਿਰਭਰਤਾ 'ਚੋਂ ਉਭਾਰਨ ਲਈ ਕਾਰਜਕੁਸ਼ਲ ਤੇ ਸਵੈ-ਨਿਰਭਰ ਬਣਾਉਣਾ ਸਮੇਂ ਦੀ ਲੋੜ ਹੈ, ਜਿਸ ਕਾਰਨ ਸਖਤ ਫੈਸਲੇ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ 'ਚ ਉਹ ਸੂਬਾਈ ਸਰਕਾਰਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਲੋੜਾਂ ਸਮਝਣਗੇ ਤੇ ਆਵਾਸ ਨੀਤੀਆਂ ਨੂੰ ਹੋਰ ਕਾਰਜ-ਕੁਸ਼ਲ ਬਣਾਉਣ ਦੇ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਵਿਦੇਸ਼ੀਆਂ ਦੀ ਆਮਦ ਉੱਤੇ ਇਹ ਪਾਬੰਦੀਆਂ ਪਹਿਲੀ ਮਈ ਤੋਂ ਲਾਗੂ ਹੋਣਗੀਆਂ ਤੇ ਸਤੰਬਰ ਤੱਕ ਗਿਣਤੀ ਘਟਾ ਲਈ ਜਾਏਗੀ। ਇਹ ਫੈਸਲਾ ਤਿੰਨ ਸਾਲ ਤੱਕ ਲਾਗੂ ਰਹੇਗਾ।

**ਵਿਦੇਸ਼ੀ ਵਿਦਿਆਰਥੀਆਂ ਲਈ ਕੈਨੇਡਾ ਦਾ 'ਸਪਾਊਸ ਵਰਕ ਪਰਮਿਟ' ਬੰਦ**

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਵੱਲੋਂ ਦੇਸ਼ ਵਿੱਚ ਵਿਦੇਸ਼ੀ ਵਿਦਿਆਰਥੀਆਂ ਬਾਰੇ ਆਪਣੀਆਂ ਨੀਤੀਆਂ ਵਿੱਚ ਫੇਰਬਦਲ ਬੀਤੇ ਜਨਵਰੀ ਮਹੀਨੇ ਤੋਂ ਜਾਰੀ ਹਨ। ਇਸੇ ਤਹਿਤ ਆਪਣੇ ਦੇਸ਼ 'ਚ 12ਵੀਂ (+2) ਪੜ੍ਹ ਕੇ ਅਤੇ ਆਈਲੈਟਸ ਦੇ ਬੈਂਡਾਂ ਨਾਲ ਕੈਨੇਡਾ ਦੇ ਸਟੱਡੀ ਪਰਮਿਟ ਲੈਣ ਵਾਲੇ ਵਿਦੇਸ਼ੀਆਂ ਦੀ ਦੌੜ ਕੁਝ ਠੱਲ੍ਹਣ ਲਈ ਸਪਾਊਜ਼ ਓਪਨ ਵਰਕ ਪਰਮਿਟ ਨਾ ਦੇਣ ਦਾ ਫ਼ੈਸਲਾ ਬੀਤੇ ਦਿਨੀਂ ਤੋਂ ਲਾਗੂ ਕਰ ਦਿੱਤਾ ਗਿਆ। ਹੁਣ ਐਮ.ਏ. ਜਾਂ ਪੀ.ਐੱਚ.ਡੀ. ਕਰਨ ਲਈ ਕੈਨੇਡਾ ਵਿੱਚ ਦਾਖਲਾ ਲੈਣ ਵਾਲੇ ਵਿਦੇਸ਼ੀ ਵਿਦਿਆਰਥੀ ਹੀ ਆਪਣੇ ਪਤੀ ਜਾਂ ਪਤਨੀ ਦਾ ਵਰਕ ਪਰਮਿਟ ਅਪਲਾਈ ਕਰ ਸਕਦੇ ਹਨ। ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਡਾਕਟਰੀ, ਫਾਰਮੇਸੀ, ਵਕਾਲਤ, ਨਰਸਿੰਗ, ਇੰਜੀਨੀਅਰਿੰਗ, ਬੀ.ਐੱਡ ਆਦਿਕ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੇ ਪਤੀ ਜਾਂ ਪਤਨੀ ਵਾਸਤੇ ਵੀ ਵਰਕ ਪਰਮਿਟ ਦੀ ਸਹੂਲਤ ਬਰਕਰਾਰ ਰੱਖੀ ਗਈ ਹੈ। ਹੁਣ ਤੱਕ ਕੈਨੇਡਾ ਦੀ ਸਰਕਾਰ ਤੋਂ ਮਾਨਤਾ ਪ੍ਰਾਪਤ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਨ ਜਾਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਵੱਲੋਂ ਆਪਣੇ ਵਿਆਂਹਦੜਾਂ ਵਾਸਤੇ ਓਪਨ ਵਰਕ ਪਰਮਿਟ ਅਤੇ ਬੱਚਿਆਂ ਵਾਸਤੇ ਵੀਜ਼ਾ ਅਪਲਾਈ ਕੀਤਾ ਜਾ ਸਕਦਾ ਸੀ। ਕੈਨੇਡਾ ਪਹੁੰਚਣ ਦੀ ਇਸ ਬੇਲਗਾਮ ਦੌੜ ਵਿੱਚ ਪੰਜਾਬ ਵਿੱਚ ਪੰਜਾਬੀ ਅਤੇ ਪੰਜਾਬੀਅਤ ਰੁਲਦੀ ਜਾ ਰਹੀ ਸੀ ਅਤੇ ਸਥਾਨਕ ਵਿੱਦਿਅਕ ਅਦਾਰਿਆਂ ਦੀ ਹੋਂਦ ਨੂੰ ਵੱਡਾ ਖ਼ਤਰਾ ਬਣ ਚੁੱਕਾ ਸੀ । ਕੈਨੇਡਾ ਦੀ ਰਾਜਧਾਨੀ ਓਟਾਵਾ ਵਿਖੇ ਬੀਤੇ ਕੱਲ੍ਹ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਸਪਸ਼ਟ ਕੀਤਾ ਕਿ 19 ਮਾਰਚ ਤੱਕ ਅਪਲਾਈ ਕਰ ਚੁੱਕੇ ਯੋਗ ਵਿਦੇਸ਼ੀ ਵਿਦਿਆਰਥੀ ਸਪਾਊਜ਼ਲ ਓਪਨ ਵਰਕ ਪਰਮਿਟ ਵਾਸਤੇ ਯੋਗ ਮੰਨੇ ਜਾਣਗੇ ਪਰ ਨਵੀਂ ਨੀਤੀ ਤਹਿਤ ਨਵੇਂ ਬਦਲਾਅ 20 ਮਾਰਚ ਤੋਂ ਲਾਗੂ ਹਨ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਕਿਹਾ ਕਿ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਵਿੱਚ ਭਰੋਸੇਯੋਗਤਾ ਬਣਾਈ ਰੱਖਣ ਲਈ ਵਰਕ ਪਰਮਿਟ ਨੀਤੀ ਵਿੱਚ ਕੁਝ ਕਰਨਾ ਸੁਧਾਰ ਸਮੇਂ ਦੀ ਲੋੜ ਸੀ ।

# ਇਟਲੀ 'ਚ ਸਜਾਇਆ ਗਿਆ ਹੋਲੇ ਮਹੱਲੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

ਇਟਲੀ/ਏ.ਟੀ.ਨਿਊਜ਼ : ਖ਼ਾਲਸਾ ਪੰਥ ਦੀ ਚੜ੍ਹਦੀਕਲਾ ਦਾ ਪ੍ਰਤੀਕ ਹੋਲਾ ਮਹੱਲਾ ਸਮੁੱਚੇ ਸਿੱਖ ਜਗਤ ਦੁਆਰਾ ਬੜੀ ਸ਼ਰਧਾ ਅਤੇ ਜਾਹੋ ਜਲਾਲ ਨਾਲ ਮਨਾਇਆ ਜਾਂਦਾ ਹੈ। ਇਟਲੀ ਦੇ ਜ਼ਿਲ੍ਹਾ ਕਰੇਮੋਨਾ ਵਿੱਚ ਪੈਂਦੇ ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮੋਰਾਨੋ ਦੁਆਰਾ ਹੋਲੇ ਮਹੱਲੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ ਹੇਠ ਨਗਰ ਕੀਰਤਨ ਰਵਾਨਾ ਹੋਇਆ।

ਆਰੰਭਤਾ ਮੌਕੇ ਸੰਗਤਾਂ ਦੁਆਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਫੁੱਲਾਂ ਦੀ ਵਰਖਾ ਕੀਤੀ। ਇਸ ਨਗਰ ਕੀਰਤਨ ਵਿੱਚ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਸ਼ਿਰਕਤ ਕੀਤੀ। ਵੱਖ-ਵੱਖ ਰਾਗੀ, ਢਾਡੀ ਜੱਥਿਆਂ ਅਤੇ ਕਥਾਵਾਚਕਾਂ ਨੇ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਸੰਗਤਾਂ ਦੁਆਰਾ ਸਾਰੇ ਰਸਤੇ ਸਤਿਨਾਮ ਵਾਹਿਗੁਰੂ ਦਾ ਜਾਪ ਕੀਤਾ ਗਿਆ। ਜਗ੍ਹਾ-ਜਗ੍ਹਾ ਸੰਗਤਾਂ ਲਈ ਲੰਗਰ ਵਰਤਾਇਆ ਗਿਆ। ਨਿਹੰਗ ਸਿੰਘ ਫ਼ੌਜਾਂ ਅਤੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਗੱਤਕਾ ਅਕੈਡਮੀ ਦੇ ਸਿੰਘਾਂ ਦੁਆਰਾ ਗੱਤਕੇ ਦੇ ਜੌਹਰ ਦਿਖਾਏ ਗਏ। ਨਗਰ ਕੀਰਤਨ ਵਿੱਚ ਕਾਜੇਲਮੋਰਾਨੋ ਦੇ ਇਟਾਲੀਅਨ ਪ੍ਰਸ਼ਾਸ਼ਨ ਨੇ ਵੀ ਸਮੂਲੀਅਤ ਕੀਤੀ। ਨਗਰ ਕੀਰਤਨ ਦਾ ਇਟਾਲੀਅਨ ਮੂਲ ਅਤੇ ਹੋਰਨਾਂ ਮੂਲ ਦੇ ਲੋਕਾਂ ਤੇ ਗਹਿਰਾ ਪ੍ਰਭਾਵ ਪਿਆ। ਕਾਜੇਲਮੋਰਾਨੋ ਦੇ ਵੱਖ-ਵੱਖ ਸਥਾਨਾਂ ਤੋਂ ਹੁੰਦਾ ਹੋਇਆ ਨਗਰ ਕੀਰਤਨ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਸੰਪੂਰਨ ਹੋਇਆ।



ਇਸ ਮੌਕੇ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਸੇਵਾਦਾਰ ਅਤੇ ਸਮਾਜਿਕ ਜੱਥੇਬੰਦੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੇਵਾਦਾਰਾਂ ਨੇ ਸਮੁੱਚੀਆਂ ਸਿੱਖ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆ ਅਤੇ ਸਮਾਜਿਕ ਜੱਥੇਬੰਦੀਆਂ ਦਾ ਧੰਨਵਾਦ ਕੀਤਾ ਅਤੇ ਵੱਖ-ਵੱਖ ਸੇਵਾਵਾਂ ਕਰਨ ਵਾਲੇ ਸੇਵਾਦਾਰਾਂ ਨੂੰ ਸਿਰੋਪਾਓ ਅਤੇ ਇਟਾਲੀਅਨ ਪ੍ਰਸ਼ਾਸ਼ਨ ਨੂੰ ਸਨਮਾਨ ਚਿੰਨ ਭੇਂਟ ਕੀਤੇ। ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮੋਰਾਨੋ ਦੀ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਅਤੇ ਜੱਥੇਦਾਰ ਭਾਈ ਪ੍ਰਗਟ ਸਿੰਘ ਖ਼ਾਲਸਾ ਨੇ ਆਈ ਹੋਈ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ।

# ਪਿਛਲੇ 10 ਸਾਲਾਂ ਦੌਰਾਨ 64,000 ਪ੍ਰਵਾਸੀਆਂ ਦੀ ਹੋਈ ਮੌਤ

## ਕਰੀਬ 38,400 ਪ੍ਰਵਾਸੀ ਸਮੁੰਦਰ 'ਚ ਡੁੱਬਣ ਕਾਰਨ ਮਾਰੇ ਗਏ

ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼: ਸੰਯੁਕਤ ਰਾਸ਼ਟਰ ਦੇ ਅੰਤਰਰਾਸ਼ਟਰੀ ਪ੍ਰਵਾਸ ਸੰਗਠਨ ਦੁਆਰਾ ਇੱਕ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਪਿਛਲੇ 10 ਸਾਲਾਂ ਵਿੱਚ 64,000 ਪ੍ਰਵਾਸੀਆਂ ਦੀ ਮੌਤ ਹੋਈ ਹੈ। ਇਨ੍ਹਾਂ 'ਚੋਂ ਕਰੀਬ 38,400 ਪ੍ਰਵਾਸੀਆਂ ਦੀ ਸਮੁੰਦਰ 'ਚ ਡੁੱਬਣ ਕਾਰਨ ਮੌਤ ਹੋ ਗਈ। ਰਿਪੋਰਟ ਮੁਤਾਬਕ ਸਭ ਤੋਂ ਵੱਧ 27,000 ਪ੍ਰਵਾਸੀਆਂ ਦੀ ਮੌਤ ਭੂਮੱਧ ਸਾਗਰ ਵਿੱਚ ਹੋਈ ਹੈ।

**ਖਤਰਨਾਕ ਮੈਡੀਟੇਰੀਅਨ ਸਾਗਰ ਵਿੱਚ ਮਾਰੇ ਗਏ 27,000 ਪ੍ਰਵਾਸੀ**

ਬਹੁਤ ਸਾਰੇ ਪ੍ਰਵਾਸੀ ਮੈਡੀਟੇਰੀਅਨ ਸਾਗਰ ਰਾਹੀਂ ਉੱਤਰੀ ਅਮਰੀਕਾ ਤੋਂ ਦੱਖਣੀ ਯੂਰਪ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਆਈ.ਓ.ਐਮ ਦੇ ਡੇਟਾ ਐਨਾਲਿਸਟ ਐਂਡਰੀਆ ਗਾਰਸੀਆ ਬੋਰਜਾ ਨੇ ਕਿਹਾ ਕਿ ਮੈਡੀਟੇਰੀਅਨ ਸਾਗਰ ਇੱਕ ਖ਼ਤਰਨਾਕ ਇਲਾਕਾ ਹੈ ਅਤੇ ਇੱਥੇ ਯਾਤਰਾ ਕਰਨਾ ਬੇਹੱਦ ਖ਼ਤਰਨਾਕ ਸਾਬਤ ਹੁੰਦਾ ਹੈ। ਉਸਨੇ ਕਿਹਾ ਕਿ ਮੈਡੀਟੇਰੀਅਨ ਦੇ ਡੇਟਾ ਨੂੰ ਹੋਰ ਖੇਤਰਾਂ ਦੇ ਮੁਕਾਬਲੇ ਜ਼ਿਆਦਾ ਡੂੰਘਾਈ ਨਾਲ ਦੇਖਿਆ ਗਿਆ ਹੈ। ਉਸ ਦੇ ਅਨੁਸਾਰ ਸਹਾਰਾ ਮਾਰੂਥਲ ਵਰਗੇ ਖੇਤਰਾਂ ਦੀ ਨਿਗਰਾਨੀ ਕਰਨਾ ਮੁਸ਼ਕਿਲ ਸੀ ਕਿਉਂਕਿ ਭਰੋਸੇਯੋਗ ਡੇਟਾ ਆਉਣਾ ਮੁਸ਼ਕਿਲ ਸੀ।

**ਸਾਲ 2023 ਵਿੱਚ ਪਰਵਾਸ ਰੂਟਾਂ 'ਤੇ 8,500 ਲੋਕਾਂ ਦੀ ਮੌਤ**



ਅੱਧੇ ਤੋਂ ਵੱਧ ਮਾਮਲਿਆਂ ਵਿੱਚ, ਆਈ.ਓ.ਐਮ ਪ੍ਰਵਾਸੀ ਦੇ ਲਿੰਗ ਜਾਂ ਉਮਰ ਨੂੰ ਨਿਰਧਾਰਤ ਕਰਨ ਵਿੱਚ ਅਸਮਰੱਥ ਸੀ। ਜਿੱਥੇ ਪ੍ਰਵਾਸੀਆਂ ਦੀ ਪਛਾਣ ਕੀਤੀ ਜਾ ਸਕਦੀ ਹੈ, ਇੱਕ ਤਿਹਾਈ ਤੋਂ ਵੱਧ ਸੰਘਰਸ਼ ਵਾਲੇ ਦੇਸ਼ਾਂ ਜਾਂ ਵੱਡੀ ਸ਼ਰਨਾਰਥੀ ਆਬਾਦੀ ਵਾਲੇ ਦੇਸ਼ਾਂ ਤੋਂ ਆਏ ਸਨ। ਰਿਪੋਰਟ ਦੱਸਦੀਆਂ ਹਨ ਕਿ 2023 ਵਿੱਚ ਦੁਨੀਆਂ ਭਰ ਵਿੱਚ ਪ੍ਰਵਾਸ ਮਾਰਗਾਂ 'ਤੇ 8,500 ਤੋਂ ਵੱਧ ਲੋਕਾਂ ਦੀ ਮੌਤ ਹੋਈ। ਆਈ.ਓ.ਐਮ ਦਾ ਕਹਿਣਾ ਹੈ ਕਿ ਇਸ ਲਿਹਾਜ਼ ਨਾਲ ਸਾਲ 2023 ਨੂੰ ਸਭ ਤੋਂ ਖਤਰਨਾਕ ਸਾਲ ਕਿਹਾ ਜਾ ਸਕਦਾ ਹੈ। ਸਾਲ 2024 ਦੇ ਅੰਕੜੇ ਵੀ ਚਿੰਤਾਜਨਕ ਹੋ ਸਕਦੇ ਹਨ। ਆਈ.ਓ.ਐਮ ਅਨੁਸਾਰ ਇਨ੍ਹਾਂ ਰੂਟਾਂ 'ਤੇ ਮਜ਼ਬੂਤ ਸੁਰੱਖਿਆ ਸਮਰੱਥਾਵਾਂ ਅਤੇ ਸੁਰੱਖਿਅਤ ਪ੍ਰਵਾਸ ਮਾਰਗਾਂ ਦੀ ਸਖ਼ਤ ਲੋੜ ਹੈ। ਸਮੁੰਦਰ ਵਿੱਚ ਮੁਸੀਬਤ ਵਿੱਚ ਪ੍ਰਵਾਸੀਆਂ ਲਈ ਵਧੇਰੇ ਅੰਤਰਰਾਸ਼ਟਰੀ ਕਾਨੂੰਨ ਸਹਾਇਤਾ ਦੀ ਲੋੜ ਹੈ।

# ..ਤੇ ਹੁਣ ਕੇਜਰੀਵਾਲ.. ? ਕੀ ਖ਼ਿਆਲ... ?

## ਆਮ ਆਦਮੀ ਪਾਰਟੀ ਦੇ ਸਾਰੇ ਨਵ-ਰਤਨ ਜੇਲ੍ਹ 'ਚ ਕੈਦ









ਬਲਰਾਜ ਪੰਨੂੰ

ਨਵੀਂ ਦਿੱਲੀ/ਏ.ਟੀ.ਨਿਊਜ਼ : ਵਕਤ ਬੜਾ ਬੇਰਹਿਮ ਹੁੰਦਾ ਹੈ, "ਸਭ ਭ੍ਰਿਸ਼ਟ ਹੈ" ਦੇ ਆਰੋਪ ਤੋਂ ਇੱਕ ਅੰਦੋਲਨ ਸ਼ੁਰੂ ਹੁੰਦਾ ਹੈ, ਤੇ ਉਸੇ ਅੰਦੋਲਨ ਦੇ ਵਿਚੋਂ ਇੱਕ ਸਰਕਾਰ ਨਿਕਲਦੀ ਹੈ ਤੇ ਕੁਝ ਉਹੋ ਜਿਹੇ ਆਰੋਪਾਂ ਦੇ ਵਿੱਚ ਫਸ ਜਾਂਦੀ ਹੈ। ਜਦੋਂ ਲੋਕਤੰਤਰ ਸੀ ਤਾਂ ਰਾਮ ਲੀਲ੍ਹਾ ਮੈਦਾਨ 'ਤੇ ਖ਼ੂਬ ਤਮਾਸ਼ਾ ਕੀਤਾ ਗਿਆ। ਇੰਡੀਆ ਗੇਟ 'ਤੇ ਮੋਮਬੱਤੀਆਂ ਜਲਾਈਆਂ ਗਈਆਂ। ਸਮੇਂ ਸਮੇਂ ਦੀ ਗੱਲ ਹੈ ਕਿ ਹੁਣ ਤਾਂ ਰਾਮ ਲੀਲ੍ਹਾ ਮੈਦਾਨ ਤੱਕ ਜਾਣ ਦੇ ਲਈ ਕੰਡੇਦਾਰ ਤਾਰਾਂ, ਕੰਕਰੀਟ ਦੇ ਬੁਰਜ, ਰੈਪਿਡ ਐਕਸ਼ਨ ਫ਼ੋਰਸ, ਖੱਡੇ ਤੇ ਸਰਕਾਰ ਦੇ ਹੱਕ ਦੇ ਵਿੱਚ ਭੁਗਤਣ ਵਾਲੇ ਐਂਕਰ ਚੁਣੌਤੀ ਦਿੰਦੇ ਨੇ। ਰਾਮ ਲੀਲ੍ਹਾ ਮੈਦਾਨ ਦੇ ਵਿਚੋਂ ਹੀ ਕਦੀ ਕੇਜਰੀਵਾਲ ਨੇ ਅੰਦੋਲਨ ਸਮੇਂ ਕਿਹਾ ਸੀ ਕਿ "ਜੋ ਕੁਰਸੀ 'ਤੇ ਬੈਠਦਾ ਹੈ, ਉਹ ਬੇਈਮਾਨ ਹੋ ਜਾਂਦਾ ਹੈ, ਕਿਧਰੇ ਇਹ ਨਾ ਹੋਵੇ ਕਿ ਅੰਦੋਲਨ ਵਿਚੋਂ ਨਿਕਲ ਕੇ ਸੱਤਾ ਦੀ ਕੁਰਸੀ 'ਤੇ ਜੇ ਸਾਡੇ ਵਿਚੋਂ ਕੋਈ ਜਾ ਬੈਠਾ ਤਾਂ ਉਹ ਵੀ ਭ੍ਰਿਸ਼ਟ ਹੋ ਜਾਵੇ ਤੇ ਗੜਬੜ ਕਰ ਦੇਵੇ। ਇਸ ਗੱਲ ਦੀ ਸਾਨੂੰ ਬਹੁਤ ਚਿੰਤਾ ਹੈ।" ਲਗਦਾ ਏ ਉਸ ਸਮੇਂ ਕੇਜਰੀਵਾਲ ਦੀ ਜ਼ਬਾਨ 'ਤੇ ਮਾਤਾ ਸਰਸਵਤੀ ਨੇ ਸਿੰਘਾਸਨ ਲਗਾਇਆ ਹੋਇਆ ਸੀ। ਦਸ ਸਾਲ ਪਹਿਲਾਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਵਾਅਦੇ ਦੇ ਨਾਲ ਸੱਤਾ ਵਿੱਚ ਆਏ ਕੇਜਰੀਵਾਲ ਦਸ ਸਾਲ ਬਾਅਦ ਖੁਦ ਭ੍ਰਿਸ਼ਟਾਚਾਰ ਦੇ ਆਰੋਪ ਵਿੱਚ ਗ੍ਰਿਫ਼ਤਾਰ ਹੋ ਜਾਂਦੇ ਨੇ। ਉਸ ਦੇ ਚਾਹੁਣ ਵਾਲੇ ਇਸ ਗ੍ਰਿਫ਼ਤਾਰੀ ਨੂੰ ਲੋਕਤੰਤਰ ਦੀ ਹੱਤਿਆ, ਵਿਰੋਧੀ ਧਿਰ ਦਾ ਖ਼ੂਨ, ਮੋਦੀ ਦੀ ਤਾਨਾਸ਼ਾਹੀ ਵਰਗੇ ਲਫ਼ਜ਼ ਵਰਤ ਰਹੇ ਨੇ। ਕੁੱਲ ਮਿਲਾ ਕੇ ਹੋ ਸਕਦਾ ਹੈ ਕਿ ਤਿਹਾੜ ਜੇਲ੍ਹ ਵਿੱਚ ਮਨੀਸ਼ ਸਿਸੋਦੀਆ ਤੇ ਸੰਜੈ ਸਿੰਘ ਦੇ ਨਾਲ ਕੇਜਰੀਵਾਲ ਵੀ ਤਾਸ਼ ਦੀ ਸੀਪ ਲਗਾਉਂਦੇ ਨਜ਼ਰ ਆਉਣ। ਕੇਜਰੀਵਾਲ ਭਗਤ ਇਸ ਨੂੰ ਸਾਜ਼ਿਸ਼ ਦੱਸਦੇ ਹਨ, ਹੋ ਸਕਦਾ ਹੈ ਕਿ ਸਾਜ਼ਿਸ਼ ਵੀ ਹੋਵੇ, ਪਰ ਜਿਸ ਤਰੀਕੇ ਦੇ ਨਾਲ ਈ.ਡੀ. ਨੇ ਪੱਤੇ ਖੋਲ੍ਹੇ ਨੇ, ਉਸ ਹਿਸਾਬ ਦੇ ਨਾਲ ਸਾਜ਼ਿਸ਼ ਵਾਲੀ ਗੱਲ ਲੱਗਦੀ ਵੀ ਨਹੀਂ। ਦਸ ਸਾਲ ਪਹਿਲਾਂ ਕਾਂਗਰਸ ਜਦੋਂ ਟੂ ਜੀ ਘੁਟਾਲੇ ਦੇ ਵਿੱਚ ਸੀ.ਡਬਲਯੂ.ਜੀ. ਤੇ ਰਾਬਰਟ ਵਾਡਰਾ ਦੇ ਘੁਟਾਲੇ ਦੇ ਵਿੱਚ ਫਸੇ ਹੋਏ ਸਨ, ਉਸ ਸਮੇਂ ਅੰਨਾ ਹਜ਼ਾਰੇ ਨੇ ਐਸੀ ਬੁਣਤੀ ਬੁਣੀ ਕਿ ਕਈ ਸਰਕਾਰੀ ਨੌਕਰੀਆਂ ਛੱਡ ਕੇ ਇਹਨਾਂ ਦੇ ਨਾਲ ਜੁੜ ਬੈਠੇ। ਵਿਦੇਸ਼ਾਂ ਦੇ ਵਿਚੋਂ ਇਸ ਨੇਕ ਕੰਮ ਦੇ ਲਈ ਡੋਨੇਸ਼ਨ ਆਉਣ ਲੱਗੀ। ਕੇਜਰੀਵਾਲ ਰਾਮ ਲੀਲ੍ਹਾ ਮੈਦਾਨ ਦੇ ਵਿਚੋਂ ਕਸਮਾਂ ਖਾਣ ਲੱਗੇ ਕਿ ਅਸੀਂ ਰਾਜਨੀਤੀ ਵਿੱਚ ਨਹੀਂ ਆਵਾਂਗੇ, ਸਾਡਾ ਮਕਸਦ ਸੁਧਾਰ ਲਿਆਉਣਾ ਹੈ, ਭ੍ਰਿਸ਼ਟਾਚਾਰ ਖ਼ਤਮ ਕਰਨਾ ਹੈ ਪਰ ਕਸਮਾਂ ਖਾਣ ਵਾਲੇ ਨੇ ਆਮ ਆਦਮੀ ਪਾਰਟੀ ਬਣਾ ਲਈ। ਲੋਕਾਂ ਨੇ ਕਿਹਾ ਕਿ ਚੱਲੋ ਕੋਈ ਗੱਲ ਨਹੀਂ। ਬਦਲਾਓ ਤਾਂ ਲਿਆਉਣਗੇ। ਪਹਿਲੀ ਇਲੈਕਸ਼ਨ ਵਿੱਚ ਹੀ ਵਧੀਆ ਸੀਟਾਂ ਲੈ ਗਏ ਪਰ ਏਨੀਆਂ ਵੀ ਨਹੀਂ ਕਿ ਆਪਣੀ ਸਰਕਾਰ ਬਣਾ ਸਕਣ। ਦੂਜੀ ਵਾਰ ਕੇਜਰੀਵਾਲ ਨੇ ਫਿਰ ਕਸਮਾਂ ਖਾਧੀਆਂ, ਕਿ ਮੈਂ ਕਾਂਗਰਸ, ਭਾਜਪਾ ਤੇ ਕਿਸੇ ਵੀ ਪਾਰਟੀ ਦੇ ਨਾਲ ਨਹੀਂ ਜਾਵਾਂਗਾ ਪਰ ਕੇਜਰੀਵਾਲ ਹੈ ਉਹ ਕਸਮ ਕਦੇ ਵੀ ਤੋੜ ਸਕਦਾ ਹੈ। ਜਿਸ ਕਾਂਗਰਸ ਨੂੰ ਭ੍ਰਿਸ਼ਟ ਸਾਬਤ ਕਰ ਕੇ ਉਹ ਰਾਜਨੀਤੀ ਵਿੱਚ ਆਇਆ ਸੀ, ਉਸੇ ਪਾਰਟੀ ਦੇ ਮੋਢੇ ਦਾ ਸਹਾਰਾ ਲੈ ਕੇ ਸੱਤਾ ਦੀ ਦਹਿਲੀਜ਼ 'ਤੇ ਪਹੁੰਚ ਗਿਆ। ਲੋਕਾਂ ਨੂੰ ਲੱਗਿਆ ਕਿ ਉਹਨਾਂ ਨੂੰ ਮਸੀਹਾ ਮਿਲ ਗਿਆ ਹੈ। ਕੁਝ ਸਮਾਂ ਪਹਿਲਾਂ ਭ੍ਰਿਸ਼ਟ ਨੇਤਾਵਾਂ ਨੂੰ ਜੇਲ੍ਹ ਭੇਜਣ ਦੇ ਦਮਗਜੇ ਮਾਰਨ ਵਾਲਾ ਆਪ ਭ੍ਰਿਸ਼ਟਾਚਾਰ ਦੇ ਮੱਕੜ-ਜਾਲ ਵਿੱਚ ਫਸਿਆ ਜੇਲ੍ਹ ਵਿੱਚ ਹੈ। ਸਾਲ 2024 ਦੇ ਆਉਂਦੇ ਆਉਂਦੇ ਪਾਰਟੀ ਕੇਸਾਂ ਦੇ ਵਿੱਚ ਫਸਣ ਲੱਗੀ, ਸਿਸੋਦੀਆ ਤੋਂ ਸੰਜੈ ਸਿੰਘ ਤੱਕ ਤੇ ਸਤਿੰਦਰ ਜੈਨ ਤੋਂ ਕੇਜਰੀਵਾਲ ਤੱਕ ਆਮ ਆਦਮੀ ਪਾਰਟੀ ਦੇ ਸਾਰੇ ਨਵ-ਰਤਨ ਜੇਲ੍ਹ ਵਿੱਚ ਬੈਠੇ ਹਨ ਤੇ ਉਥੋਂ ਹੀ ਸਰਕਾਰ ਚਲਾਉਣ ਦੀਆਂ ਜੁਗਤਾਂ ਚਰਚਾ ਵਿੱਚ ਹਨ। ਖਚਰੀ ਹਾਸੀ ਹੱਸਦਿਆਂ ਕੇਜਰੀਵਾਲ ਨੇ ਜੇਲ੍ਹ ਦੇ ਵਿਚੋਂ ਹੀ ਕਹਿ ਦਿੱਤਾ ਹੈ ਕਿ ਦਵਾਈਆਂ ਮੁਫ਼ਤ ਦਿਓ ਤੇ ਜਲ ਮੰਤਰਾਲੇ ਵੱਲ ਖਾਸ ਗੌਰ ਰੱਖਿਓ, ਆਹ ਸ਼ਰਾਬ ਘੁਟਾਲੇ ਨੂੰ ਅਸੀਂ ਸਾਂਭਦੇ ਰਹਾਂਗੇ।






ਕੁਝ ਲੋਕ ਕਹਿੰਦੇ ਹਨ ਕਿ ਈ.ਡੀ. ਕੇਂਦਰ ਸਰਕਾਰ ਦੇ ਇਸ਼ਾਰਿਆਂ 'ਤੇ ਚੱਲਦੀ ਹੈ, ਉਹਨਾਂ ਦੀ ਜਾਣਕਾਰੀ ਵਿੱਚ ਵਾਧਾ ਕਰ ਦੇਈਏ ਕਿ ਈ.ਡੀ. ਵੱਲੋਂ ਤਿੰਨ ਵਾਰ ਨੋਟਿਸ ਭੇਜਿਆ ਜਾਂਦਾ ਹੈ। ਜੇ ਕੋਈ ਪੇਸ਼ ਨਹੀਂ ਹੁੰਦਾ ਤਾਂ ਗੈਰਜਮਾਨਤੀ ਵਰੰਟ ਭੇਜ ਸਕਦੀ ਹੈ। ਪਰ ਕੇਜਰੀਵਾਲ ਦੇ ਕੇਸ ਵਿੱਚ ਈ.ਡੀ. ਨੇ ਅਜਿਹਾ ਨਹੀਂ ਕੀਤਾ, 9 ਵਾਰੀ ਨੋਟਿਸ ਭੇਜਿਆ ਤੇ ਜਦੋਂ ਹਾਈਕੋਰਟ ਨੇ ਅਗਾਊਂ ਜ਼ਮਾਨਤ ਤੋਂ ਇਨਕਾਰ ਕੀਤਾ ਤਾਂ ਜਾ ਕੇ ਈ.ਡੀ. ਨੇ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ। ਜਦੋਂ ਟੀਮ ਕੇਜਰੀਵਾਲ ਦੇ ਘਰ ਪਹੁੰਚੀ ਤਾਂ ਹੈਰਾਨ ਰਹਿ ਗਈ ਕਿ ਕੇਜਰੀਵਾਲ ਦੇ ਘਰੋਂ ਈ.ਡੀ. ਦੀ ਟੀਮ ਦੇ ਇੱਕ ਇੱਕ ਮੈਂਬਰ ਦੀ ਸਾਰੀ ਜਾਣਕਾਰੀ ਦੀ ਲਿਸਟ ਉਸ ਦੇ ਘਰ ਸੀ। ਜਿਹੜੇ ਰੌਲਾ ਪਾਉਂਦੇ ਨੇ ਕਿ ਕੇਜਰੀਵਾਲ ਦੇ ਨਾਲ ਧੱਕਾ ਹੋਇਆ, ਉਹਨਾਂ ਨੂੰ ਸੋਚਣਾ ਚਾਹੀਦਾ ਕਿ ਸੰਵਿਧਾਨ ਅਨੁਸਾਰ ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਤੇ ਨਹੀਂ ਹੁੰਦਾ। ਗੁਜਰਾਤ ਦੇ ਮੁੱਖ ਮੰਤਰੀ ਜਦੋਂ ਨਰਿੰਦਰ ਮੋਦੀ ਸਨ ਤਾਂ ਉਹਨਾਂ ਤੋਂ ਘੰਟਿਆਬੱਧੀ ਸੀ.ਬੀ.ਆਈ. ਨੇ ਪੁੱਛ-ਗਿੱਛ ਕੀਤੀ ਸੀ। ਅਮਿਤ ਸ਼ਾਹ ਤਿੰਨ ਮਹੀਨੇ ਜੇਲ੍ਹ ਵਿੱਚ ਰਹੇ ਸਨ। ਜੇ ਉਹ ਬੇਦਾਗ ਨਿਕਲ ਸਕਦੇ ਹਨ ਤਾਂ ਹੋ ਸਕਦੈ ਕੇਜਰੀਵਾਲ ਵੀ ਦੁੱਧ ਚਿੱਟਾ ਗਮਛਾ ਪਾ ਕੇ ਬਾਹਰ ਨਿਕਲੇ ਭਾਵ ਬੇਦਾਗ ਹੋ ਸਕਦੈ। ਹਰ ਇੱਕ ਚੀਜ਼ ਦਾ ਸਟੈਂਡ ਹੁੰਦਾ ਪਰ ਆਹ ਰਾਜਨੀਤੀ ਐਹੋ ਜਿਹੀ ਸ਼ੈਅ ਹੈ ਕਿ ਇਸ ਦਾ ਕੋਈ ਸਟੈਂਡ ਨਹੀਂ। ਜਿਹੜੀ ਕਾਂਗਰਸ ਸਾਲ ਪਹਿਲਾਂ ਸ਼ਰਾਬ ਨੀਤੀ ਨੂੰ ਗਲਤ ਕਹਿ ਰਹੀ ਸੀ ਹੁਣ ਕੇਜਰੀਵਾਲ ਦੀ ਗ੍ਰਿਫ਼ਤਾਰੀ 'ਤੇ ਲੋਕਤੰਤਰ ਦੀ ਹੱਤਿਆ ਦਸ ਰਹੀ ਹੈ। ਰਾਜਨੀਤੀ ਦੇ ਜੰਗਲ ਵਿੱਚ ਬੇਦਾਗ ਕੋਈ ਵੀ ਨਹੀਂ ਹੈ। ਦੁੱਖ ਹੁੰਦਾ ਜਦੋਂ ਭ੍ਰਿਸ਼ਟਾਚਾਰ ਖਤਮ ਕਰਨ ਆਏ ਆਪ ਭ੍ਰਿਸ਼ਟਾਚਾਰੀ ਹੋ ਜਾਂਦੇ ਨੇ। ਇਮਾਨਦਾਰੀ ਦੀ ਰਾਜਨੀਤੀ ਦੀ ਉਮੀਦ ਕੀਤੀ ਸੀ, ਕਿੱਥੇ ਗਈ ? ਸਾਦਗੀ ਦੇ ਨਾਲ ਰਾਜਨੀਤੀ ਕਰਨ ਦਾ ਵਾਅਦਾ ਕਰਨ ਵਾਲਿਆਂ ਨੇ ਆਉਂਦਿਆਂ ਹੀ ਚਾਰ ਹਜ਼ਾਰ ਗੁਣਾ ਇਸ਼ਤਿਹਾਰਾਂ ਦਾ ਬਜਟ ਵਧਾ ਦਿੱਤਾ ਸੀ। ਜਲ ਬੋਰਡ ਘਪਲਾ, ਮੁਹੱਲਾ ਕਲੀਨਿਕ ਘੁਟਾਲਾ, 500 ਨਵੇਂ ਸਕੂਲ ਖੋਲ੍ਹਣ ਦਾ ਵਾਅਦਾ ਕਰਨ ਵਾਲੇ ਪੰਜਾਹ ਸਕੂਲਾਂ 'ਤੇ ਆ ਕੇ ਅਟਕ ਜਾਂਦੇ ਨੇ। ਤੇ ਜਦੋਂ ਪੰਜਾਬ ਦੀ ਸੱਤਾ ਵਿੱਚ ਨਹੀਂ ਹੁੰਦੇ ਤਾਂ ਉਹ ਪਰਾਲੀ ਦਾ ਧੂੰਆਂ ਦਿੱਲੀ ਪਹੁੰਚ ਜਾਂਦੈ, ਅਫ਼ਰਾ ਤਫ਼ਰੀ ਮੱਚ ਜਾਂਦੀ ਹੈ, ਇਲਜ਼ਾਮ ਲੱਗਦੇ ਨੇ ਤੇ ਜਦੋਂ ਸੱਤਾ ਵਿੱਚ ਆਉਂਦੇ ਨੇ ਤਾਂ ਖ਼ਾਮੋਸ਼ ਹੋ ਜਾਂਦੇ ਨੇ। ਜਦੋਂ ਅਸੀਂ ਨਿੱਕੇ ਹੁੰਦੇ ਸੀ ਤਾਂ ਇੱਕ ਦੂਜੇ ਨੂੰ ਕਹਿੰਦੇ ਸੀ ਕਿ ਝੂਠੀ ਸਹੁੰ ਨਾ ਖਾਈ ਪਾਪ ਲੱਗੂ। ਹੁਣ ਕੇਜਰੀਵਾਲ ਦੀਆਂ ਸਹੁੰਆਂ ਪਤਾ ਨਹੀਂ ਝੂਠੀਆਂ ਸੀ ਕਿ ਸੱਚੀਆਂ ਸੀ, ਆਉਣ ਵਾਲਾ ਸਮਾਂ ਦੱਸੇਗਾ।



# ਕੀ ਗਾਜ਼ਾ ਵਿਚ ਹੋ ਸਕੇਗੀ ਜੰਗਬੰਦੀ ?



ਰਫਾਹ/ ਏ.ਟੀ.ਨਿਊਜ਼ : ਹਮਾਸ ਨੇ ਜੰਗਬੰਦੀ ਅਤੇ ਬੰਧਕਾਂ ਦੀ ਰਿਹਾਈ ਲਈ ਕੌਮਾਂਤਰੀ ਸਾਲਸ ਵਲੋਂ ਪੇਸ਼ ਕੀਤੇ ਗਏ ਹਾਲੀਆ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਦੂਜੇ ਪਾਸੇ ਇਜ਼ਰਾਈਲ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਉਸ ਮਤੇ ਦਾ ਵਿਰੋਧ ਕੀਤਾ ਹੈ ਜਿਹੜਾ ਦੋਵਾਂ ਨੂੰ ਸੰਪਰਕ ਕੀਤੇ ਬਿਨਾਂ ਪਾਸ ਕੀਤਾ ਗਿਆ ਸੀ। ਗਾਜ਼ਾ ਵਿੱਚ ਛੇ ਮਹੀਨੇ ਤੋਂ ਜੰਗ ਚਲ ਰਹੀ ਹੈ ਤੇ ਦੋਵਾਂ ਨੇ ਖ਼ੂਨ ਖਰਾਬੇ ਨੂੰ ਰੋਕਣ ਲਈ ਕੀਤੇ ਗਏ ਯਤਨਾਂ ਨੂੰ ਨਕਾਰਿਆ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਇਜ਼ਰਾਈਲ ਹਮਾਸ ਨੂੰ ਖਤਮ ਕਰਨ ਤੇ ਕਈ ਬੰਧਕਾਂ ਦੀ ਰਿਹਾਅ ਕਰਵਾ ਸਕਦਾ ਹੈ ਜੇ ਉਹ ਰਫਾਹ ਦੇ ਦੱਖਣੀ ਸ਼ਹਿਰ ਵਿਚ ਆਪਣੇ ਜ਼ਮੀਨੀ ਹਮਲੇ ਵਧਾਉਂਦਾ ਹੈ। ਰਫਾਹ ਵਿੱਚ ਅੱਧੀ ਤੋਂ ਵੱਧ ਆਬਾਦੀ ਨੇ ਰਾਹਤ ਕੈਂਪਾਂ ਵਿੱਚ ਪਨਾਹ ਲਈ ਹੋਈ ਹੈ। ਦੂਜੇ ਪਾਸੇ ਹਮਾਸ ਨੇ ਕਿਹਾ ਹੈ ਕਿ ਜਦੋਂ ਤਕ ਇਜ਼ਰਾਈਲ ਜੰਗਬੰਦੀ ਲਈ ਸਹਿਮਤ ਨਹੀਂ ਹੁੰਦਾ, ਗਾਜ਼ਾ ਤੋਂ ਆਪਣੀ ਫੌਜ ਵਾਪਸ ਨਹੀਂ ਸੱਦਦਾ ਤੇ ਫਲਸਤੀਨੀ ਕੈਦੀਆਂ ਨੂੰ ਰਿਹਾਅ ਨਹੀਂ ਕਰਦਾ ਉਹ ਤਦ ਤੱਕ ਬੰਧਕਾਂ ਨੂੰ ਰਿਹਾਅ ਨਹੀਂ ਕਰੇਗਾ। ਇਸ ਜੰਗ ਵਿੱਚ ਹੁਣ ਤੱਕ 32 ਹਜ਼ਾਰ ਤੋਂ ਵੱਧ ਫਲਸਤੀਨੀ ਮਾਰੇ ਗਏ ਹਨ ਤੇ ਗਾਜ਼ਾ ਪੱਟੀ ਦੇ ਜ਼ਿਆਦਾਤਰ ਹਿੱਸੇ ਨੁਕਸਾਨੇ ਗਏ ਹਨ।

# ਅਮਰੀਕਾ ਵਿੱਚ ਭਾਰਤੀ ਵਿਦਿਆਰਥੀ ਦੀ ਭੇਦਭਰੀ ਮੌਤ

## ਪੁਲਿਸ ਨੇ ਮੌਤ ਪਿੱਛੇ ਕਿਸੇ ਸਾਜ਼ਿਸ਼ ਤੋਂ ਕੀਤਾ ਇਨਕਾਰ



ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਬੋਸਟਨ (ਮਾਸਾਚੂਸੈਟਸ) ਪੜ੍ਹਾਈ ਕਰਨ ਗਏ 20 ਸਾਲਾ ਭਾਰਤੀ ਵਿਦਿਆਰਥੀ ਅਭੀਜੀਤ ਪਰਚੂਰ ਦੀ ਭੇਦਭਰੀ ਮੌਤ ਹੋ ਜਾਣ ਦੀ ਖ਼ਬਰ ਹੈ। ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਪਰਚੂਰ ਮ੍ਰਿਤਕ ਹਾਲਤ ਵਿੱਚ ਮਿਲਿਆ ਹੈ। ਨਿਊਯਾਰਕ ਵਿਚਲੇ ਭਾਰਤੀ ਕੌਂਸਲਖਾਨੇ ਨੇ ਕਿਹਾ ਹੈ ਕਿ ਪੁਲਿਸ ਦੀ ਮੁੱਢਲੀ ਜਾਂਚ ਵਿੱਚ ਪਰਚੂਰ ਦੀ ਮੌਤ ਪਿੱਛੇ ਕਿਸੇ ਸਾਜ਼ਿਸ਼ ਨੂੰ ਰੱਦ ਕੀਤਾ ਗਿਆ ਹੈ ਤੇ ਕਿਹਾ ਹੈ ਕਿ ਇਹ ਇੱਕ ਆਮ ਮੌਤ ਲੱਗਦੀ ਹੈ ਹਾਲਾਂ ਕਿ ਮਾਮਲਾ ਅਜੇ ਜਾਂਚ ਅਧੀਨ ਹੈ। ਸੋਸ਼ਲ ਮੀਡੀਆ ਐਕਸ ਉੱਪਰ ਪਾਏ ਇੱਕ ਬਿਆਨ ਵਿੱਚ ਕੌਂਸਲਖਾਨੇ ਨੇ ਪਰਚੂਰ ਦੀ ਮੌਤ ਉੱਪਰ ਅਫਸੋਸ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਸ ਦੀ ਮ੍ਰਿਤਕ ਦੇਹ ਭਾਰਤ ਭੇਜਣ ਲਈ ਪ੍ਰਬੰਧ ਕੀਤੇ ਜਾ ਰਹੇ ਹਨ। ਕੌਂਸਲਖਾਨੇ ਨੇ ਇਹ ਵੀ ਕਿਹਾ ਹੈ ਕਿ ਪਰਚੂਰ ਦੀ ਮੌਤ ਦੇ ਕਾਰਨ ਦੀ ਜਾਂਚ ਹੋ ਰਹੀ ਹੈ ਤੇ ਵਿਦਿਆਰਥੀ ਦੇ ਮਾਪੇ ਜਾਂਚ ਕਾਰਾਂ ਦੇ ਸੰਪਰਕ ਵਿੱਚ ਹਨ। ਪਰਚੂਰ ਆਂਧਰਾ ਪ੍ਰਦੇਸ਼ ਦੇ ਗੰਟੂਰ ਦਾ ਰਹਿਣ ਵਾਲਾ ਸੀ ਤੇ ਉਹ ਬੋਸਟਨ ਯੂਨੀਵਰਸਿਟੀ ਵਿੱਚ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ। ਉਹ ਇੱਕ ਹੋਰ ਵਿਦਿਆਰਥੀ ਨਾਲ ਇੱਕ ਕਮਰੇ ਵਿੱਚ ਰਹਿੰਦਾ ਸੀ। ਪੁਲਿਸ ਨੇ ਉਸ ਦੀ ਲਾਸ਼ ਯੂਨੀਵਰਸਿਟੀ ਕੈਂਪਸ ਨੇੜੇ ਜੰਗਲੀ ਖੇਤਰ ਵਿੱਚ ਲਾਵਾਰਸ ਛੱਡੇ ਇੱਕ ਵਾਹਣ ਵਿਚੋਂ ਬਰਾਮਦ ਕੀਤੀ ਹੈ। ਇਸ ਸਾਲ ਭਾਰਤੀ ਮੂਲ ਦੇ ਕਿਸੇ ਵਿਅਕਤੀ ਨਾਲ ਵਾਪਰੀ ਇਸ ਕਿਸਮ ਦੀ ਇਹ 9 ਵੀਂ ਘਟਨਾ ਹੈ ਜਿਸ ਕਾਰਨ ਭਾਰਤੀ ਭਾਈਚਾਰੇ ਵਿੱਚ ਚਿੰਤਾ ਤੇ ਡਰ ਦੀ ਭਾਵਨਾ ਪਾਈ ਜਾ ਰਹੀ ਹੈ।

## 2 ਕਾਲੇ ਵਿਅਕਤੀਆਂ ਉੱਪਰ ਤਸ਼ੱਦਦ ਦਾ ਮਾਮਲਾ

# 6 ਸਾਬਕਾ ਗੋਰੇ ਪੁਲਿਸ ਅਫਸਰਾਂ ਨੂੰ 10 ਤੋਂ 40 ਸਾਲ ਤੱਕ ਕੈਦ ਦੀ ਸਜ਼ਾ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਜੈਕਸਨ (ਮਿਸੀਸਿੱਪੀ) ਵਿਖੇ ਜਨਵਰੀ 2023 ਵਿੱਚ 2 ਕਾਲੇ ਵਿਅਕਤੀਆਂ ਉੱਪਰ ਤਸ਼ੱਦਦ ਕਰਨ ਦੇ ਮਾਮਲੇ ਵਿੱਚ ਦੋਸ਼ੀ ਪਾਏ ਗਏ 6 ਮਿਸੀਸਿੱਪ ਲਾਅ ਇਨਫੋਰਸਮੈਂਟ ਦੇ 6 ਸਾਬਕਾ ਗੋਰੇ ਅਫਸਰਾਂ ਨੂੰ ਲੰਬਾ ਸਮਾਂ ਸੰਘੀ ਜੇਲ੍ਹ ਵਿੱਚ ਬਿਤਾਉਣਾ ਪਵੇਗਾ। ਇਨ੍ਹਾਂ ਸਾਰੇ ਸਾਬਕਾ ਡਿਪਟੀਆਂ ਨੇ ਆਪਣਾ ਗੁਨਾਹ ਮੰਨ ਲਿਆ ਸੀ। ਸੰਘੀ ਅਦਾਲਤ ਵਿੱਚ ਪਿਛਲੇ 3 ਦਿਨ ਸਜ਼ਾ ਸੁਣਾਉਣ ਲਈ ਹੋਈ ਸੁਣਵਾਈ ਦੌਰਾਨ ਆਖਰੀ ਸਾਬਕਾ ਪੁਲਿਸ ਅਫਸਰ ਜੋਸ਼ੂਆ ਹਾਰਟਫੀਲਡ ਨੂੰ ਜੱਜ ਨੇ 10 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਤੋਂ ਪਹਿਲਾਂ ਬਰੈਟ ਮੈਕਅਲਪਿਨ ਨੂੰ 27 ਸਾਲ ਤੋਂ ਵਧ ਕੈਦ ਦੀ ਸਜ਼ਾ ਸੁਣਾਈ। ਇਸ ਮਾਮਲੇ ਵਿੱਚ ਸਭ ਤੋਂ ਵਧ ਸਜ਼ਾ ਸਾਬਕਾ ਰੈਨਕਿਨ ਕਾਊਂਟੀ ਸ਼ੈਰਿਫ ਦੇ ਡਿਪਟੀ ਕ੍ਰਿਸਟੀਅਨ ਡੈਡਮੋਨ ਨੂੰ ਸੁਣਾਈ ਗਈ ਹੈ।

ਜੱਜ ਨੇ ਉਸ ਨੂੰ 40 ਸਾਲ ਜੇਲ ਦੀ ਸਜ਼ਾ ਸੁਣਾਉਂਦਿਆਂ ਕਿਹਾ ਕਿ ਉਸ ਨੇ ਇਸ ਘਟਨਾ ਵਿੱਚ ਬਹੁਤ ਘਿਣਾਉਣੀ ਭੂਮਿਕਾ ਨਿਭਾਈ ਹੈ। ਸਾਬਕਾ ਡਿਪਟੀ ਡੈਨੀਅਲ ਓਪਡੀਇਕ ਨੂੰ 17 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਤੋਂ ਪਹਿਲਾਂ ਰੈਨਕਿਨ ਕਾਊਂਟੀ ਦੇ ਸਾਬਕਾ ਡਿਪਟੀ ਹੰਟਰ ਐਲਵਾਰਡ ਨੂੰ 20 ਸਾਲ ਤੇ ਜੈਫਰੀ ਮਿਡਲਟਨ ਨੂੰ ਸਾਢੇ 17 ਸਾਲ ਜੇਲ੍ਹ ਦੀ ਸਜ਼ਾ ਸੁਣਾਈ। ਇਥੇ ਜ਼ਿਕਰਯੋਗ ਹੈ ਕਿ ਜਨਵਰੀ 2023 ਵਿੱਚ ਜੈਕਸਨ ਨੇੜੇ ਬਰੈਕਸਟਨ ਵਿਖੇ ਵਾਪਰੀ ਇਸ ਘਟਨਾ ਵਿੱਚ ਉਕਤ ਸਾਬਕਾ ਪੁਲਿਸ ਅਫਸਰ ਦੋ ਕਾਲੇ ਵਿਅਕਤੀਆਂ ਦੇ ਘਰ ਵਿੱਚ ਬਿਨਾਂ ਵਾਰੰਟ ਜਬਰਦਸਤੀ ਦਾਖਲ ਹੋਏ ਸਨ। ਹੱਥਕੜੀਆਂ ਵਿੱਚ ਜਕੜ ਕੇ ਮਾਈਕਲ ਜੈਨਕਿਨਸ ਤੇ ਐਡੀ ਪਾਰਕਰ ਨਾਮੀ ਕਾਲੇ ਵਿਅਕਤੀਆਂ ਉੱਪਰ ਅੰਨ੍ਹਾ ਤਸ਼ੱਦਦ ਕੀਤਾ ਸੀ। ਇਨ੍ਹਾਂ ਵਿਚੋਂ ਇੱਕ ਦੇ ਮੂੰਹ ਵਿੱਚ ਗੋਲੀ ਵੀ ਮਾਰੀ ਗਈ ਸੀ। ਐਫ ਬੀ ਆਈ ਡਾਇਰੈਕਟਰ ਕ੍ਰਿਸਟੋਫਰ ਵਰੇਅ ਅਨੁਸਾਰ ਗਵਾਂਢ ਵਿੱਚ ਰਹਿੰਦੇ ਇੱਕ ਵਿਅਕਤੀ ਵੱਲੋਂ ਸ਼ਿਕਾਇਤ ਕੀਤੀ ਗਈ ਸੀ ਕਿ ਇੱਕ ਗੋਰੀ ਦੇ ਘਰ ਰਹਿੰਦੇ ਅਨੇਕਾਂ ਕਾਲੇ ਵਿਅਕਤੀਆਂ ਦਾ ਵਿਵਹਾਰ ਸ਼ੱਕੀ ਹੈ। ਇਸ ਉਪਰੰਤ ਸਾਬਕਾ ਪੁਲਿਸ ਅਫਸਰਾਂ ਨੇ ਕਾਲੇ ਵਿਅਕਤੀਆਂ ਉੱਪਰ 2 ਘੰਟੇ ਤੱਕ ਤਸ਼ੱਦਦ ਕੀਤਾ ਸੀ। ਸੁਣਵਾਈ ਦੌਰਾਨ ਦੋਸ਼ੀ 6 ਸਾਬਕਾ ਪੁਲਿਸ ਅਫਸਰਾਂ ਨੇ ਪੀੜਤ ਪਰਿਵਾਰ ਕੋਲੋਂ ਮੁਆਫੀ ਵੀ ਮੰਗੀ ਪਰੰਤੂ ਜੱਜ ਨੇ ਮੁਆਫੀ ਨੂੰ ਮੂਲੋਂ ਹੀ ਰੱਦ ਕਰ ਦਿੱਤਾ। ਇਸ ਤੋਂ ਇਲਾਵਾ ਇਨ੍ਹਾਂ ਸਾਬਕਾ ਪੁਲਿਸ ਅਫਸਰਾਂ ਨੇ ਪਿਛਲੇ ਸਾਲ ਸਟੇਟ ਵੱਲੋਂ ਲਾਏ ਇਸੇ ਹੀ ਮਾਮਲੇ ਵਿੱਚ ਤਸ਼ੱਦਦ ਦੇ ਦੋਸ਼ਾਂ ਨੂੰ ਮੰਨ ਲਿਆ ਸੀ ਜਿਸ ਬਾਰੇ ਸਜ਼ਾ ਅਜੇ ਸੁਣਾਈ ਜਾਣੀ ਹੈ।

# ਅਮਰੀਕਾ ਵਿੱਚ ਅਗਵਾ ਦਾ ਨਾਟਕ ਕਰਨ ਵਾਲੀ ਔਰਤ ਨੂੰ ਨਹੀਂ ਜਾਣਾ ਪਵੇਗਾ ਜੇਲ੍ਹ

## ਪ੍ਰਸ਼ਾਸਨਿਕ ਨਿਗਰਾਨੀ ਹੇਠ ਕੱਟਣਾ ਪਵੇਗਾ ਇੱਕ ਸਾਲ ਤੇ ਦੇਣਾ ਪਵੇਗਾ 17000 ਡਾਲਰ ਤੋਂ ਵਧ ਦਾ ਮੁਆਵਜ਼ਾ



ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਹੂਵਰ ਸ਼ਹਿਰ (ਅਲਾਬਾਮਾ) ਦੀ ਕਾਰਲੀ ਰਸਲ ਨਾਮੀ ਔਰਤ, ਜਿਸ ਨੇ ਪਿਛਲੇ ਸਾਲ ਖੁਦ ਹੀ ਅਗਵਾ ਦਾ ਨਾਟਕ ਰਚਿਆ ਸੀ, ਨੇ ਅਦਾਲਤ ਵਿੱਚ ਆਪਣਾ ਦੋਸ਼ ਮੰਨ ਲਿਆ ਤੇ ਮੁਆਫ਼ੀ ਮੰਗੀ ਅਦਾਲਤ ਵਿੱਚ ਕਾਰਲੀ ਰਸਲ ਨੇ ਕਿਹਾ ਕਿ ਮੈਂ ਜਦੋਂ ਵੱਖ- ਵੱਖ ਭਾਵਨਾਤਮਿਕ ਤੇ ਪ੍ਰੇਸ਼ਾਨੀ ਵਾਲੇ ਮੁੱਦਿਆਂ ਦਾ ਸਾਹਮਣਾ ਕਰ ਰਹੀ ਸੀ ਤਾਂ ਮੇਰੇ ਕੋਲੋਂ ਬਹੁਤ ਵੱਡੀ ਭੁੱਲ ਹੋਈ ਹੈ। ਮੈਂ ਬਹੁਤ ਨਾਕਾਰਾਤਮਿਕ ਦੌਰ ਵਿਚੋਂ ਲੰਘ ਰਹੀ ਸੀ। ਮੈਂ ਆਪਣੇ ਪਰਿਵਾਰ, ਆਪਣੇ ਚਰਚ ਪਰਿਵਾਰ, ਮਿੱਤਰਾਂ-ਦੋਸਤਾਂ, ਭਾਈਚਾਰੇ ਤੇ ਉਨ੍ਹਾਂ ਸਾਰਿਆਂ, ਜੋ ਮੈਨੂੰ ਲੱਭਣ ਲਈ ਸਿੱਧੇ ਤੌਰ 'ਤੇ ਸ਼ਾਮਿਲ ਸਨ, ਨੂੰ ਦਿੱਤੇ ਦੁੱਖ ਤੇ ਸ਼ਰਮਿੰਦਗੀ ਲਈ ਜਿੰਮੇਵਾਰ ਹਾਂ ਤੇ ਇਸ ਲਈ ਮੁਆਫ਼ੀ ਮੰਗਦੀ ਹਾਂ। ਜੱਜ ਨੇ ਉਸ ਨੂੰ ਇੱਕ ਸਾਲ ਨਿਗਰਾਨੀ ਹੇਠ ਰਹਿਣ ਦੀ ਸਜ਼ਾ ਸੁਣਾਈ ਤੇ ਇਸ ਤੋਂ ਇਲਾਵਾ 100 ਘੰਟੇ ਸਮਾਜ ਸੇਵਾ ਕਰਨ ਤੇ ਸਿਟੀ ਆਫ਼ ਹੂਵਰ, ਅਲਬਾਮਾ ਨੂੰ 17974 ਡਾਲਰ ਦੀ ਮੁਆਵਜ਼ੇ ਵਜੋਂ ਅਦਾਇਗੀ ਕਰਨ ਦਾ ਆਦੇਸ਼ ਦਿੱਤਾ। ਜੱਜ ਨੇ ਕਿਹਾ ਕਿ ਮਾਨਸਿਕ ਹਾਲਤ ਸਬੰਧੀ ਡਾਕਟਰੀ ਇਲਾਜ ਉਸ ਦੇ ਪ੍ਰੋਬੇਸ਼ਨ ਸਮੇਂ ਦੀ ਸ਼ਰਤ ਹੈ ਤੇ ਇਸ ਨੂੰ ਜਾਰੀ ਰੱਖਣਾ ਪਵੇਗਾ। ਜੁਲਾਈ 2023 ਵਿੱਚ ਭੇਦ ਭਰੇ ਹਾਲਾਤ ਵਿੱਚ ਲਾਪਤਾ ਹੋਣ ਤੋਂ ਬਾਅਦ ਰਸਲ ਚਰਚਾ ਵਿੱਚ ਆਈ ਸੀ। ਉਸ ਦੇ ਲਾਪਤਾ ਹੋਣ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਨੇ ਉਸ ਦੀ ਕਾਰ ਤੇ ਕੁਝ ਨਿੱਜੀ ਸਮਾਨ ਬਰਾਮਦ ਕੀਤਾ ਸੀ ਪਰੰਤੂ ਉਹ ਨਹੀਂ ਮਿਲੀ ਸੀ। ਪੁਲਿਸ ਵੱਲੋਂ 49 ਘੰਟੇ ਉਸ ਦੀ ਭਾਲ ਕਰਨ ਉਪਰੰਤ ਉਹ ਖੁਦ ਹੀ ਘਰ ਪਰਤ ਆਈ ਸੀ ਜਿਸ ਉਪਰੰਤ ਉਸ ਨੇ ਕਿਹਾ ਕਿ ਉਹ ਕਿਸੇ ਤਰਾਂ ਅਗਵਾ ਕਾਰਾਂ ਦੇ ਚੁਗਲ ਵਿਚੋਂ ਬੱਚ ਨਿਕਲੀ ਹੈ। ਜਾਂਚ ਉਪਰੰਤ ਉਸ ਦੀ ਅਗਵਾ ਦੀ ਘਟਨਾ ਝੂਠੀ ਨਿਕਲੀ।

# ਐਡੀਲੇਡ ਵਿੱਚ 36ਵੀਆਂ ਆਸਟਰੇਲੀਅਨ ਸਿੱਖ ਖੇਡਾਂ 29 ਮਾਰਚ ਤੋਂ

ਐਡੀਲੇਡ/ਏ.ਟੀ.ਨਿਊਜ਼ :ਐਡੀਲੇਡ ਹਾਈ ਸਕੂਲ ਦੇ ਖੇਡ ਮਦਾਨ ਵਿੱਚ 29 , 30 ਅਤੇ 31 ਮਾਰਚ ਨੂੰ 36ਵੀਆਂ ਆਸਟਰੇਲੀਅਨ ਸਿੱਖ ਖੇਡਾਂ ਹੋ ਰਹੀਆਂ ਹਨ। ਆਸਟਰੇਲੀਅਨ ਸਿੱਖ ਖੇਡਾਂ ਸਾਊਥ ਆਸਟ੍ਰੇਲੀਆ ਦੇ ਪ੍ਰਧਾਨ ਸ. ਬਲਵੰਤ ਸਿੰਘ , ਉਪ ਪ੍ਰਧਾਨ ਸੁਖਵਿੰਦਰ ਪਾਲ ਸਿੰਘ ਬੱਲ, ਸਕੱਤਰ ਮਹਾਂਬੀਰ ਸਿੰਘ ਗਰੇਵਾਲ, ਖ਼ਜ਼ਾਨਚੀ ਪਰਮਿੰਦਰ ਸਿੰਘ, ਖੇਡ ਪ੍ਰਬੰਧ ਇੰਚਾਰਜ ਹਰਜਿੰਦਰ ਸਿੰਘ ਲਸਾੜਾ, ਸੱਭਿਆਚਾਰ ਗਤੀਵਿਧੀਆਂ ਦੇ ਇੰਚਾਰਜ ਰਾਜਵੰਤ ਸਿੰਘ ਅਤੇ ਔਰਤਾਂ ਦੀ ਨੁਮਾਇੰਦਗੀ ਲਈ ਈਸ਼ਾਰੀਤ ਕੌਰ ਨਾਗਰਾ, ਜੈਸਮੀਨ ਕੌਰ ਪਾਂਗਲੀ ਆਦਿ ਅਨੁਸਾਰ ਤਿੰਨ ਰੋਜ਼ਾ ਆਸਟਰੇਲੀਅਨ ਸਿੱਖ ਖੇਡਾਂ ਦੌਰਾਨ ਸਿੱਖ ਖੇਡਾਂ ਤੋਂ ਇੱਕ ਦਿਨ ਪਹਿਲਾਂ 28 ਮਾਰਚ ਨੂੰ ਜੈਸਮੀਨ ਕੌਰ ਪਾਂਗਲੀ ਤੇ ਇਸ਼ਾਰੀਤ ਕੌਰ ਨਾਗਰਾ ਦੀ ਨਿਗਰਾਨੀ ਵਿੱਚ ਵਿਮੈਨ ਨਾਇਟ ਹੋਵੇਗੀ , ਜਿਸ ਵਿੱਚ ਸਿੱਖ ਸਮਾਜ ਵਿੱਚ ਚੰਗੇ ਮੁਕਾਮ 'ਤੇ ਪਹੁੰਚੀਆਂ ਮਹਿਲਾਵਾਂ ਨਾਲ ਰੂ-ਬ-ਰੂ ਕਰਾਇਆ ਜਾਵੇਗਾ ਜੋ ਨਵੀਂ ਪੀੜ੍ਹੀ ਲਈ ਪ੍ਰੇਰਨਾ ਸ੍ਰੋਤ ਹੋ ਨਿਬੜੇਗੀ , 29 ਮਾਰਚ ਨੂੰ ਸਿੱਖ ਖੇਡਾਂ ਦੀ ਓਪਨਿੰਗ ਮਗਰੋਂ ਖੇਡਾਂ ਦਾ ਆਗਾਜ਼ ਹੋਵੇਗਾ। ਖੇਡਾਂ ਦੇ ਦੂਸਰੇ ਦਿਨ 30 ਮਾਰਚ ਨੂੰ ਲੜਕੇ-ਲੜਕੀਆਂ ਦੀਆਂ ਟੀਮਾਂ ਸ਼ੌਕਰ, ਵਾਲੀਬਾਲ, ਕ੍ਰਿਕਟ, ਹਾਕੀ, ਨੈੱਟਬਾਲ, ਰੱਸ਼ਾਕੱਸੀ, ਦੌੜਾਂ ਆਦਿ ਤੋਂ ਇਲਾਵਾ ਪੰਜਾਬੀ ਦੀ ਮਕਬੂਲ ਖੇਡ ਕਬੱਡੀ ਸਮੇਤ ਹੋਰ ਪੇਂਡੂ ਖੇਡਾਂ ਦੇ ਮੁਕਾਬਲੇ ਕਰਾਏ ਜਾਣਗੇ ਅਤੇ ਇਸੇ ਦਿਨ ਰਾਤ ਨੂੰ ਸਿੱਖ ਭਾਈਚਾਰੇ ਤੇ ਸਿੱਖੀ ਵਿਰਾਸਤ ਦੀ ਤਰਜਮਾਨੀ ਕਰਦਾ ਸੱਭਿਆਚਾਰਿਕ ਪ੍ਰੋਗਰਾਮ ਹੋਵੇਗਾ।

ਸਿੱਖ ਖੇਡਾਂ ਦੇ ਆਖ਼ਰੀ ਫਾਈਨਲ ਵਿੱਚ ਪੁੱਜੀਆਂ ਖੇਡ ਟੀਮਾਂ ਦੇ ਫਾਈਨਲ ਮੁਕਾਬਲੇ ਹੋਣਗੇ ਤੇ ਜੇਤੂ ਟੀਮਾਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਆਸਟਰੇਲੀਅਨ ਸਿੱਖ ਖੇਡਾਂ ਕਰਾਉਣ ਲਈ ਪ੍ਰਬੰਧ ਮੁਕੰਮਲ ਕਰ ਲਏ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਰਤ ਬਣ ਰਿਹੈ ਅਮਰੀਕਾ ਦਾ ਸਭ ਤੋਂ ਵੱਡਾ ਮਿਲਟਰੀ ਟਰੇਨਿੰਗ ਪਾਰਟਨਰ

## ਦੋਵੇਂ ਦੇਸ਼ਾਂ ਦਾ ਸ਼ੁਰੂ ਹੋਇਆ ਅਭਿਆਸ ਭਾਰਤ ਦੇ ਪੂਰਬੀ ਸਮੁੰਦਰੀ ਤੱਟ ਤੋਂ 31 ਮਾਰਚ ਤੱਕ ਜਾਰੀ ਰਹੇਗਾ

### ਦੋਵੇਂ ਦੇਸ਼ ਚੀਨ ਨੂੰ ਰੋਕਣ ਦੀ ਵਿਉਂਤਬੰਦੀ ਕਰਨ ਲੱਗੇ

ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤ ਹਾਲ ਹੀ ਵਿੱਚ ਅਮਰੀਕਾ ਦਾ ਸਭ ਤੋਂ ਵੱਡਾ ਫ਼ੌਜੀ ਸਿਖਲਾਈ ਭਾਈਵਾਲ ਬਣ ਕੇ ਉਭਰਿਆ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਦੋਵੇਂ ਚੀਨ ਦੇ ਵਿਸਥਾਰਵਾਦੀ ਰਵੱਈਏ ਨੂੰ ਠੱਲ੍ਹ ਪਾਉਣਾ ਚਾਹੁੰਦੇ ਹਨ। ਪਿਛਲੇ ਪੰਦਰਵਾੜੇ ਦੌਰਾਨ, ਅਮਰੀਕਾ ਨੇ ਭਾਰਤ, ਥਾਈਲੈਂਡ, ਦੱਖਣੀ ਕੋਰੀਆ ਅਤੇ ਜਾਪਾਨ ਸਮੇਤ ਚਾਰ ਅਜਿਹੇ ਪ੍ਰਮੁੱਖ ਬਹੁ-ਪੱਖੀ ਅਭਿਆਸਾਂ ਵਿੱਚ ਹਿੱਸਾ ਲਿਆ ਸੀ। ਯੂ. ਐਸ. ਫ਼ੋਰਸਿਜ਼ ਪੈਸੀਫ਼ਿਕ ਦੇ ਕਮਾਂਡਰ ਜਨਰਲ ਚਾਰਲਸ ਫ਼ਲਿਨ ਦਾ ਕਹਿਣਾ ਹੈ ਕਿ ਹਿੰਦ-ਪ੍ਰਸ਼ਾਂਤ ਸਾਗਰ ਵਿੱਚ ਅਮਰੀਕਾ ਦੇ ਸਹਿਯੋਗੀ ਅਤੇ ਭਾਈਵਾਲ ਵਧੇਰੇ ਬਹੁਪੱਖੀ ਅਤੇ ਬਹੁਰਾਸ਼ਟਰੀ ਅਭਿਆਸਾਂ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ।

ਯੂਰੇਸ਼ੀਅਨ ਟਾਈਮਜ਼ ਦੀ ਰਿਪੋਰਟ ਅਨੁਸਾਰ, ਭਾਰਤ ਅਤੇ ਅਮਰੀਕਾ ਵਿਚਾਲੇ ਟਾਈਗਰ-ਟ੍ਰਾਇੰਫ਼-24 ਨਾਮਕ ਦੁਵੱਲੀ ਤਿਕੋਣੀ ਸੇਵਾ ਮਾਨਵੀ ਸਹਾਇਤਾ ਅਤੇ ਆਫ਼ਤ ਰਾਹਤ ਅਭਿਆਸ 18 ਮਾਰਚ ਨੂੰ ਸ਼ੁਰੂ ਹੋਇਆ ਸੀ ਅਤੇ ਭਾਰਤ ਦੇ ਪੂਰਬੀ ਸਮੁੰਦਰੀ ਤੱਟ ਤੋਂ 31 ਮਾਰਚ ਤੱਕ ਜਾਰੀ ਰਹੇਗਾ। ਇਸ ਅਭਿਆਸ ਵਿੱਚ ਹੈਲੀਕਾਪਟਰ ਅਤੇ ਲੈਂਡਿੰਗ ਕਰਾਫ਼ਟ ਦੇ ਨਾਲ ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼, ਭਾਰਤੀ ਫ਼ੌਜ ਦੇ ਕਰਮਚਾਰੀ, ਵਾਹਨ, ਭਾਰਤੀ ਹਵਾਈ ਫ਼ੌਜੀ ਜਹਾਜ਼ ਅਤੇ ਹੈਲੀਕਾਪਟਰ, ਰੈਪਿਡ ਐਕਸ਼ਨ ਮੈਡੀਕਲ ਟੀਮਾਂ ਸ਼ਾਮਲ ਹਨ। ਯੂਐਸ ਦੀ ਨੁਮਾਇੰਦਗੀ ਯੂਐਸ ਨੇਵੀ ਦੇ ਜੰਗੀ ਬੇੜੇ ਅਤੇ ਯੂਐਸ ਮਰੀਨ ਕੋਰ ਅਤੇ ਯੂ.ਐਸ. ਆਰਮੀ ਦੇ ਫ਼ੌਜੀ ਕਰ ਰਹੇ ਹਨ।



ਅਮਰੀਕਾ ਨੇ ਇਸੇ ਤਰ੍ਹਾਂ ਥਾਈਲੈਂਡ ਦੁਆਰਾ ਅਯੋਜਿਤ ਬਹੁਪੱਖੀ ਅਭਿਆਸ ਕੋਬਰਾ ਗੋਲਡ 2024 ਵਿੱਚ ਹਿੱਸਾ ਲਿਆ ਸੀ, ਜੋ 27 ਫ਼ਰਵਰੀ ਨੂੰ ਸ਼ੁਰੂ ਹੋਇਆ ਅਤੇ 8 ਮਾਰਚ ਨੂੰ ਸਮਾਪਤ ਹੋਇਆ ਸੀ। 17 ਮਾਰਚ ਨੂੰ, ਅਮਰੀਕਾ ਅਤੇ ਜਾਪਾਨ ਨੇ ਦੁਵੱਲਾ ਸਾਲਾਨਾ ਅਭਿਆਸ 'ਆਇਰਨ ਫ਼ਿਸਟ 24' ਨੂੰ ਸਮਾਪਤ ਕੀਤਾ ਸੀ। ਇਹ ਅਭਿਆਸ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਸੀ, ਕਿਉਂਕਿ ਇਹ ਅਭਿਆਸ 2023 ਤੱਕ ਕੈਲੀਫ਼ੋਰਨੀਆ ਵਿੱਚ ਹੋ ਰਿਹਾ ਸੀ।

ਇਸ ਸਾਲ ਇਹ ਓਕਿਨੋਏਰਾਬੂਵ ਅਤੇ ਓਕੀਨਾਵਾ ਦੇ ਦੱਖਣ-ਪੱਛਮੀ ਟਾਪੂਆਂ ਦੇ ਆਲੇ-ਦੁਆਲੇ ਜਾਪਾਨ ਵਿੱਚ ਅਭਿਆਸ ਹੋਇਆ। ਇਹ ਉਹ ਇਲਾਕਾ ਹੈ ਜਿੱਥੇ ਸੇਨਕਾਕੂ ਟਾਪੂਆਂ 'ਤੇ ਚੀਨੀ ਦਾਅਵਿਆਂ ਕਾਰਨ ਟੋਕੀਓ ਦੇ ਲਈ ਬਹੁਤ ਚਿੰਤਾ ਦਾ ਵਿਸ਼ਾ ਮੰਨਿਆ ਜਾਂਦਾ ਹੈ। ਚੀਨੀ ਫ਼ੌਜ ਨੇ ਇਸ ਖੇਤਰ ਦੇ ਨੇੜੇ ਅੰਤਰਰਾਸ਼ਟਰੀ ਪਾਣੀਆਂ ਵਿੱਚ ਆਪਣੇ ਜਹਾਜ਼ ਤਾਇਨਾਤ ਕੀਤੇ ਹੋਏ ਹਨ।

ਭਾਰਤ ਬਣ ਰਿਹੈ ਅਮਰੀਕਾ ਦਾ ਸਭ ਤੋਂ ਵੱਡਾ ਭਾਈਵਾਲ

ਭਾਰਤ ਹੁਣ ਰੂਸ -ਚੀਨ ਨਾਲੋਂ ਅਮਰੀਕਾ ਨਾਲ ਵਧੇਰੇ ਅਭਿਆਸ ਅਤੇ ਅਮਲੇ ਦਾ ਆਦਾਨ-ਪ੍ਰਦਾਨ ਕਰ ਰਿਹਾ ਹੈ। ਅਮਰੀਕਾ ਅਤੇ ਭਾਰਤੀ ਵਿਸ਼ੇਸ਼ ਬਲਾਂ ਨੇ 2010 ਤੋਂ ਹੁਣ ਤੱਕ 14 ਸੰਯੁਕਤ ਅਭਿਆਸ ਕੀਤੇ ਹਨ।

ਇਸ ਤੋਂ ਇਲਾਵਾ, ਅਮਰੀਕਾ ਦੇ ਵਿਸ਼ੇਸ਼ ਬਲਾਂ ਦੇ ਸੈਂਕੜੇ ਸੈਨਿਕਾਂ ਨੇ ਭਾਰਤ ਦੇ ਕਾਊਂਟਰ-ਇਨਸਰਜੈਂਸੀ ਜੰਗਲ ਵਾਰਫ਼ੇਅਰ ਸਕੂਲ ਵਿੱਚ ਹਿੱਸਾ ਲਿਆ ਸੀ। ਇਸ ਪਲਟੂਨ ਪੱਧਰੀ ਅਭਿਆਸ ਦਾ ਸਭ ਤੋਂ ਤਾਜ਼ਾ ਸੰਸਕਰਣ ਨਵੰਬਰ 2023 ਵਿੱਚ ਉੱਤਰ-ਪੂਰਬੀ ਭਾਰਤ ਵਿੱਚ ਕਰਵਾਇਆ ਗਿਆ ਸੀ। ਦੋਵਾਂ ਦੇਸ਼ਾਂ ਦੀਆਂ ਹਵਾਈ ਫ਼ੌਜਾਂ ਨੂੰ ਸ਼ਾਮਲ ਕਰਨ ਵਾਲਾ 'ਕਾਪ ਇੰਡੀਆ' ਪਿਛਲੇ ਅਪ੍ਰੈਲ ਵਿੱਚ ਆਯੋਜਿਤ ਕੀਤਾ ਗਿਆ ਸੀ ਅਤੇ ਕਿਹਾ ਜਾਂਦਾ ਹੈ ਕਿ ਇਹ 2004 ਵਿੱਚ ਸ਼ੁਰੂ ਹੋਣ ਤੋਂ ਬਾਅਦ ਇਹ ਸਭ ਤੋਂ ਵੱਡਾ ਦੁਹਰਾਓ ਕਿਹਾ ਜਾਂਦਾ ਹੈ। ਇਸ ਵਿੱਚ ਅਮਰੀਕੀ ਹਵਾਈ ਸੈਨਾ ਦੇ ਬੀ-1ਬੀ ਬੰਬਾਰ ਅਤੇ ਐਫ਼-15 ਲੜਾਕੂ ਜਹਾਜ਼ਾਂ ਦੀ ਸ਼ਮੂਲੀਅਤ ਹੈ।

ਅਮਰੀਕਾ-ਭਾਰਤ ਦੁਵੱਲੇ ਅਭਿਆਸਾਂ ਵਿੱਚ 'ਤਰਕਸ਼' ਸੰਯੁਕਤ ਜ਼ਮੀਨੀ ਬਲ-ਅੱਤਵਾਦ ਵਿਰੋਧੀ ਅਭਿਆਸ ਸ਼ਾਮਲ ਹੈ, ਜਿਸ ਵਿੱਚ ਅਮਰੀਕਾ ਦੇ ਵਿਸ਼ੇਸ਼ ਬਲ ਅਤੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਗਾਰਡ ਦੇ ਜਵਾਨ ਸ਼ਾਮਲ ਹਨ। ਇਹ ਅਭਿਆਸ ਇੱਕ ਸਾਂਝੇ ਵਿਰੋਧੀ ਲਈ ਇੱਕ 'ਰਣਨੀਤਕ ਸੰਕੇਤ' ਵਜੋਂ ਵੀ ਕੰਮ ਕਰਦੇ ਹਨ ਕਿ ਲੋੜ ਪੈਣ 'ਤੇ ਸਥਿਤੀ ਨਾਲ ਨਜਿੱਠਣ ਲਈ ਸਹਿਯੋਗੀ ਇੱਕ ਦੂਜੇ ਦੀ ਮਦਦ ਕਰਨ। ਇੰਡੋ-ਪੈਸੀਫ਼ਿਕ ਵਿੱਚ ਭਾਰਤ ਤੇ ਅਮਰੀਕਾ ਦਾ ਸਾਂਝਾ ਵਿਰੋਧੀ ਚੀਨ ਹੈ।

# ਮਾਸਕੋ ਵਿੱਚ ਇਸਲਾਮਿਕ ਸਟੇਟ ਵੱਲੋਂ ਅਤਿਵਾਦੀ ਹਮਲੇ ਕਾਰਨ 143 ਮੌਤਾਂ ਤੇ ਕਈ ਜ਼ਖ਼ਮੀ

## ➢ ਰੂਸ ਪਹਿਲਾਂ ਵੀ ਰਿਹਾ ਇਸਲਾਮਿਕ ਸਟੇਟ ਦੇ ਨਿਸ਼ਾਨੇ 'ਤੇ ➢ ਵਾਪਰ ਰਿਹਾ ਘਟਨਾਕ੍ਰਮ ਦੁਨੀਆਂ ਭਰ ਲਈ ਖ਼ਤਰੇ ਦੀ ਘੰਟੀ

ਮਾਸਕੋ/ਏ.ਟੀ.ਨਿਊਜ਼ : ਰੂਸ ਦੀ ਰਾਜਧਾਨੀ ਮਾਸਕੋ ਵਿੱਚ ਬੀਤੇ ਦਿਨੀਂ ਵੱਡੇ ਸਮਾਗਮ ਵਾਲੀ ਥਾਂ 'ਤੇ ਅੱਤਵਾਦੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ 143 ਵਿਅਕਤੀਆਂ ਦੀ ਮੌਤ ਹੋ ਗਈ ਅਤੇ 145 ਤੋਂ ਵੱਧ ਜ਼ਖਮੀ ਹੋ ਗਏ। ਹਮਲਾਵਰਾਂ ਨੇ ਗੋਲੀਬਾਰੀ ਤੋਂ ਬਾਅਦ ਘਟਨਾ ਵਾਲੀ ਥਾਂ ਨੂੰ ਅੱਗ ਲਗਾ ਦਿੱਤੀ। ਇਸਲਾਮਿਕ ਸਟੇਟ ਅਤਿਵਾਦੀ ਸਮੂਹ ਨੇ ਹਮਲੇ ਦੀ ਜ਼ਿੰਮੇਦਾਰੀ ਲਈ ਹੈ। ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਇਸ ਘਟਨਾ ਦੀ ਸੂਚਨਾ ਹਮਲਾਵਰਾਂ ਦੇ 'ਕ੍ਰੋਕਸ ਸਿਟੀ ਹਾਲ' 'ਤੇ ਹਮਲਾ ਕਰਨ ਤੋਂ ਕੁਝ ਮਿੰਟਾਂ ਬਾਅਦ ਦਿੱਤੀ ਗਈ। ਹਾਲ ਮਾਸਕੋ ਦੇ ਪੱਛਮੀ ਕਿਨਾਰੇ ਵਿੱਚ ਸਥਿਤ ਵਿਸ਼ਾਲ ਸੰਗੀਤ ਸਥਾਨ ਹੈ, ਜਿਸ ਵਿੱਚ 6,200 ਲੋਕ ਬੈਠ ਸਕਦੇ ਹਨ। ਇਹ ਹਮਲਾ ਉਸ ਸਮੇਂ ਹੋਇਆ ਜਦੋਂ ਮਸ਼ਹੂਰ ਰੂਸੀ ਰਾਕ ਬੈਂਡ 'ਪਿਕਨਿਕ' ਦੇ ਸੰਗੀਤ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਕ੍ਰੋਕਸ ਸਿਟੀ ਹਾਲ ਵਿੱਚ ਲੋਕਾਂ ਦੀ ਭੀੜ ਇਕੱਠੀ ਹੋਈ ਸੀ।



ਭਾਵੇਂ ਅਫ਼ਗਾਨਿਸਤਾਨ ਵਿਚਲੇ ਸੰਗਠਨ ਨਾਲ ਸੰਬੰਧਿਤ ਜਥੇਬੰਦੀ ਇਸਲਾਮਿਕ ਸਟੇਟ ਨੇ ਇਸ ਘਟਨਾ ਦੀ ਜ਼ਿੰਮੇਵਾਰੀ ਲਈ ਹੈ, ਪਰ ਰੂਸੀ ਪ੍ਰਸ਼ਾਸਨ ਵੱਲੋਂ ਇਸ ਹਮਲੇ ਲਈ ਯੂਕਰੇਨ 'ਤੇ ਵੀ ਉਂਗਲੀ ਉਠਾਈ ਜਾ ਰਹੀ ਹੈ, ਕਿਉਂਕਿ ਪਿਛਲੇ ਦੋ ਸਾਲਾਂ ਤੋਂ ਇਨ੍ਹਾਂ ਦੋਵਾਂ ਦੇਸ਼ਾਂ ਵਿਚਾਲੇ ਭਿਆਨਕ ਜੰਗ ਚੱਲ ਰਹੀ ਹੈ। ਇਸ ਜੰਗ ਦੌਰਾਨ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲਿਆਂ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਯੂਕਰੇਨ ਦੇ ਬਹੁਤ ਵੱਡੇ ਹਿੱਸੇ ਵਿੱਚ ਤਬਾਹੀ ਦੇ ਮੰਜ਼ਰ ਦਿਖਾਈ ਦੇ ਰਹੇ ਹਨ। ਇਸ ਜੰਗ ਦੌਰਾਨ ਰੂਸ ਨੇ ਯੂਕਰੇਨ ਦੇ ਕਈ ਮਹੱਤਵਪੂਰਨ ਜ਼ਿਲ੍ਹਿਆਂ 'ਤੇ ਕਬਜ਼ਾ ਵੀ ਕਰ ਲਿਆ ਸੀ ਪਰ ਯੂਕਰੇਨ ਨੇ ਆਪਣੇ ਵੱਲੋਂ ਥੀਏਟਰ 'ਤੇ ਕੀਤੇ ਗਏ ਇਸ ਹਮਲੇ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ ਅਤੇ ਇਸ ਵਿੱਚ ਯੂਕਰੇਨ ਨੇ ਕਿਸੇ ਵੀ ਤਰ੍ਹਾਂ ਦਾ ਉਸ ਦਾ ਕੋਈ ਦਖ਼ਲ ਨਾ ਹੋਣ ਦੀ ਗੱਲ ਕਹੀ ਹੈ।

ਜਿਥੋਂ ਤਕ ਇਸਲਾਮਿਕ ਗਰੁੱਪਾਂ ਦਾ ਸੰਬੰਧ ਹੈ, ਇਹ ਪਹਿਲਾਂ ਵੀ ਰੂਸ 'ਤੇ ਸਮੇਂ-ਸਮੇਂ ਗੁਰੀਲਾ ਹਮਲੇ ਕਰਦੇ ਰਹੇ ਹਨ। ਸਾਲ 2004 ਵਿੱਚ ਇੱਕ ਇਸਲਾਮਿਕ ਜਥੇਬੰਦੀ ਨੇ ਹੀ ਰੂਸ ਦੇ ਦੱਖਣੀ ਭਾਗ ਬੇਸਲਾਨ ਵਿੱਚ ਇੱਕ ਸਕੂਲ ਉੱਤੇ ਹਮਲਾ ਕਰਕੇ ਉਥੇ ਵਿਦਿਆਰਥੀਆਂ ਸਮੇਤ ਬਹੁਤ ਸਾਰੇ ਲੋਕਾਂ ਨੂੰ ਬੰਦੀ ਬਣਾ ਲਿਆ ਸੀ। ਇਸ ਘਟਨਾ ਵਿੱਚ ਹਮਲਾਵਰਾਂ ਸਮੇਤ 380 ਲੋਕ ਮਾਰੇ ਗਏ ਸਨ। ਇਸੇ ਤਰ੍ਹਾਂ ਸਾਲ 2010 ਵਿੱਚ ਵੀ ਮਾਸਕੋ ਦੇ ਇੱਕ ਜ਼ਮੀਨਦੋਜ਼ ਰੇਲਵੇ ਸਟੇਸ਼ਨ 'ਤੇ ਕੁਝ ਅੱਤਵਾਦੀਆਂ ਵੱਲੋਂ ਹਮਲਾ ਕੀਤਾ ਗਿਆ ਸੀ, ਜਿਸ ਵਿੱਚ 40 ਲੋਕ ਮਾਰੇ ਗਏ ਸਨ। ਇਸੇ ਹੀ ਕੜੀ ਵਿੱਚ ਸਾਲ 2017 ਵਿੱਚ ਰੂਸ ਦੇ ਦੂਸਰੇ ਵੱਡੇ ਸ਼ਹਿਰ ਸੇਂਟ ਪੀਟਰਜ਼ਬਰਗ ਵਿੱਚ ਵੀ ਇੱਕ ਜ਼ਮੀਨਦੋਜ਼ ਪਲੇਟਫ਼ਾਰਮ 'ਤੇ ਕੀਤੇ ਇੱਕ ਆਤਮਘਾਤੀ ਹਮਲੇ ਵਿੱਚ 16 ਲੋਕ ਮਾਰੇ ਗਏ ਸੀ।

ਇਸ ਭਿਆਨਕ ਘਟਨਾ ਦੇ ਵਾਪਰਨ ਤੋਂ ਬਾਅਦ ਪੂਤਿਨ ਵੱਲੋਂ ਦਿੱਤੀ ਧਮਕੀ ਤੋਂ ਪਿੱਛੋਂ ਘਟਨਾਕ੍ਰਮ ਕੀ ਰੁਖ਼ ਅਖ਼ਤਿਆਰ ਕਰਦਾ ਹੈ, ਇਸ ਦਾ ਅੰਦਾਜ਼ਾ ਲਗਾਇਆ ਜਾਣਾ ਮੁਸ਼ਕਿਲ ਹੈ ਕਿਉਂਕਿ ਇਸਲਾਮਿਕ ਸਟੇਟ ਜਥੇਬੰਦੀ ਦੇ ਰੂਸ ਪਹਿਲਾਂ ਵੀ ਨਿਸ਼ਾਨੇ 'ਤੇ ਰਿਹਾ ਹੈ। ਰੂਸ ਦੇ ਮੁੱਖ ਪ੍ਰਸ਼ਾਸਨਿਕ ਕੇਂਦਰ ਕ੍ਰੈਮਲਿਨ ਵੱਲੋਂ ਸਖ਼ਤ ਰੁਖ਼ ਅਖ਼ਤਿਆਰ ਕਰਨ ਅਤੇ ਮੁਸਲਿਮ ਵਿਰੋਧੀ ਨੀਤੀਆਂ ਅਪਣਾਉਣ ਕਾਰਨ ਇਸਲਾਮਿਕ ਜਥੇਬੰਦੀਆਂ ਨੇ ਰੂਸ ਨੂੰ ਧਮਕੀਆਂ ਦਿੱਤੀਆਂ ਸਨ।

ਪੂਤਿਨ ਨੂੰ ਯੂਕਰੇਨ ਵਿੱਚ ਲੜਾਈ ਦੇ ਨਾਲ-ਨਾਲ ਅਜਿਹੇ ਸੰਗਠਨਾਂ ਵੱਲੋਂ ਵੀ ਵੱਡੀ ਚੁਣੌਤੀ ਮਿਲਦੀ ਰਹੀ ਹੈ। ਰੂਸ ਦੀ ਆਰਥਿਕ ਸਥਿਤੀ ਵੀ ਮੌਜੂਦਾ ਲੜਾਈ ਨੇ ਬੇਹੱਦ ਕਮਜ਼ੋਰ ਕਰ ਦਿੱਤੀ ਹੈ ਪਰ ਇਸ ਦੇ ਬਾਵਜੂਦ ਪੂਤਿਨ ਵੱਲੋਂ ਇਸ ਲੜਾਈ ਨੂੰ ਜਾਰੀ ਰੱਖਣ ਦਾ ਅਹਿਦ ਲਗਾਤਾਰ ਦੁਹਰਾਇਆ ਜਾਂਦਾ ਰਿਹਾ ਹੈ। ਵਾਪਰ ਰਿਹਾ ਅਜਿਹਾ ਘਟਨਾਕ੍ਰਮ ਦੁਨੀਆਂ ਭਰ ਲਈ ਵੀ ਇੱਕ ਖ਼ਤਰੇ ਦੀ ਘੰਟੀ ਮੰਨਿਆ ਜਾ ਸਕਦਾ ਹੈ, ਕਿਉਂਕਿ ਯੂਕਰੇਨ ਨਾਲ ਲੜਾਈ ਦੇ ਨਾਲ-ਨਾਲ ਪੂਤਿਨ ਸਾਹਮਣੇ ਖੜ੍ਹੀਆਂ ਚੁਣੌਤੀਆਂ ਉਸ ਨੂੰ ਹੋਰ ਵੱਡੀ ਜੰਗ ਵਿੱਚ ਧੱਕਣ ਲਈ ਮਜਬੂਰ ਕਰ ਸਕਦੀਆਂ ਹਨ। ਅਜਿਹੀ ਜੰਗ ਦੇ ਕੌਮਾਂਤਰੀ ਰੂਪ ਅਖ਼ਤਿਆਰ ਕਰ ਲੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਆਸਟ੍ਰੇਲੀਆ ਤੇ ਯੂ.ਕੇ. ਨੇ ਕੀਤੀ ਦੁਵੱਲੀ ਰੱਖਿਆ ਅਤੇ ਸੁਰੱਖਿਆ ਸੰਧੀ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਅਤੇ ਯੂਨਾਈਟਿਡ ਕਿੰਗਡਮ ਨੇ ਹਾਲ ਹੀ ਵਿੱਚ ਇੱਕ ਨਵੇਂ ਰੱਖਿਆ ਅਤੇ ਸੁਰੱਖਿਆ ਸਹਿਯੋਗ ਸਮਝੌਤੇ 'ਤੇ ਦਸਤਖ਼ਤ ਕੀਤੇ ਹਨ, ਜਿਸ ਵਿੱਚ ਦੋਵਾਂ ਦੇਸ਼ਾਂ ਦੇ ਰੱਖਿਆ ਮੰਤਰੀ ਸ਼ਾਮਲ ਸਨ। ਦੋਵਾਂ ਨੇ ਕਿਹਾ ਹੈ ਕਿ ਵਿਸ਼ਵ ਨਿਯਮ-ਅਧਾਰਿਤ ਵਿਵਸਥਾ ਬਣਾਈ ਰੱਖਣ ਲਈ 'ਸਮਕਾਲੀ ਚੁਣੌਤੀਆਂ' ਦਾ ਸਾਹਮਣਾ ਕਰਨਾ ਜ਼ਰੂਰੀ ਹੈ।

ਆਸਟ੍ਰੇਲੀਆ-ਯੂ.ਕੇ. ਮੰਤਰੀ ਪੱਧਰ ਮੀਟਿੰਗ ਦੇ ਹਿੱਸੇ ਵਜੋਂ ਕੈਨਬਰਾ ਵਿੱਚ ਸੰਸਦ ਭਵਨ ਵਿੱਚ ਸਾਲਾਨਾ ਦੁਵੱਲੀ ਮੰਤਰੀ ਪੱਧਰੀ ਰੱਖਿਆ ਵਾਰਤਾ ਤੋਂ ਬਾਅਦ ਆਸਟ੍ਰੇਲੀਆ ਦੇ ਰੱਖਿਆ ਮੰਤਰੀ ਰਿਚਰਡ ਮਾਰਲਸ ਅਤੇ ਉਸਦੇ ਯੂ.ਕੇ. ਹਮਰੁਤਬਾ ਗ੍ਰਾਂਟ ਸ਼ੈਪਸ ਦੁਆਰਾ



ਸੰਧੀ 'ਤੇ ਦਸਤਖਤ ਕੀਤੇ ਗਏ, ਜੋ ਪਹਿਲੀ ਵਾਰ 2006 ਵਿੱਚ ਆਯੋਜਿਤ ਕੀਤੀ ਗਈ ਸੀ। ਮਾਰਲੇਸ ਨੇ ਇੱਕ ਲਿਖਤੀ ਬਿਆਨ ਵਿੱਚ ਕਿਹਾ, 'ਯੂ.ਕੇ. ਨਾਲ ਆਸਟ੍ਰੇਲੀਆ ਦੇ ਸਬੰਧ ਗਤੀਸ਼ੀਲ ਅਤੇ ਸਥਾਈ ਹਨ।'

ਦੁਵੱਲੀ ਰੱਖਿਆ ਸੰਧੀ ਨੂੰ ਤਾਜ਼ਾ ਕਰਨਾ ਯੂ.ਕੇ. ਵਿੱਚ ਪਿਛਲੇ ਸਾਲ ਆਯੋਜਿਤ ਕਾਨਫਰੰਸ ਵਿੱਚ ਕੀਤੀ ਗਈ ਇੱਕ ਵਚਨਬੱਧਤਾ ਸੀ। ਸ਼ੈਪਸ ਨੇ ਕਿਹਾ ਕਿ ਸੰਧੀ ਰਸਮੀ ਤੌਰ 'ਤੇ ਇਹ ਦੱਸਦੀ ਹੈ ਕਿ ਦੋਵੇਂ ਦੇਸ਼ ਇਕ ਦੂਜੇ ਦੀ ਪ੍ਰਭੂਸੱਤਾ ਅਤੇ ਖੇਤਰੀ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਕਿਵੇਂ ਸਲਾਹ ਕਰਨਗੇ। ਸਮਝੌਤੇ ਦੇ ਤਹਿਤ ਹੋਰ ਖੇਤਰਾਂ ਵਿੱਚ ਸਮਰੱਥਾ ਵਿਕਾਸ 'ਤੇ ਨਿਰੰਤਰ ਸਹਿਯੋਗ ਸ਼ਾਮਲ ਹੈ, ਜਿਸ ਵਿੱਚ ਰੱਖਿਆ ਗੱਠਜੋੜ ਦੇ ਨਾਲ-ਨਾਲ ਸਮੁੰਦਰੀ ਯੁੱਧ, ਖੁਫ਼ੀਆ ਅਤੇ ਫ਼ੌਜੀ ਅਭਿਆਸਾਂ 'ਤੇ ਨਜ਼ਦੀਕੀ ਸਹਿਯੋਗ ਸ਼ਾਮਲ ਹੈ।

# ਅਕਾਲੀ ਦਲ ਨੇ ਭਾਜਪਾ ਨੂੰ ਦਿੱਤਾ ਧੋਬੀ ਪਟਕਾ, ਨਹੀਂ ਕੀਤਾ ਸਮਝੌਤਾ

## ਬੰਦੀ ਸਿੱਖਾਂ ਦੀ ਰਿਹਾਈ ਤੇ ਕਿਸਾਨੀ ਮੰਗਾਂ ਬਣੀਆਂ ਗੱਠਜੋੜ ਵਿੱਚ ਅੜਿਕਾ

## ਸ਼੍ਰੋਮਣੀ ਅਕਾਲੀ ਦਲ ਲਈ ਸੱਤਾ ਨਾਲੋਂ ਸਿਧਾਂਤ ਅਹਿਮ: ਸੁਖਬੀਰ ਬਾਦਲ








ਜਲੰਧਰ/ਏ.ਟੀ.ਨਿਊਜ਼ : ਪੰਜਾਬ ਦੀਆਂ ਲੋਕ ਸਭਾ ਚੋਣਾਂ ਵਿੱਚ ਬੇਸ਼ੱਕ ਅਜੇ ਦੋ ਮਹੀਨਿਆਂ ਤੋਂ ਜ਼ਿਆਦਾ ਦਾ ਸਮਾਂ ਪਿਆ ਹੈ ਪਰ ਪਹਿਲਾਂ ਹੀ ਸਿਆਸੀ ਝਟਕਿਆਂ ਨੇ ਮੌਸਮ ਦੇ ਨਾਲ ਨਾਲ ਸਿਆਸੀ ਮਾਹੌਲ ਵੀ ਗਰਮਾ ਦਿੱਤਾ ਹੈ। ਭਾਜਪਾ ਨਾਲ ਗਠਜੋੜ ਤੋਂ ਇਨਕਾਰ ਕਰਕੇ ਬੇਸ਼ੱਕ ਅਕਾਲੀ ਦਲ ਨੇ ਸਖਤ ਸਟੈਂਡ ਲਿਆ ਹੈ, ਪਰ ਇਸ ਵਾਰ ਬਾਦਲ ਦਲ ਵੱਲੋਂ ਸਿਰ ਧੜ ਦੀ ਬਾਜ਼ੀ ਵਾਲੀਆਂ ਚੋਣਾਂ ਭਾਜਪਾ ਨਾਲ ਗਠਜੋੜ ਤੋਂ ਬਿਨਾਂ ਲੜੀਆਂ ਜਾ ਰਹੀਆਂ ਹਨ। ਭਾਜਪਾ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ, ਕਿਸਾਨ ਮੰਗਾਂ ਨਾ ਮੰਨਣ ਕਾਰਨ, ਅਕਾਲੀ ਦਲ ਤੋਂ ਚਾਰ ਤੋਂ ਵੱਧ ਸੀਟਾਂ ਮੰਗਣ ਕਾਰਨ ਸਿਆਸੀ ਗੱਠਜੋੜ ਸਿਰੇ ਨਾ ਚੜ੍ਹ ਸਕਿਆ।

ਭਾਜਪਾ ਨਾਲ ਗਠਜੋੜ ਤੋਂ ਅਕਾਲੀ ਦਲ ਵੱਲੋਂ ਇਨਕਾਰ ਕਰਨ ਕਾਰਨ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੋਸ਼ਲ ਮੀਡੀਆ ਉੱਤੇ ਵੀਡੀਓ ਸਾਂਝੀ ਕਰਕੇ ਕਿਹਾ ਕਿ ਭਾਜਪਾ ਆਪਣੇ ਹੀ ਬਲਬੂਤੇ ਉੱਤੇ ਪੰਜਾਬ ਦੀਆਂ 13 ਦੀਆਂ 13 ਲੋਕ ਸਭਾ ਸੀਟਾਂ ਉੱਤੇ ਚੋਣ ਲੜੇਗੀ। ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਚੌਤਰਫਾ ਮੁਕਾਬਲਾ ਹੋਣ ਦੀ ਸੰਭਾਵਨਾ ਨੂੰ ਦੇਖਦੇ ਹੋਏ ਅਕਾਲੀ ਦਲ ਅਤੇ ਭਾਜਪਾ ਦੇ ਵੱਖੋ-ਵੱਖਰੇ ਤੌਰ 'ਤੇ ਲੜਨ ਦਾ ਅਸਰ ਸਾਰੀਆਂ ਸੀਟਾਂ 'ਤੇ ਪੈਣ ਦੀ ਸੰਭਾਵਨਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੋਰ ਕਮੇਟੀ ਦੀ ਮੀਟਿੰਗ ਦੇ ਫੈਸਲੇ ਨੂੰ ਨਿਭਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਲਈ ਸੱਤਾ ਨਾਲੋਂ ਸਿਧਾਂਤ ਜ਼ਿਆਦਾ ਅਹਿਮ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੀ ਅਮਨ- ਸ਼ਾਂਤੀ, ਭਾਈਚਾਰਕ ਸਾਂਝ, ਪੰਥਕ ਮੁੱਦੇ, ਕਿਸਾਨੀ ਦੇ ਮੁੱਦੇ, ਬਾਘਾ ਬਾਰਡਰ ਅਤੇ ਹੁਸੈਨੀਵਾਲ ਬਾਰਡਰ ਖੋਲ੍ਹੇ ਜਾਣ, ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾ ਕੀਤਾ ਜਾਵੇ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮਾਫ ਕੀਤੀ ਜਾਵੇ ਆਦਿ ਅਜਿਹੇ ਵੱਡੇ ਮਸਲੇ ਹਨ, ਜਿਨ੍ਹਾਂ ਦੇ ਹੱਲ ਤੋਂ ਬਿਨਾਂ ਸਮਝੌਤਾ ਨਹੀਂ ਕੀਤਾ ਜਾ ਸਕਦਾ ਸੀ। ਭਾਜਪਾ ਦੇ ਬਿਆਨ 'ਤੇ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਬਾਦਲ ਨੇ ਕਿਹਾ, 'ਸ਼੍ਰੋਮਣੀ ਅਕਾਲੀ ਦਲ ਕੋਈ ਆਮ ਸਿਆਸੀ ਪਾਰਟੀ ਨਹੀਂ ਹੈ, ਇਹ ਸਿਧਾਂਤਾਂ ਦੀ ਪਾਰਟੀ ਹੈ। ਸਾਡੇ ਲਈ ਨੰਬਰ ਦੀ ਖੇਡ ਨਾਲੋਂ ਸਿਧਾਂਤ ਜ਼ਿਆਦਾ ਮਹੱਤਵਪੂਰਨ ਹਨ। ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੂਬਿਆਂ ਵਾਸਤੇ ਵੱਧ ਅਧਿਕਾਰਾਂ ਅਤੇ ਵਾਜਬ ਖ਼ੁਦਮੁਖਤਿਆਰੀ ਦੀ ਲੜਾਈ ਜਾਰੀ ਰੱਖੀ ਜਾਵੇਗੀ

ਬੌਧਿਕ ਹਲਕਿਆਂ ਦਾ ਮੰਨਣਾ ਹੈ ਕਿ ਇਨ੍ਹਾਂ ਮੁੱਦਿਆਂ ਨਾਲ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚੋਂ ਗੁਆਚੀ ਆਪਣੀ ਸਿਆਸੀ ਜ਼ਮੀਨ ਨੂੰ ਮੁੜ ਤਲਾਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਕਿਉਂਕਿ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੈ ਤੇ ਜੇ ਇਹੀ ਪੰਜਾਬ ਦੀ ਗੱਲ ਨਹੀਂ ਕਰੇਗੀ ਤਾਂ ਇਨ੍ਹਾਂ ਦਾ ਪਿੰਡਾਂ ਵਿੱਚ ਜਾ ਕੇ ਵੋਟਾਂ ਮੰਗਣਾ ਔਖਾ ਹੋ ਜਾਣਾ ਸੀ। ਭਾਜਪਾ ਨਾਲ ਸਮਝੌਤੇ ਤੋਂ ਇਨਕਾਰ ਕਰਨ ਕਾਰਨ ਸਿਖ ਪੰਥ ਦਾ ਇੱਕ ਵਰਗ ਇਸ ਨੂੰ ਸਕਾਰਾਤਮਕ ਕਦਮ ਮੰਨ ਰਿਹਾ ਹੈ।

**ਵੱਡੇ ਬਾਦਲ ਤੋਂ ਸੁਖਬੀਰ ਬਾਦਲ ਦੀ ਵੱਖਰੀ ਨੀਤੀ**

ਪੰਜਾਬ ਭਾਜਪਾ ਨੂੰ ਇਸ ਗੱਲ ਦੀ ਡੂੰਘੀ ਸਮਝ ਹੈ ਕਿ ਕਿਵੇਂ ਅਕਾਲੀ ਦਲ ਨਾਲ ਗਠਜੋੜ ਉਸ ਨੂੰ ਆਪਣੀਆਂ ਪੁਰਾਣੀਆਂ ਸੰਸਦੀ ਸੀਟਾਂ ਜਿੱਤਣ ਅਤੇ ਹੋਰ ਸੀਟਾਂ 'ਤੇ ਵੋਟ ਸ਼ੇਅਰ ਵਧਾਉਣ ਵਿੱਚ ਮਦਦ ਕਰ ਸਕਦਾ ਹੈ। ਬਾਦਲ ਅਕਾਲੀ ਦਲ ਦਾ ਤਾਜ਼ਾ ਫੈਸਲਾ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ 1996 ਤੋਂ 2020 ਤੱਕ ਭਾਜਪਾ ਨੂੰ ਬਿਨਾਂ ਸ਼ਰਤ ਸਮਰਥਨ ਦੀ 24 ਸਾਲ ਪੁਰਾਣੀ ਨੀਤੀ ਤੋਂ ਇੱਕ ਵੱਡਾ ਬਦਲਾਅ ਹੈ। ਅਕਾਲੀ ਆਗੂਆਂ ਦਾ ਮੰਨਣਾ ਹੈ ਕਿ ਵੋਟਾਂ ਦੇ ਆਧਾਰ ਅਤੇ ਜਿੱਤ ਜਾਂ ਹਾਰ ਦੀ ਪਰਵਾਹ ਕੀਤੇ ਬਿਨਾਂ ਸਿੱਖਾਂ ਵਿੱਚ ਘੱਟੋ-ਘੱਟ ਕੁਝ ਗੁਆਚਿਆ ਹੋਇਆ ਆਧਾਰ ਮੁੜ ਹਾਸਲ ਕਰਨ ਦੀ ਨੀਤੀ ਯੋਗ ਫੈਸਲਾ ਹੈ।

ਸੋਸ਼ਲ ਮੀਡੀਆ ਵਿੱਚ ਸਿੱਖਾਂ ਦੇ ਪ੍ਰਤੀਕਰਮ ਤੋਂ ਲਗਦਾ ਹੈ ਕਿ ਅਕਾਲੀ ਦਲ ਨੇ ਘੱਟੋ-ਘੱਟ ਭਾਜਪਾ ਦੇ ਹਿੰਦੂਤਵ ਏਜੰਡੇ ਬਾਰੇ ਸਿੱਖ ਪੰਥ ਦੇ ਖਦਸ਼ੇ ਨੂੰ ਸਮਝਕੇ ਸਹੀ ਫੈਸਲਾ ਲਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਪਿਛਲੇ ਫੈਸਲਿਆਂ ਦੇ ਚਲਦੇ ਇਸ ਵਾਰ ਦਲੇਰਾਨਾ ਫ਼ੈਸਲਾ ਲੈਣ ਵਿੱਚ ਕਾਮਯਾਬ ਹੋਇਆ ਹੈ, ਇਸ ਦੇ ਅਕਾਲੀ ਦਲ ਲਈ ਚੰਗੇ ਸਿੱਟੇ ਨਿਕਲਣਗੇ।

ਸੀਨੀਅਰ ਅਕਾਲੀ ਆਗੂ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਇਸ ਨਾਲ ਵਿਸ਼ਵਾਸ ਨੂੰ ਹੋਰ ਟੁੱਟਣ ਤੋਂ ਰੋਕਿਆ ਗਿਆ ਹੈ, ਭਾਵੇਂ ਕਿ ਪਿਛਲੇ ਸਾਲਾਂ ਦੇ ਬੋਝ ਨੂੰ ਦੇਖਦੇ ਹੋਏ ਸਿੱਖ ਪੰਥ ਦੇ ਵਿਸ਼ਵਾਸ ਨੂੰ ਮੁੜ ਜਿੱਤਣ ਵਿੱਚ ਸਮਾਂ ਲੱਗੇਗਾ।

ਸੋ ਵੱਡੇ ਬਾਦਲ ਵੇਲੇ ਸਾਲਾਂ ਦੌਰਾਨ ਬਿਨਾਂ ਸ਼ਰਤ ਸਮਰਥਨ ਤੋਂ ਉਲਟ ਹੁਣ ਸ਼੍ਰੋਮਣੀ ਅਕਾਲੀ ਦਲ ਵਿੱਚ ਗਠਜੋੜ ਦੀ ਸਿਧਾਂਤਕ ਸਮਝ ਵਿਕਸਤ ਹੋਈ ਹੈ। ਪਾਰਟੀ ਦੀ ਬਦਲਦੀ ਸਥਿਤੀ ਮੁੱਖ ਸਿੱਖ ਮੁੱਦਿਆਂ ਨੂੰ ਹੱਲ ਕਰਨ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਝਟਕਿਆਂ ਤੋਂ ਬਾਅਦ ਸਿਖ ਪੰਥ ਦੇ ਸਮਰਥਨ ਪ੍ਰਾਪਤ ਕਰਨ ਦੇ ਬਾਦਲ ਅਕਾਲੀ ਦਲ ਦੇ ਯਤਨਾਂ ਨੂੰ ਦਰਸਾਉਂਦੀ ਹੈ।

(ਬਾਕੀ ਸਫ਼ਾ 31 'ਤੇ)

## ਬਾਦਲ ਦਲ ਵੱਡੇ ਕਾਰਪੋਰੇਟਾਂ ਦੀ ਪਾਰਟੀ ਬਣਨ ਦੀ ਥਾਂ ਟਕਸਾਲੀ ਸੰਵਿਧਾਨ ਅਪਨਾਏ : ਗੁਰਤੇਜ ਸਿੰਘ ਆਈ.ਏ.ਐਸ.



ਪ੍ਰਸਿੱਧ ਸਿੱਖ ਚਿੰਤਕ ਤੇ ਇਤਿਹਾਸਕਾਰ ਗੁਰਤੇਜ ਸਿੰਘ ਆਈ.ਏ.ਐਸ. ਨੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਭਾਜਪਾ ਦੇ ਕਹਿਣ ਉੱਪਰ 1996 ਵਿੱਚ ਅਕਾਲੀ ਦਲ ਨੇ 'ਮੋਗਾ ਐਲਾਨਨਾਮੇ' 'ਤੇ ਦਸਤਖਤ ਕਰਕੇ ਅਨੰਦਪੁਰ ਦਾ ਮਤਾ ਤਿਆਗਕੇ ਆਪਣੀ ਖੇਤਰੀ ਹੋਂਦ, ਅਜ਼ਾਦਾਨਾ ਪਛਾਣ ਮਨਫੀ ਕਰਕੇ 1997 ਵਿੱਚ ਪਹਿਲੀ ਵਾਰ ਭਾਜਪਾ ਨਾਲ ਇਕੱਠੇ ਚੋਣਾਂ ਲੜੀਆਂ ਸਨ। ਅਕਾਲੀ ਦਲ ਪਹਿਲੀ ਜਥੇਬੰਦੀ ਸੀ ਜਿਸ ਨੇ ਭਾਜਪਾ ਨਾਲ ਹੱਥ ਮਿਲਾਕੇ ਉਸਦੀ ਦੇਸ਼ ਵਿੱਚ ਸਿਆਸੀ ਹੋਂਦ ਸਥਾਪਤ ਕੀਤੀ ਜੋ ਅਕਾਲੀ ਦਲ ਦੇ ਖੌਰੇ ਦਾ ਕਾਰਨ ਬਣੀ ਹੈ। ਭਾਜਪਾ ਨੇ ਆਪਣਾ ਹਿੰਦੂਤਵ ਦਾ ਸਿਧਾਂਤ ਨਹੀਂ ਛੱਡਿਆ ਪਰ ਅਕਾਲੀ ਦਲ ਨੇ ਸੱਤਾ ਲਈ ਪੰਥਕ ਹਿਤ ਤੇ ਵਿਰਾਸਤ ਤਿਆਗ ਦਿੱਤੀ।

ਉਨ੍ਹਾਂ ਕਿਹਾ ਕਿ ਅਕਾਲੀ ਦਲ ਤਾਂ ਹੀ ਪੰਜਾਬ ਦੀ ਸਹੀ ਖੇਤਰੀ ਪਾਰਟੀ ਬਣ ਸਕੇਗਾ ਜੇ ਉਹ ਪੰਥਕ ਮੁੱਦਿਆਂ, ਪੰਜਾਬ ਦੇ ਆਰਥਿਕ ਹਿੱਤਾਂ ਤੇ ਕੁਦਰਤੀ ਸਰੋਤਾਂ ਦੀ ਰਾਖੀ ਕਰ ਸਕੇ ਅਤੇ ਸਿੱਖਾਂ ਦੇ ਸੱਭਿਆਚਾਰਕ, ਧਾਰਮਿਕ ਤੇ ਰਾਜਨੀਤਕ ਉਦੇਸ਼ਾਂ ਦੀ ਪੂਰਤੀ ਕਰ ਸਕੇ। ਅਕਾਲੀ ਦਲ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਇਹ ਭਾਰਤ ਦੇ ਦੂਜੇ ਪ੍ਰਾਂਤਾਂ ਵਿੱਚ ਅਤੇ ਦੁਨੀਆਂ ਦੇ ਦੂਜੇ ਦੇਸ਼ਾਂ ਵਿੱਚ ਵਸਦੇ ਸਿੱਖਾਂ ਤੇ ਪੰਜਾਬੀਆਂ ਦੇ ਧਾਰਮਿਕ ਤੇ ਸੱਭਿਆਚਾਰਕ ਅਧਿਕਾਰਾਂ ਦੀ ਰਾਖੀ ਕਰੇ। ਉਨ੍ਹਾਂ ਕਿਹਾ ਕਿ ਇਹ ਅਕਾਲੀ ਦਲ ਦੀ ਇਤਿਹਾਸਕ ਜ਼ਿੰਮੇਵਾਰੀ ਕਿ ਉਹ ਪੰਜਾਬ ਵਿਚਲੀਆਂ ਘੱਟਗਿਣਤੀਆਂ ਕੌਮਾਂ ਮੁਸਲਮਾਨਾਂ , ਈਸਾਈਆਂ ਦੀ ਵੀ ਰਾਖੀ ਕਰੇ ਤੇ ਪਾਰਟੀ ਵਿੱਚ ਅਹਿਮ ਥਾਂ ਦੇਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਕਿਰਤੀਆਂ, ਦਲਿਤਾਂ ਦੀ ਪਾਰਟੀ ਬਣਨਾ ਚਾਹੀਦਾ ਹੈ ਨਾ ਕਿ ਵੱਡੇ ਜਾਗੀਰਦਾਰਾਂ ਦੀ ਪਾਰਟੀ। ਸ਼ਹਿਰੀ ਸਿੱਖਾਂ ਨੂੰ ਅਕਾਲੀ ਦਲ ਵਿੱਚ ਅਹਿਮ ਥਾਂ ਦੇਣੀ ਚਾਹੀਦੀ ਹੈ। ਅਕਾਲੀ ਦਲ ਦਾ ਪੁਰਾਣਾ ਟਕਸਾਲੀ ਸਿਧਾਂਤ ਤੇ ਸੰਵਿਧਾਨ ਤੁਰੰਤ ਲਾਗੂ ਹੋਣਾ ਚਾਹੀਦਾ ਹੈ। ਉਨ੍ਹਾਂ ਦਸਿਆ ਕਿ ਕਿਸੇ ਵੇਲੇ ਸ਼ਹਿਰੀ ਸਿੱਖਾਂ ਵਿੱਚ ਸੁਰਜਨ ਸਿੰਘ ਠੇਕੇਦਾਰ, ਬਾਪੂ ਸਰੂਪ ਸਿੰਘ ,ਇੰਦਰਪਾਲ ਸਿੰਘ ਖ਼ਾਲਸਾ ਅਹਿਮ ਅਕਾਲੀ ਲੀਡਰ ਸਨ। ਮਜਹਬੀ ਸਿੱਖਾਂ ਵਿੱਚ ਬੂਟਾ ਸਿੰਘ, ਗੁਰਦੇਵ ਸਿੰਘ ਬਾਦਲ ਅਹਿਮ ਲੀਡਰ ਸਨ ਪਰ ਹੁਣ ਅਕਾਲੀ ਦਲ ਸਿਰਫ 5-7 ਵੱਡੇ ਜਾਗੀਰਦਾਰਾਂ ਦਾ ਗਰੁੱਪ ਬਣਕੇ ਰਹਿ ਗਿਆ ਹੈ।

## ਪੰਜਾਬ ਵਿੱਚ ਭਾਜਪਾ ਲਈ ਚੋਣ ਪ੍ਰਚਾਰ ਕਰਨਾ ਹੋਇਆ ਔਖਾ

### ਕਿਸਾਨਾਂ ਵੱਲੋਂ ਭਾਜਪਾ ਦੇ ਚੋਣ ਪ੍ਰਚਾਰ ਉੱਪਰ ਪਾਬੰਦੀ, ਲਗਾ ਦਿੱਤੇ ਬੋਰਡ



ਮੁਕਤਸਰ/ਏ.ਟੀ.ਨਿਊਜ਼: ਆਪਣੀਆਂ ਮੰਗਾਂ ਨੂੰ ਲੈ ਕੇ ਕਿਸਾਨ 13 ਫਰਵਰੀ ਤੋਂ ਹਰਿਆਣਾ ਦੀਆਂ ਸਰਹੱਦਾਂ 'ਤੇ ਡਟੇ ਹੋਏ ਹਨ। ਕਿਸਾਨਾਂ ਨੇ ਹੁਣ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਬੀਜੇਪੀ ਦੇ ਲੀਡਰਾਂ ਨੂੰ ਘੇਰਣ ਦਾ ਫੈਸਲਾ ਲਿਆ ਹੈ। ਸ੍ਰੀ ਮੁਕਤਸਰ ਸਾਹਿਬ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਗਿੱਦੜਬਾਹਾ ਦੇ ਪਿੰਡ ਭਾਰੂ ਵਿੱਚ ਲੋਕਾਂ ਵੱਲੋਂ ਭਾਜਪਾ ਆਗੂਆਂ ਦੇ ਦਾਖ਼ਲੇ 'ਤੇ ਪਾਬੰਦੀ ਲਾਉਣ ਦਾ ਬੋਰਡ ਲਾਇਆ ਗਿਆ ਹੈ।

ਫਰੀਦਕੋਟ ਲੋਕ ਸਭਾ ਹਲਕੇ ਅਧੀਨ ਪੈਂਦੇ ਪਿੰਡ ਭਾਰੂ ਦੇ ਵਸਨੀਕਾਂ ਨੇ ਆਪਣੇ ਪਿੰਡ ਵਿੱਚ ਭਾਜਪਾ ਆਗੂਆਂ ਦੇ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ ਹੈ। ਸਥਾਨਕ ਲੋਕਾਂ ਵੱਲੋਂ ਲਗਾਏ ਗਏ ਬੋਰਡ 'ਤੇ ਲਿਖਿਆ ਹੈ ਕਿ- ਪਿੰਡ ਭਾਰੂ ਵੱਲੋਂ ਭਾਜਪਾ ਦਾ ਪੂਰਨ ਤੌਰ 'ਤੇ ਬਾਈਕਾਟ ਕੀਤਾ ਗਿਆ ਹੈ। ਕੋਈ ਵੀ ਭਾਜਪਾ ਆਗੂ ਪਿੰਡ ਨਾ ਆਵੇ।

ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਸੂਬੇ ਵਿੱਚ ਹਰਿਆਣਾ ਦੀਆਂ ਸਰਹੱਦਾਂ 'ਤੇ ਧਰਨਾ ਦੇ ਰਹੇ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੇ ਜਾਣ ਕਾਰਨ ਉਹ ਕੇਂਦਰ ਸਰਕਾਰ ਤੋਂ ਨਾਰਾਜ਼ ਹਨ। ਉਹ ਲੋਕ ਸਭਾ ਚੋਣਾਂ ਵਿੱਚ ਭਾਜਪਾ ਦਾ ਵਿਰੋਧ ਕਰ ਰਹੇ ਹਨ ਅਤੇ ਇਸ ਸਬੰਧੀ ਇੱਕ ਬੋਰਡ ਵੀ ਲਾਇਆ ਹੋਇਆ ਹੈ।

2019 ਦੀਆਂ ਲੋਕ ਸਭਾ ਚੋਣਾਂ ਵੇਲੇ ਕੀ ਆਇਆ ਸੀ ਨਤੀਜਾ ?

2019 ਦੀਆਂ ਲੋਕ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਅਕਾਲੀ ਦਲ ਤੇ ਭਾਜਪਾ ਵਿਚਾਲੇ ਗਠਜੋੜ ਸੀ, ਜਦਕਿ ਕਾਂਗਰਸ ਅਤੇ 'ਆਪ' ਨੇ ਇਕੱਲਿਆਂ ਹੀ ਚੋਣ ਲੜੀ ਸੀ। ਉਸ ਸਮੇਂ ਸੂਬੇ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ। ਕਾਂਗਰਸ ਅੱਠ ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਬਣੀ। ਕਾਂਗਰਸ ਨੂੰ 40.18 ਫੀਸਦੀ ਵੋਟਾਂ ਮਿਲੀਆਂ। ਅਕਾਲੀ ਦਲ- ਭਾਜਪਾ ਗਠਜੋੜ ਨੂੰ ਚਾਰ ਸੀਟਾਂ ਮਿਲੀਆਂ ਹਨ। ਪਾਰਟੀ ਨੂੰ ਕੁੱਲ 37.08 ਫੀਸਦੀ ਵੋਟਾਂ ਮਿਲੀਆਂ। ਇਸ ਤੋਂ ਇਲਾਵਾ ਆਪ ਪਾਰਟੀ ਨੂੰ ਇੱਕ ਸੀਟ ਮਿਲੀ ਸੀ। ਪਾਰਟੀ ਨੂੰ 7.8 ਫੀਸਦੀ ਵੋਟਾਂ, ਪੰਜਾਬ ਡੈਮੋਕ੍ਰੇਟਿਕ ਅਲਾਇੰਸ ਦੇ ਬੈਨਰ ਹੇਠ 6 ਪਾਰਟੀਆਂ ਨੂੰ 10.69 ਫੀਸਦੀ, ਅਕਾਲੀ ਦਲ ਮਾਨ ਨੂੰ 0.4 ਫੀਸਦੀ ਅਤੇ ਹੋਰਨਾਂ ਨੂੰ 1.12 ਫੀਸਦੀ ਵੋਟਾਂ ਮਿਲੀਆਂ ਸਨ।

# ਚੀਨ 'ਚ ਬੇਰੁਜ਼ਗਾਰੀ ਬਣੀ ਵੱਡੀ ਸਮੱਸਿਆ

## ਹੁਣ ਆਸਾਨ ਨਹੀਂ ਹੈ ਚੀਨ ਵਿੱਚ ਨੌਕਰੀ ਪ੍ਰਾਪਤ ਕਰਨਾ



ਬੀਜਿੰਗ/ਏ.ਟੀ.ਨਿਊਜ਼ : ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਆਰਥਿਕ ਮਹਾਸ਼ਕਤੀ ਚੀਨ ਦੀ ਅਸਲ ਸਥਿਤੀ ਹੁਣ ਦੁਨੀਆ ਸਾਹਮਣੇ ਖੁੱਲ੍ਹ ਕੇ ਸਾਹਮਣੇ ਆ ਰਹੀ ਹੈ। ਦੇਸ਼ ਵਿੱਚ ਬੇਰੁਜ਼ਗਾਰੀ ਦੀ ਸਥਿਤੀ ਇੰਨੀ ਮਾੜੀ ਹੈ ਕਿ ਸਰਕਾਰ ਨੇ ਆਪਣੇ ਅੰਕੜੇ ਛੁਪਾਉਣੇ ਸ਼ੁਰੂ ਕਰ ਦਿੱਤੇ ਹਨ। ਸਥਿਤੀ ਕਿੰਨੀ ਖ਼ਰਾਬ ਹੈ, ਇਸ ਦਾ ਅੰਦਾਜ਼ਾ ਇੱਕ ਨੌਕਰੀ ਦੇ ਇਸ਼ਤਿਹਾਰ ਤੋਂ ਲਗਾਇਆ ਜਾ ਸਕਦਾ ਹੈ, ਜਿਸ ਨੇ ਚੀਨ ਦੇ ਸੋਸ਼ਲ ਮੀਡੀਆ 'ਤੇ ਖਲਬਲੀ ਮਚਾ ਦਿੱਤੀ ਹੈ।

ਪਿਛਲੇ ਸਾਲ ਜੁਲਾਈ 'ਚ ਚੀਨ 'ਚ ਬੇਰੁਜ਼ਗਾਰੀ ਦੀ ਦਰ ਵਧ ਕੇ 5.3 ਫੀਸਦੀ ਹੋ ਗਈ ਸੀ। ਇਸ ਦੌਰਾਨ, ਚੀਨ ਵਿੱਚ ਇੱਕ ਕਰਿਆਨੇ ਦੀ ਦੁਕਾਨ ਨੇ 18 ਤੋਂ 30 ਸਾਲ ਦੀ ਉਮਰ ਦੇ ਨੌਜਵਾਨ ਕੈਸ਼ੀਅਰਾਂ ਦੀ ਭਾਲ ਵਿੱਚ ਇੱਕ ਨੌਕਰੀ ਦਾ ਇਸ਼ਤਿਹਾਰ ਜਾਰੀ ਕੀਤਾ। ਇਸ ਇਸ਼ਤਿਹਾਰ ਦੀ ਪੋਸਟ ਨੂੰ ਹੁਣ ਤੱਕ 14 ਕਰੋੜ ਲੋਕ ਦੇਖ ਚੁੱਕੇ ਹਨ ਅਤੇ 41,000 ਤੋਂ ਵੱਧ ਲੋਕ ਇਸ 'ਤੇ ਭਾਵੁਕ ਟਿੱਪਣੀਆਂ ਕਰ ਚੁੱਕੇ ਹਨ।

ਚੀਨੀ ਕਰਿਆਨੇ ਦੇ ਸਟੋਰ ਵੱਲੋਂ 18 ਤੋਂ 30 ਸਾਲ ਦੇ ਲੋਕਾਂ ਲਈ ਜਾਰੀ ਕੀਤਾ ਗਿਆ ਤਾਜ਼ਾ ਇਸ਼ਤਿਹਾਰ ਕੋਈ ਪਹਿਲਾ ਮਾਮਲਾ ਨਹੀਂ ਹੈ। ਇਸ ਤੋਂ ਪਹਿਲਾਂ, ਸੁਪਰਮਾਰਕੀਟ ਚੇਨ ਪੰਗਡੋਂਗਲਾਈ ਦੇ ਇੱਕ ਤਾਜ਼ਾ ਇਸ਼ਤਿਹਾਰ ਵਿੱਚ ਵਿਤਕਰੇ ਦਾ ਅਜਿਹਾ ਹੀ ਮਾਮਲਾ ਸਾਹਮਣੇ ਆਇਆ ਸੀ। ਪੰਗਡੋਂਗਲਾਈ ਨੇ ਜਿਹੜੇ ਅਹੁਦੇ ਭਰਨ ਦੀ ਕੋਸ਼ਿਸ਼ ਕੀਤੀ ਉਸ ਲਈ ਵੱਧ ਤੋਂ ਵੱਧ ਉਮਰ 30 ਸਾਲ ਨਿਰਧਾਰਤ ਕੀਤੀ ਗਈ ਸੀ। ਪੂਰਬੀ ਸੂਬੇ ਝੇਜਿਆਂਗ ਦੇ ਨਿੰਗਬੋ ਸ਼ਹਿਰ ਦੇ ਇੱਕ ਉਪਭੋਗਤਾ ਨੇ ਵੀਬੋ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਕੀਤਾ ਕਿ ਚੀਨ ਵਿੱਚ ਨੌਕਰੀ ਪ੍ਰਾਪਤ ਕਰਨਾ ਹੁਣ ਆਸਾਨ ਨਹੀਂ ਹੈ। ਇੱਕ ਨੇਟੀਜ਼ਨ ਨੇ ਲਿਖਿਆ ਹੈ, ਕੀ ਤੁਹਾਨੂੰ ਲੱਗਦਾ ਹੈ ਕਿ ਹੁਣ ਨੌਕਰੀ ਲੱਭਣੀ ਆਸਾਨ ਹੈ? ਇੱਕ ਹੋਰ ਵੀਬੋ ਯੂਜ਼ਰ ਨੇ ਲਿਖਿਆ ਮੈਂ ਹੁਣ 33 ਸਾਲ ਦਾ ਹੋ ਗਿਆ ਹਾਂ ਪਰ ਅਜੇ ਤੱਕ ਮੇਰੇ ਕੋਲ ਕੋਈ ਨੌਕਰੀ ਨਹੀਂ ਹੈ। ਪਿਛਲੇ ਤਿੰਨ ਸਾਲ ਤੋਂ ਨੌਕਰੀ ਦੀ ਭਾਲ ਕਰ ਰਿਹਾ ਹਾਂ।

ਕਈਆਂ ਨੇ ਕਿਹਾ ਹੈ ਕਿ ਇਹ ਇਸ਼ਤਿਹਾਰ ਆਬਾਦੀ ਦੇ ਇੱਕ ਵੱਡੇ ਮੱਧ-ਉਮਰ ਦੇ ਸਮੂਹ (31 ਤੋਂ 40) ਦੀ ਦੁਰਦਸ਼ਾ ਨੂੰ ਉਜਾਗਰ ਕਰਦਾ ਹੈ ਕਿਉਂਕਿ ਸਰਕਾਰ ਉੱਚ ਨੌਜਵਾਨਾਂ ਦੀ ਬੇਰੁਜ਼ਗਾਰੀ ਦਰਾਂ ਨਾਲ ਲੜਨ ਅਤੇ ਕਾਲਜ ਗ੍ਰੈਜੂਏਟਾਂ ਵਿੱਚ ਉੱਚ ਅਤੇ ਰਿਕਾਰਡ ਬੇਰੁਜ਼ਗਾਰੀ ਨਾਲ ਨਜਿੱਠਣ 'ਤੇ ਧਿਆਨ ਕੇਂਦਰਤ ਕਰਦੀ ਹੈ। ਪਰ 30 ਸਾਲ ਤੋਂ ਵੱਧ ਉਮਰ ਦੇ ਜਾਂ ਬੇਰੋਜ਼ਗਾਰ ਲੋਕਾਂ ਵੱਲ ਕੋਈ ਧਿਆਨ ਨਹੀਂ ਦੇ ਰਹੀ ਹੈ। ਆਪਣੀ ਦੁਰਦਸ਼ਾ ਸਾਂਝੀ ਕਰਦੇ ਹੋਏ ਇੱਕ ਨੌਜਵਾਨ ਯੂਜ਼ਰ ਨੇ ਲਿਖਿਆ, ਮੈਂ ਸਿਰਫ 29 ਸਾਲ ਦਾ ਹਾਂ, ਅਣਵਿਆਹਿਆ ਹਾਂ ਅਤੇ ਮੇਰੇ ਕੋਈ ਬੱਚੇ ਨਹੀਂ ਹਨ ਪਰ ਗ੍ਰੈਜੂਏਸ਼ਨ ਤੋਂ ਬਾਅਦ ਮੈਨੂੰ ਤਿੰਨ ਵਾਰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਕੋਈ ਵੀ ਜ਼ਿੰਮੇਵਾਰੀ ਨਾ ਹੋਣ ਦੇ ਬਾਵਜੂਦ ਹੁਣ ਤੱਕ ਕਿਸੇ ਕੰਪਨੀ ਨੇ ਮੇਰੇ ਬਾਇਓਡਾਟਾ ਦਾ ਜਵਾਬ ਨਹੀਂ ਦਿੱਤਾ ਹੈ।

ਇੱਕ ਹੋਰ ਯੂਜ਼ਰ ਨੇ ਗੁੱਸੇ ਨਾਲ ਭਰੇ ਇਮੋਜੀ ਨਾਲ ਪੋਸਟ ਕੀਤਾ ਕਿ ਪਹਿਲਾਂ 35 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਨੌਕਰੀ ਲੱਭਣਾ ਮੁਸ਼ਕਿਲ ਸੀ, ਹੁਣ ਇਹ 30 ਸਾਲ ਦੀ ਉਮਰ ਵਾਲਿਆਂ 'ਤੇ ਵੀ ਬੇਰੁਜ਼ਗਾਰੀ ਦਾ ਸੰਕਟ ਆ ਗਿਆ ਹੈ। ਅਜਿਹੇ 'ਚ ਚੀਨ 'ਚ ਬੇਰੁਜ਼ਗਾਰ ਲੋਕਾਂ ਦੀ ਗਿਣਤੀ 'ਚ ਭਾਰੀ ਵਾਧਾ ਹੋਇਆ ਹੈ, ਜਿਨ੍ਹਾਂ ਦੀ ਉਮਰ 30 ਤੋਂ ਵੱਧ ਹੈ ਅਤੇ ਜਿਨ੍ਹਾਂ ਦੇ ਬੱਚੇ ਹਨ। ਮੌਜੂਦਾ ਸਮੇਂ ਵਿੱਚ ਚੀਨ ਵਿੱਚ ਪੁਰਸ਼ਾਂ ਦੀ ਸੇਵਾਮੁਕਤੀ ਦੀ ਉਮਰ 60 ਸਾਲ ਹੈ, ਜਦੋਂ ਕਿ ਔਰਤਾਂ ਦੀ ਆਮ ਸੇਵਾਮੁਕਤੀ ਦੀ ਉਮਰ 55 ਸਾਲ ਹੈ, ਪਰ ਫੈਕਟਰੀਆਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ 50 ਸਾਲ ਦੀ ਉਮਰ ਵਿੱਚ ਸੇਵਾਮੁਕਤ ਹੋਣਾ ਪੈਂਦਾ ਹੈ। ਸੁਪਰਮਾਰਕੀਟ ਨੇ ਇਸ ਮੁੱਦੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

# ਬ੍ਰਿਟੇਨ ਵਿੱਚ ਖੁਰਾਕੀ ਵਸਤਾਂ ਦੀਆਂ ਕੀਮਤਾਂ ਘਟੀਆਂ

ਲੰਡਨ/ਏ.ਟੀ.ਨਿਊਜ਼ : ਬ੍ਰਿਟੇਨ ਵਿੱਚ ਪ੍ਰਚੂਨ ਮਹਿੰਗਾਈ ਫਰਵਰੀ ਵਿੱਚ ਅਨੁਮਾਨ ਤੋਂ ਘੱਟ 3.4 ਫ਼ੀਸਦੀ ਰਹੀ ਹੈ, ਜੋ ਸਤੰਬਰ 2021 ਤੋਂ ਬਾਅਦ ਦਾ ਸਭ ਤੋਂ ਹੇਠਲਾ ਪੱਧਰ ਹੈ। ਰਾਸ਼ਟਰੀ ਅੰਕੜਾ ਦਫ਼ਤਰ ਨੇ ਫਰਵਰੀ ਦੇ ਅੰਕੜੇ ਜਾਰੀ ਕਰਦੇ ਹੋਏ ਕਿਹਾ ਕਿ ਖਪਤਕਾਰ ਮੁੱਲ ਸੂਚਕ ਅੰਕ 'ਤੇ ਆਧਾਰਿਤ ਮਹਿੰਗਾਈ ਦਰ 3.4 ਫ਼ੀਸਦੀ ਰਹੀ ਹੈ। ਜਨਵਰੀ 'ਚ ਇਹ ਚਾਰ ਫ਼ੀਸਦੀ ਸੀ। ਫਰਵਰੀ ਵਿੱਚ ਪ੍ਰਚੂਨ ਮਹਿੰਗਾਈ ਸਤੰਬਰ, 2021 ਤੋਂ ਬਾਅਦ ਸਭ ਤੋਂ ਘੱਟ ਹੈ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿੱਚ ਨਰਮੀ ਨੇ ਪ੍ਰਚੂਨ ਮਹਿੰਗਾਈ ਵਿੱਚ ਗਿਰਾਵਟ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਫਰਵਰੀ 'ਚ ਮਹਿੰਗਾਈ ਦਾ ਅੰਕੜਾ ਵਿਸ਼ਲੇਸ਼ਕਾਂ ਦੇ ਅੰਦਾਜ਼ੇ ਤੋਂ ਕਿਤੇ ਜ਼ਿਆਦਾ ਸੀ। ਵਿਸ਼ਲੇਸ਼ਕਾਂ ਨੇ ਮਹਿੰਗਾਈ ਦਰ 3.6 ਫ਼ੀਸਦੀ ਰਹਿਣ ਦਾ ਅਨੁਮਾਨ ਲਗਾਇਆ ਸੀ। ਹਾਲਾਂਕਿ ਇਹ ਅੰਕੜਾ ਅਜੇ ਵੀ ਬੈਂਕ ਆਫ ਇੰਗਲੈਂਡ ਦੇ ਦੋ ਫ਼ੀਸਦੀ ਦੇ ਟੀਚੇ ਤੋਂ ਵੱਧ ਹੈ ਰੂਸ-ਯੂਕਰੇਨ ਸੰਘਰਸ਼ ਦੇ ਕਾਰਨ ਸਾਲ 2022 ਵਿੱਚ ਮਹਿੰਗਾਈ ਦੇ 11 ਫ਼ੀਸਦੀ 'ਤੇ ਪਹੁੰਚ ਜਾਣ ਤੋਂ ਬਾਅਦ ਇਸ ਨੂੰ ਹੇਠਾਂ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪ੍ਰਚੂਨ ਮਹਿੰਗਾਈ ਵਿੱਚ ਆਈ ਇਸ ਗਿਰਾਵਟ ਨਾਲ ਬ੍ਰਿਟਿਸ਼ ਕੇਂਦਰੀ ਬੈਂਤ ਵਲੋਂ ਨੀਤੀਗਤ ਵਿਆਜ਼ ਦਰ ਦੇ ਮੋਰਚੇ 'ਤੇ ਰਾਹਤ ਦੇਣ ਦੀਆਂ ਉਮੀਦਾਂ ਵੱਧ ਗਈਆਂ ਹਨ। ਹਾਲਾਂਕਿ ਮਾਹਿਰਾਂ ਦਾ ਮੰਨਣਾ ਹੈ ਕਿ ਬੈਂਕ ਆਫ ਇੰਗਲੈਂਡ ਵਿਆਜ ਦਰ ਨੂੰ 5.25 ਫ਼ੀਸਦੀ ਬਰਕਰਾਰ ਰੱਖ ਸਕਦਾ ਹੈ।

# ਆਸਟ੍ਰੇਲੀਆ 'ਚ ਵਾਪਰਿਆ ਕਿਸ਼ਤੀ ਹਾਦਸਾ, ਤਿੰਨ ਵਿਅਕਤੀਆਂ ਦੀ ਮੌਤ

ਸਿਡਨੀ/ਏ.ਟੀ.ਨਿਊਜ਼ : ਦੱਖਣੀ ਆਸਟ੍ਰੇਲੀਆ ਦੇ ਤੱਟ 'ਤੇ ਕਿਸ਼ਤੀ ਪਲਟਣ ਤੋਂ ਬਾਅਦ ਪੁਲਿਸ ਨੇ ਦੋ ਹੋਰ ਲਾਸ਼ਾਂ ਬਰਾਮਦ ਕੀਤੀਆਂ ਹਨ। ਇਸ ਨਾਲ 24 ਘੰਟੇ ਦੀ ਖੋਜ ਖ਼ਤਮ ਹੋ ਗਈ ਅਤੇ ਇਸ ਦੁਖਾਂਤ ਵਿੱਚ ਮੌਤਾਂ ਦੀ ਗਿਣਤੀ ਤਿੰਨ ਹੋ ਗਈ ਹੈ। ਜਾਣਕਾਰੀ ਮੁਤਾਬਕ ਕਿਸ਼ਤੀ ਵਿੱਚ ਪੰਜ ਲੋਕ ਸਵਾਰ ਸਨ। ਜਲ ਪੁਲਿਸ, ਪੋਲ ਏਅਰ ਅਤੇ ਇੱਕ ਚੈਲੇਂਜਰ ਏਅਰਕ੍ਰਾਫਟ ਨੇ ਪੋਰਟ ਲਿੰਕਨ ਦੇ ਤੱਟ 'ਤੇ ਪਾਣੀ ਵਿੱਚ ਭਾਲ ਕੀਤੀ ਜਦੋਂ ਪੰਜ ਲੋਕ ਇੱਕ ਮੱਛੀ ਫੜਨ ਦੀ ਯਾਤਰਾ ਤੋਂ ਵਾਪਸ ਨਹੀਂ ਪਰਤੇ ਸਨ।

ਇਹ ਸਮਝਿਆ ਜਾਂਦਾ ਹੈ ਕਿ ਉਹ ਜਿਸ ਮੱਛੀ ਫੜਨ ਵਾਲੀ ਕਿਸ਼ਤੀ 'ਤੇ ਸਫ਼ਰ ਕਰ ਰਹੇ ਸਨ, ਉਹ ਸਪਿਲਸਬੀ ਆਈਲੈਂਡ ਤੋਂ ਇੱਕ ਲਹਿਰ ਨਾਲ ਟਕਰਾ ਗਈ ਸੀ। ਪੁਲਿਸ ਨੇ ਦੁਪਹਿਰ ਤੱਕ ਦੋ ਬਾਕੀ ਲਾਪਤਾ ਵਿਅਕਤੀਆਂ ਦੀਆਂ ਲਾਸ਼ਾਂ ਦਾ ਪਤਾ ਲਗਾ ਲਿਆ। ਪਹਿਲੀ ਲਾਸ਼ ਸਵੇਰੇ ਪਾਣੀ ਵਿੱਚੋਂ ਮਿਲੀ ਸੀ। ਸਮਾਚਾਰ ਏਜੰਸੀ 9 ਨਿਊਜ਼ ਮੁਤਾਬਕ 13 ਸਾਲਾ ਲੜਕਾ ਅਤੇ 44 ਸਾਲਾ ਵਿਅਕਤੀ ਪਿਓ-ਪੁੱਤਰ ਹਨ। ਅਧਿਕਾਰੀਆਂ ਨੇ ਉਨ੍ਹਾਂ ਨੂੰ ਚੱਟਾਨ 'ਤੇ ਪਾਇਆ। ਫਿਰ ਉਨ੍ਹਾਂ ਨੂੰ ਐਡੀਲੇਡ ਦੇ ਇੱਕ ਹਸਪਤਾਲ ਵਿੱਚ ਲਿਜਾਇਆ ਗਿਆ, ਜਿੱਥੇ ਉਹ ਹੁਣ ਠੀਕ ਹੋ ਰਹੇ ਹਨ। ਤਿੰਨ ਹੋਰ ਲੋਕਾਂ ਵਿੱਚ ਦੋ ਹੋਰ ਪਰਿਵਾਰਕ ਮੈਂਬਰ ਅਤੇ ਇੱਕ ਟੂਰ ਆਪਰੇਟਰ ਦੱਸੇ ਜਾਂਦੇ ਹਨ। ਪੁਲਿਸ ਨੂੰ ਇਸ ਘਟਨਾ ਬਾਰੇ ਉਦੋਂ ਤੱਕ ਜਾਣਕਾਰੀ ਨਹੀਂ ਸੀ, ਜਦੋਂ ਤੱਕ ਪਰਿਵਾਰਕ ਮੈਂਬਰਾਂ ਨੇ ਇਹ ਰਿਪੋਰਟ ਨਹੀਂ ਦਿੱਤੀ ਕਿ ਉਹ ਘਰ ਵਾਪਸ ਨਹੀਂ ਆ ਰਹੇ ਸਨ, ਜੋ ਘਟਨਾ ਤੋਂ ਲਗਭਗ ਚਾਰ ਘੰਟੇ ਬਾਅਦ ਸੀ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਪਾਕਿਸਤਾਨ ਤੋਂ ਦਰਾਮਦ-ਬਰਾਮਦ ਬੰਦ ਨੂੰ ਪੰਜ ਸਾਲ ਪੂਰੇ, ਅਟਾਰੀ ’ਤੇ ਅਰਬਾਂ ਦਾ ਕਾਰੋਬਾਰ ਹੋਇਆ ਖ਼ਤਮ



ਅੰਮ੍ਰਿਤਸਰ : ਪੁਲਵਾਮਾ ਹਮਲੇ ਤੋਂ ਬਾਅਦ ਕੇਂਦਰ ਸਰਕਾਰ ਵਲੋਂ ਪਾਕਿਸਤਾਨ ਨਾਲ ਵਪਾਰਕ ਰਿਸ਼ਤੇ ਖਤਮ ਕੀਤੇ ਜਾਣ ਦਾ 5 ਸਾਲ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਹਮਲੇ ਦੇ ਬਾਅਦ ਪਾਕਿਸਤਾਨ ਤੋਂ ਦਰਾਮਦ ਕੀਤੀਆਂ ਗਈਆਂ ਵਸਤਾਂ ’ਤੇ ਕੇਂਦਰ ਸਰਕਾਰ ਨੇ 22 ਫ਼ਰਵਰੀ 2019 ਦੇ ਦਿਨ 200 ਫ਼ੀਸਦੀ ਡਿਊਟੀ ਲਗਾ ਕੇ ਅਸਿੱਧੇ ਤੌਰ ’ਤੇ ਆਈ. ਸੀ. ਪੀ. ਅਟਾਰੀ ਬੌਰਡਰ ’ਤੇ ਭਾਰਤ-ਪਾਕਿਸਤਾਨ ਦਰਮਿਆਨ ਹੋਣ ਵਾਲਾ ਅਰਬਾਂ ਰੁਪਏ ਦਾ ਕਾਰੋਬਾਰ ਖ਼ਤਮ ਕਰ ਦਿੱਤਾ ਜੋ ਅਜੇ ਤਕ ਬੰਦ ਹੈ। ਇਸ ਕਾਰਨ ਆਈ.ਸੀ.ਪੀ. ਅਟਾਰੀ ਸਿਰਫ਼ ਅਫ਼ਗਾਨੀ ਦਰਾਮਦ ਤੱਕ ਸੀਮਤ ਰਹਿ ਗਈ ਹੈ ਜਦਕਿ 150 ਕਰੋੜ ਰੁਪਏ ਦੀ ਲਾਗਤ ਨਾਲ ਆਈ.ਸੀ.ਪੀ. ਨੂੰ ਪਾਕਿਸਤਾਨ ਨਾਲ ਦਰਾਮਦ-ਬਰਾਮਦ ਕਰਨ ਲਈ ਤਿਆਰ ਕੀਤਾ ਗਿਆ ਸੀ।

ਇੰਨਾ ਹੀ ਨਹੀਂ ਕਰੋੜਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਏਅਰ ਕੰਡੀਸ਼ਨਡ ਇੰਟਰਨੈਸ਼ਨਲ ਅਟਾਰੀ ਰੇਲਵੇ ਸਟੇਸ਼ਨ ਵੀ ਖੰਡਰ ਬਣਦਾ ਜਾ ਰਿਹਾ ਹੈ ਕਿਉਂਕਿ ਹੁਣ ਨਾ ਤਾਂ ਸਮਝੌਤਾ ਐਕਸਪ੍ਰੈੱਸ ਆਉਂਦੀ ਹੈ ਅਤੇ ਨਾ ਹੀ ਪਾਕਿਸਤਾਨ ਨਾਲ ਮਾਲ ਗੱਡੀ ਦਾ ਆਵਾਜਾਈ ਹੁੰਦੀ ਹੈ। ਅੰਤਰਰਾਸ਼ਟਰੀ ਰੇਲ ਕਾਰਗੋ ਦਾ ਵੀ ਇਹੀ ਹਾਲ ਹੈ ਅਤੇ ਉੱਥੇ ਤਾਲੇ ਲੱਗੇ ਹੋਏ ਮਿਲਦੇ ਹਨ ਪਰ ਇਸੇ ਆਈ.ਸੀ.ਪੀ. ਅਟਾਰੀ ਬੌਰਡਰ ਦੇ ਨਾਲ ਬਣੇ ਜੇ. ਸੀ. ਪੀ. (ਜੁਆਇੰਟ ਚੈੱਕ ਪੋਸਟ) ਅਟਾਰੀ ਬਾਰਡਰ ’ਤੇ ਬੀ. ਐੱਸ. ਐੱਫ਼. ਤੇ ਪਾਕਿਸਤਾਨ ਰੇਂਜਰਜ਼ ਦਰਮਿਆਨ ਹੋਣ ਵਾਲੀ ਪਰੇਡ ਅੱਜ ਵੀ ਜਾਰੀ ਹੈ, ਹਾਲਾਂਕਿ ਇਸ ਪਰੇਡ ’ਚ ਬੀ. ਐੱਸ. ਐੱਫ਼. ਵਲੋਂ ਝੰਡਾ ਉਤਾਰਨ ਦੀ ਰਸਮ ਨੂੰ ਪੂਰਾ ਕੀਤਾ ਜਾਂਦਾ ਹੈ ਅਤੇ ਇਹ ਰਵਾਇਤ ਵੀ ਹੈ।

ਦਰਾਮਦ-ਬਰਾਮਦ ਬੰਦ ਹੋਣ ਨਾਲ ਉੱਜੜ ਚੁੱਕੇ ਹਨ 20 ਹਜ਼ਾਰ ਪਰਿਵਾਰ

ਪਾਕਿਸਤਾਨ ਨਾਲ ਦਰਾਮਦ-ਬਰਾਮਦ ਬੰਦ ਹੋਣ ਨਾਲ ਅਟਾਰੀ ਤੇ ਅੰਮ੍ਰਿਤਸਰ ਖੇਤਰ ਦੇ ਲੱਗਭਗ 20 ਹਜ਼ਾਰ ਪਰਿਵਾਰ ਪਿਛਲੇ 5 ਸਾਲਾਂ ਤੋਂ ਬੇਰੁਜ਼ਗਾਰ ਹੋ ਚੁੱਕੇ ਹਨ ਅਤੇ ਉੱਜੜ ਚੁੱਕੇ ਹਨ। ਇਨ੍ਹਾਂ ਪਰਿਵਾਰਾਂ ’ਚ ਦਰਾਮਦਕਾਰ, ਬਰਾਮਦਕਾਰ, 5000 ਦੇ ਲੱਗਭਗ ਕੁਲੀ, ਹੈੱਲਪਰ, ਟਰਾਂਸਪੋਰਟਰ, ਟਰਾਂਸਪੋਰਟ ਲੇਬਰ, ਸੀ. ਐੱਚ. ਏ. ਤੇ ਹੋਰ ਕਰਮਚਾਰੀ ਸ਼ਾਮਲ ਹਨ ਜਿਨ੍ਹਾਂ ਦੀ ਰੋਜ਼ੀ ਰੋਟੀ ਆਈ.ਸੀ.ਪੀ. ਅਟਾਰੀ ’ਤੇ ਹੋਣ ਵਾਲੇ ਦਰਾਮਦ-ਬਰਾਮਦ ਨਾਲ ਚੱਲਦੀ ਸੀ। ਸਰਹੱਦੀ ਜ਼ਿਲ੍ਹਾ ਹੋਣ ਕਾਰਨ ਇਨ੍ਹਾਂ ਹਜ਼ਾਰਾਂ ਪਰਿਵਾਰਾਂ ਕੋਲ ਆਮਦਨ ਦਾ ਕੋਈ ਹੋਰ ਸਾਧਨ ਵੀ ਨਹੀਂ ਰਿਹਾ ਹੈ ਅਤੇ ਨਾ ਹੀ ਕਿਸੇ ਕੇਂਦਰ ਤੇ ਸੂਬਾ ਸਰਕਾਰ ਦੇ ਅਧਿਕਾਰੀ ਨੇ ਇਨ੍ਹਾਂ ਪਰਿਵਾਰਾਂ ਦੀ ਖਬਰ ਲਈ ਹੈ। ਸਰਹੱਦੀ ਇਲਾਕਾ ਹੋਣ ਕਾਰਨ ਇੱਥੇ ਕੋਈ ਹੋਰ ਕਾਰੋਬਾਰ ਵੀ ਨਹੀਂ ਹੈ। ਇੰਡਸਟਰੀ ਪਹਿਲਾਂ ਹੀ ਹਿਮਾਚਲ ਤੇ ਹੋਰ ਸੂਬਿਆਂ ਵਲ ਸ਼ਿਫ਼ਟ ਹੋ ਚੁੱਕੀ ਹੈ।

ਜੈਸ਼-ਏ-ਮੁਹੰਮਦ ਤੇ ਅਲ-ਕਾਇਦਾ ਦੇ ਨਿਸ਼ਾਨੇ ’ਤੇ ਹੈ ਰਿਟ੍ਰੀਟ ਸੈਰੇਮਨੀ ਪਰੇਡ

ਬੀ. ਐੱਸ. ਐੱਫ਼. ਤੇ ਪਾਕਿਸਤਾਨ ਰੇਂਜਰਜ਼ ਦਰਮਿਆਨ ਹੋਣ ਵਾਲੀ ਪਰੇਡ ਜੈਸ਼-ਏ-ਮੁਹੰਮਦ ਤੇ ਅਲ-ਕਾਇਦਾ ਵਰਗੇ ਅਤਿਵਾਦੀ ਸੰਗਠਨਾਂ ਦੇ ਨਿਸ਼ਾਨੇ ’ਤੇ ਵੀ ਹੈ। ਕਈ ਰਿਟ੍ਰੀਟ ਸੈਰੇਮਨੀ ਥਾਵਾਂ ’ਤੇ ਹਮਲਾ ਕਰਨ ਦੀਆਂ ਧਮਕੀਆਂ ਸੁਰੱਖ਼ਿਆ ਏਜੰਸੀਆਂ ਨੂੰ ਮਿਲ ਚੁੱਕੀਆਂ ਹਨ ਅਤੇ ਪਾਕਿਸਤਾਨੀ ਇਲਾਕੇ ’ਚ ਤਾਂ ਪਾਕਿਸਤਾਨ ਦੇ ਰਿਟ੍ਰੀਟ ਸੈਰੇਮਨੀ ਐਂਟਰੀ ਪੁਆਇੰਟ ’ਤੇ ਫ਼ਿਦਾਈਨ ਹਮਲਾ ਹੋ ਵੀ ਚੁੱਕਾ ਹੈ ਜਿਸ ਵਿੱਚ ਪਾਕਿਸਤਾਨ ਦੇ 62 ਲੋਕ ਮਾਰੇ ਗਏ ਸਨ। ਖ਼ੁਸ਼ਕਿਸਮਤੀ ਇਹ ਰਹੀ ਸੀ ਜਿਸ ਸਮੇਂ ਫ਼ਿਦਾਈਨ ਹਮਲਾ ਹੋਇਆ ਉਸ ਸਮੇਂ ਭਾਰਤੀ ਟੂਰਿਸਟ ਗੈਲਰੀ ’ਚ ਪਰੇਡ ਦੇਖਣ ਆਏ ਲੋਕ ਜਾ ਚੁੱਕੇ ਸਨ।

ਆਈ. ਸੀ. ਪੀ. ਅਟਾਰੀ ਬੌਰਡਰ ’ਤੇ ਦਰਾਮਦ-ਬਰਾਮਦ ਬੰਦ ਹੋਣ ਤੋਂ ਬਾਅਦ ਅੰਮ੍ਰਿਤਸਰ ਬੌਰਡਰ ’ਚ ਹੈਰੋਇਨ ਦੀ ਸਮੱਗਲਿੰਗ ਵੀ ਕਾਫ਼ੀ ਵੱਧ ਚੁੱਕੀ ਹੈ। ਆਲਮ ਇਹ ਹੈ ਕਿ ਹੁਣ ਤੱਕ ਦੀ ਸਭ ਤੋਂ ਵੱਡੀ ਹੈਰੋਇਨ ਦੀ ਖੇਪ 532 ਕਿਲੋ ਤੇ 52 ਕਿਲੋ ਮਿਕਸਡ ਨਾਰਕੋਟਿਕਸ ਵੀ 532 ਆਈ.ਸੀ.ਪੀ. ’ਤੇ ਫ਼ੜੀ ਜਾ ਚੁੱਕੀ ਹੈ। ਮਾਹਿਰਾਂ ਦੀ ਮੰਨੀਏ ਤਾਂ ਜੋ ਲੋਕ ਸਮੱਗਲਿੰਗ ਦਾ ਕੰਮ ਛੱਡ ਕੇ ਮਿਹਨਤ ਮਜਦੂਰੀ ਕਰ ਕੇ ਆਈ. ਸੀ. ਪੀ. ’ਤੇ ਹੋਣ ਵਾਲੇ ਦਰਾਮਦ-ਬਰਾਮਦ ਨਾਲ ਆਪਣੇ ਪੇਟ ਪਾਲ ਰਹੇ ਸਨ, ਉਹ ਫ਼ਿਰ ਤੋਂ ਹੈਰੋਇਨ ਸਮੱਗਲਿੰਗ ਦੇ ਖੇਡ ’ਚ ਸ਼ਾਮਲ ਹੋ ਚੁੱਕੇ ਸਨ। ਇੱਕ ਪਾਸੇ ਸਰਹੱਦੀ ਇਲਾਕਿਆਂ ’ਚ ਬੇਰੋਜ਼ਗਾਰੀ ਤਾਂ ਦੂਜੇ ਪਾਸੇ ਡ੍ਰੋਨ ਦੀ ਤਕਨੀਕ ਦਾ ਇਸਤੇਮਾਲ ਹੋਣ ਕਾਰਨ ਹੈਰੋਇਨ ਦੀ ਸਮੱਗਲਿੰਗ ਪਹਿਲਾਂ ਤੋਂ ਕਿਤੇ ਜ਼ਿਆਦਾ ਵੱਧ ਚੁੱਕੀ ਹੈ। ਜਿਸ ਤਰ੍ਹਾਂ ਸਰਹੱਦੀ ਇਲਾਕਿਆਂ ’ਚ ਡ੍ਰੋਨਜ ਉੱਡਦੇ ਨਜ਼ਰ ਆਉਂਦੇ ਹਨ ਅਤੇ ਖੇਤਾਂ ’ਚ ਡਿੱਗੇ ਮਿਲਦੇ ਹਨ।

ਉਸ ਨੂੰ ਦੇਖ ਕੇ ਇਹੀ ਲੱਗਦਾ ਹੈ ਕਿ ਡ੍ਰੋਨ ਦੀ ਆਮਦ ਹੁਣ ਆਊਟ ਔਫ਼ ਕੰਟਰੋਲ ਹੋ ਚੁੱਕੀ ਹੈ। ਬੀ. ਐੱਸ. ਐੱਫ਼. ਵਲੋਂ ਇੱਕ ਸਾਲ ਦੌਰਾਨ 100 ਤੋਂ ਜ਼ਿਆਦਾ ਡ੍ਰੋਨ ਦੀ ਮੂਵਮੈਂਟ ਹੋਈ ਹੈ ਅਤੇ ਡ੍ਰੋਨ ਹੈਰੋਇਨ ਦੀ ਖੇਪ ਛੱਡ ਕੇ ਵਾਪਸ ਮੁੜ ਚੁੱਕਾ ਹੈ। ਹਾਲਾਂਕਿ ਇਸ ਸਮੇਂ ਕੇਂਦਰ ਤੇ ਸੂਬਾ ਸਰਕਾਰ ਵਲੋਂ ਡ੍ਰੋਨ ਦੀ ਸੂਚਨਾ ਦੇਣ ਵਾਲਿਆਂ ’ਤੇ ਇਨਾਮ ਵੀ ਰੱਖਿਆ ਗਿਆ ਹੈ ਅਤੇ ਵਿਲੇਜ਼ ਡਿਫ਼ੈਂਸ ਕਮੇਟੀਆਂ ਦਾ ਗਠਨ ਵੀ ਕੀਤਾ ਗਿਆ ਹੈ।

## ਅਮਰੀਕਾ ਦੇ ਜ਼ਿਆਦਾਤਰ ਵੋਟਰ ਬਾਈਡੇਨ ਨੂੰ ਮੰਨਦੇ ਹਨ ਕਮਜ਼ੋਰ ਫੌਜੀ ਨੇਤਾ



ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਜ਼ਿਆਦਾਤਰ ਸੰਭਾਵੀ ਵੋਟਰ ਰਾਸ਼ਟਰਪਤੀ ਜੋਅ ਬਾਈਡੇਨ ਨੂੰ ਹਾਲੀਆ ਹੋਰ ਰਾਸ਼ਟਰਪਤੀਆਂ ਦੇ ਮੁਕਾਬਲੇ ਅਮਰੀਕੀ ਫੌਜ ਦਾ ਕਮਜ਼ੋਰ ਕਮਾਂਡਰ ਅਤੇ ਮੁਖੀ ਮੰਨਦੇ ਹਨ। ਇਹ ਖੁਲਾਸਾ 18 ਤੋਂ 20 ਮਾਰਚ ਦਰਮਿਆਨ ਹੋਏ ਰਾਸਮੁਸੇਨ ਰਿਪੋਰਟਸ ਪੋਲ ਵਿੱਚ ਹੋਇਆ ਹੈ। ਸਰਵੇਖਣ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ 53 ਫ਼ੀਸਦੀ ਵੋਟਰਾਂ ਦਾ ਮੰਨਣਾ ਹੈ ਕਿ ਬਾਈਡੇਨ ਹਾਲ ਹੀ ਦੇ ਅਮਰੀਕੀ ਰਾਸ਼ਟਰਪਤੀਆਂ ਦੀ ਤੁਲਨਾ ਵਿੱਚ ਇੱਕ ਕਮਜ਼ੋਰ ਫੌਜੀ ਕਮਾਂਡਰ ਹਨ।

ਸਰਵੇਖਣ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇੱਕ-ਚੌਥਾਈ ਤੋਂ ਘੱਟ ਯਾਨੀ 24 ਫ਼ੀਸਦੀ ਵੋਟਰਾਂ ਦਾ ਮੰਨਣਾ ਹੈ ਕਿ ਬਾਈਡੇਨ ਹੋਰ ਹਾਲੀਆ ਰਾਸ਼ਟਰਪਤੀਆਂ ਦੇ ਮੁਕਾਬਲੇ ਇੱਕ ਮਜ਼ਬੂਤ ਫ਼ੌਜੀ ਨੇਤਾ ਹਨ, ਜਦੋਂ ਕਿ 20 ਫ਼ੀਸਦੀ ਬਾਈਡੇਨ ਨੂੰ ਹੋਰ ਰਾਸ਼ਟਰਪਤੀਆਂ ਵਾਂਗ ਹੀ ਮੰਨਦੇ ਹਨ। ਪੋਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਪ੍ਰੈਲ 2022 ਤੋਂ ਬਾਅਦ ਅੰਕੜਿਆਂ ਵਿੱਚ ਮਾਮੂਲੀ ਬਦਲਾਅ ਹੋਇਆ ਹੈ। ਇਹ ਸਰਵੇਖਣ ਯੂਕ੍ਰੇਨ ਅਤੇ ਇਜ਼ਰਾਈਲ ਵਿੱਚ ਸੰਘਰਸ਼ਾਂ ਦੇ ਨਾਲ-ਨਾਲ ਲਾਲ ਸਾਗਰ ਵਿੱਚ ਇੱਕ ਫੌਜੀ ਕਾਰਵਾਈ ਵਿੱਚ ਅਮਰੀਕਾ ਦੀ ਸ਼ਮੂਲੀਅਤ ਦੇ ਵਿਚਕਾਰ ਆਇਆ ਹੈ।

## ਭਾਰਤੀ ਸੈਲਾਨੀਆਂ ’ਚ ਵਧਿਆ ਆਸਟ੍ਰੇਲੀਆ ਜਾਣ ਦਾ ਰੁਝਾਨ




ਸਿਡਨੀ/ਏ.ਟੀ.ਨਿਊਜ਼ : ਭਾਰਤੀ ਲੋਕਾਂ ਦਾ ਆਸਟ੍ਰੇਲੀਆ ਜਾਣ ਦਾ ਚਾਅ ਅਜੇ ਵੀ ਬਰਕਰਾਰ ਹੈ। ਇਸ ਹਿਸਾਬ ਨਾਲ ਇਸ ਸਾਲ ਜਨਵਰੀ ’ਚ 26,200 ਭਾਰਤੀ ਸੈਲਾਨੀ ਆਸਟ੍ਰੇਲੀਆ ਪਹੁੰਚੇ, ਜੋ ਸਾਲ-ਦਰ-ਸਾਲ ਦੀ ਤੁਲਨਾ ’ਚ ਲਗਭਗ ਛੇ ਫ਼ੀਸਦੀ ਦਾ ਵਾਧਾ ਹੈ। ਟੂਰਿਜ਼ਮ ਆਸਟ੍ਰੇਲੀਆ ਨੇ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਇਸ ਤੋਂ ਇਲਾਵਾ ਭਾਰਤ ਨੇ ਆਪਣੀ ਸਥਿਤੀ ਵਿੱਚ ਵੀ ਕਾਫ਼ੀ ਸੁਧਾਰ ਕੀਤਾ ਹੈ। ਟੂਰਿਜ਼ਮ ਆਸਟ੍ਰੇਲੀਆ ਲਈ ਭਾਰਤ 2019 ਵਿੱਚ ਸੱਤਵੇਂ ਸਥਾਨ ’ਤੇ ਸੀ ਅਤੇ 2024 ਵਿੱਚ ਇਹ ਪੰਜਵੇਂ ਸਥਾਨ ’ਤੇ ਆ ਗਿਆ ਹੈ।

ਟੂਰਿਜ਼ਮ ਆਸਟ੍ਰੇਲੀਆ ਦੇ ਕੰਟਰੀ ਮੈਨੇਜਰ (ਭਾਰਤ ਅਤੇ ਖਾੜੀ) ਨਿਸ਼ਾਂਤ ਕਾਸ਼ੀਕਰ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ, ਜਨਵਰੀ ਵਿੱਚ ਅਸੀਂ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਅਤੇ 26,200 ਭਾਰਤੀਆਂ ਨੇ ਆਸਟ੍ਰੇਲੀਆ ਦਾ ਦੌਰਾ ਕੀਤਾ। ਇਹ 2019 ਦੇ ਇਸੇ ਮਹੀਨੇ ਦੌਰਾਨ 24,700 ਦੇ ਮੁਕਾਬਲੇ 6.07 ਫ਼ੀਸਦੀ ਦਾ ਵਾਧਾ ਹੈ। ਉਨ੍ਹਾਂ ਨੇ ਕਿਹਾ, ‘ਜੇਕਰ ਅਸੀਂ ਫਰਵਰੀ 2023 ਤੋਂ ਜਨਵਰੀ 2024 ਤੱਕ ਦੀ ਗਿਣਤੀ ਕਰੀਏ ਤਾਂ ਆਸਟ੍ਰੇਲੀਆ ਜਾਣ ਵਾਲੇ ਭਾਰਤੀਆਂ ਦੀ ਕੁੱਲ ਗਿਣਤੀ 4,00,000 ਦਾ ਅੰਕੜਾ ਪਾਰ ਕਰਕੇ 4,02,200 ਤੱਕ ਪਹੁੰਚ ਗਈ ਹੈ।’

ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸੈਲਾਨੀਆਂ ਦੀ ਗਿਣਤੀ ਵਿੱਚ ਇਹ ਵਾਧਾ ਮੁੱਖ ਤੌਰ ’ਤੇ ਟੂਰਿਜ਼ਮ ਆਸਟ੍ਰੇਲੀਆ ਦੀਆਂ ਏਅਰ ਲਾਈਨਾਂ, ਪ੍ਰਮੁੱਖ ਵੰਡ ਭਾਈਵਾਲਾਂ ਅਤੇ ਭਾਰਤ ਵਿੱਚ 5000 ਤੋਂ ਵੱਧ ਆਸਟ੍ਰੇਲੀਅਨ ਮਾਹਿਰ ਏਜੰਟਾਂ ਨਾਲ ਵਿਚਾਰ ਅਤੇ ਪਰਿਵਰਤਨ ਲਈ ਸਾਂਝੇ ਯਤਨਾਂ ਕਾਰਨ ਹੋਇਆ ਹੈ। ਕਾਸ਼ੀਕਰ ਨੇ ਕਿਹਾ ਕਿ ਨਵੀਂ ਦਿੱਲੀ, ਬੈਂਗਲੁਰੂ ਅਤੇ ਮੁੰਬਈ ਨੂੰ ਜੋੜਨ ਵਾਲੀਆਂ ਏਅਰਲਾਈਨਾਂ ਦੀਆਂ ਉਡਾਣਾਂ ਦੀ ਗਿਣਤੀ 2019 ਵਿੱਚ 8 ਪ੍ਰਤੀ ਹਫ਼ਤੇ ਤੋਂ ਵਧ ਕੇ 28 ਹੋ ਗਈ ਹੈ।

## ਕੈਨੇਡਾ ਸਰਕਾਰ ਦੇ ਸਖ਼ਤ ਫ਼ੈਸਲੇ ਕਾਰਨ ਕੈਨੇਡਾ ਜਾਣਾ ਹੁਣ ਹੋਰ ਔਖਾ ਹੋਇਆ

ਮਿਸੀਸਾਗਾ/ਏ.ਟੀ.ਨਿਊਜ਼ : ਕੈਨੇਡਾ ਸਰਕਾਰ ਹੁਣ ਕੱਚੇ ਵਿਦੇਸ਼ੀ ਕਾਮਿਆਂ ਦੀ ਗਿਣਤੀ ਵਿਚ ਵੱਡੀ ਕਟੌਤੀ ਕਰ ਰਹੀ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਸੀਮਤ ਕਰ ਦਿੱਤੀ ਸੀ।

ਇਸ ਮੌਕੇ ਇਥੇ ਅਸਥਾਈ ਤੌਰ ਉਤੇ ਰਹਿੰਦੇ 25 ਲੱਖ ਵਿਦੇਸ਼ੀਆਂ (ਟੀ ਆਰ) ਦੀ ਗਿਣਤੀ ਨੂੰ ਆਉਂਦੇਸਤੰਬਰ ਤੱਕ ਘਟਾ ਕੇ 20 ਲੱਖ ਕੀਤਾ ਜਾਏਗਾ। ਆਵਾਸ ਮੰਤਰੀ ਮਾਈਕ ਮਿਲਰ ਨੇ ਵਿਭਾਗ ਵੱਲੋਂ ਲਏ ਫੈਸਲੇ ਬਾਰੇ ਦੱਸਿਆ ਸੀ ਕਿ ਸਰਕਾਰ ਆਵਾਸ ਨਿਯਮਾਂ ਵਿਚਲੀਆਂ ਚੋਰ ਮੋਰੀਆਂ ਰਾਹੀਂ ਕੀਤੇ ਜਾਂਦੇ ਕਾਲੇ ਧੰਦੇ ਬੰਦ ਕਰਨਾ ਚਾਹੁੰਦੀ ਹੈ, ਜਿਸ ਲਈ ਸਖਤ ਫੈਸਲੇ ਲੈਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਮੰਤਰੀ ਨੇ ਕਿਹਾ ਕਿ ਦੇਸ਼ ’ਚ ਕੁੱਲ ਆਬਾਦੀ ਦਾ ਸਵਾ 6 ਫੀਸਦ ਕੱਚੇ ਕਾਮੇ ਹਨ, ਜਿਸ ਨੂੰ ਘਟਾ ਕੇ ਸਤੰਬਰ ਤੱਕ 5 ਫੀਸਦ ਕੀਤਾ ਜਾਏਗਾ। ਵਪਾਰਕ ਅਦਾਰਿਆਂ ਨੂੰ 30 ਫੀਸਦ ਕੱਚੇ ਵਿਦੇਸ਼ੀ ਕਾਮੇ ਸੱਦਣ ਦੀ ਛੋਟ ਹੁਣ 20 ਫੀਸਦ ਹੋਵੇਗੀ।

ਮਿਲਰ ਨੇ ਸਪਸ਼ਟ ਕੀਤਾ ਕਿ ਸਿਸਟਮ ਨੂੰ ਵਿਦੇਸ਼ੀ ਕੱਚੇ ਕਾਮਿਆਂ ਦੀ ਨਿਰਭਰਤਾ ’ਚੋਂ ਉਭਾਰਨ ਲਈ ਕਾਰਜਕੁਸ਼ਲ ਤੇ ਸਵੈ-ਨਿਰਭਰ ਬਣਾਉਣਾ ਸਮੇਂ ਦੀ ਲੋੜ ਹੈ, ਜਿਸ ਕਾਰਨ ਸਖਤ ਫੈਸਲੇ ਲਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਵਿਦੇਸ਼ੀਆਂ ਦੀ ਆਮਦ ਉੱਤੇ ਇਹ ਪਾਬੰਦੀਆਂ ਪਹਿਲੀ ਮਈ ਤੋਂ ਲਾਗੂ ਹੋਣਗੀਆਂ ਤੇ ਸਤੰਬਰ ਤੱਕ ਗਿਣਤੀ ਘਟਾ ਲਈ ਜਾਏਗੀ। ਇਹ ਫੈਸਲਾ ਤਿੰਨ ਸਾਲ ਤੱਕ ਲਾਗੂ ਰਹੇਗਾ।

## ਅਤਿਵਾਦੀ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਖਮਿਆਜ਼ਾ ਭੁਗਤਣਾ ਪਵੇਗਾ : ਪੁਤਿਨ

ਮਾਸਕੋ : ‘ਐਕਸ’ ’ਤੇ ਪੋਸਟ ਕੀਤੇ ਦੇਸ਼ ਦੇ ਨਾਂ ਸੰਬੋਧਨ ’ਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਸਾਰੇ ਲੋਕ, ਜੋ ਇਸ ਅਪਰਾਧ ਲਈ ਜ਼ਿੰਮੇਵਾਰ ਹਨ, ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਅਸੀਂ ਉਨ੍ਹਾਂ ਸਾਰਿਆਂ ਦੀ ਪਛਾਣ ਕਰਾਂਗੇ, ਜੋ ਇਨ੍ਹਾਂ ਅਤਿਵਾਦੀਆਂ ਦੇ ਪਿੱਛੇ ਖੜ੍ਹੇ ਹਨ। ਇਹ ਰੂਸ ਖ਼ਿਲਾਫ਼ ਹਮਲਾ ਹੈ। ਟੀ. ਏ. ਐੱਸ. ਐੱਸ. ਨੇ ਰੂਸ ਦੀ ਸੰਘੀ ਸੁਰੱਖ਼ਿਆ ਸੇਵਾ ( ਐੱਫ਼. ਐੱਸ. ਬੀ.) ਦੇ ਇੱਕ ਬਿਆਨ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਰੂਸੀ ਖ਼ੁਫ਼ੀਆ ਏਜੰਸੀਆਂ ਨੇ 4 ਅਤਿਵਾਦੀਆਂ ਸਮੇਤ 11 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਨ੍ਹਾਂ ਬਾਰੇ ਦਾਅਵਾ ਹੈ ਕਿ ਉਹ ਕ੍ਰੋਕਸ ਸਿਟੀ ਹਾਲ ’ਤੇ ਹਮਲੇ ਵਿੱਚ ਸ਼ਾਮਲ ਸਨ। ਇਸ ਦੌਰਾਨ ਪੁਤਿਨ ਨੇ ਹਮਲੇ ’ਚ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਚਰਚ ’ਚ ਮੋਮਬੱਤੀਆਂ ਜਗਾਈਆਂ।

## ਦਰਪਣ ਝੂਠ ਨਹੀਂ ਬੋਲਦਾ

**ਮਾਮਲਾ ਪੰਨੂ ਦੇ ਕਤਲ ਦੀ ਸਾਜ਼ਿਸ਼ ਕਰਨ ਦਾ**

# ਭਾਰਤ ਨੇ ਨਿਯੁਕਤ ਜਾਂਚ ਪੈਨਲ ਦੇ ਨਤੀਜੇ ਅਮਰੀਕੀ ਅਧਿਕਾਰੀਆਂ ਨੂੰ ਸੌਂਪੇ -ਬਲੂਮਬਰਗ ਦੀ ਰਿਪੋਰਟ

ਅਮਰੀਕੀ ਵਕੀਲਾਂ ਨੇ ਪਿਛਲੇ ਸਾਲ ਨਵੰਬਰ ਵਿੱਚ ਦੋਸ਼ ਲਾਇਆ ਸੀ ਕਿ ਖ਼ਾਲਿਸਤਾਨ ਪੱਖੀ ਅਮਰੀਕੀ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਅਸਫਲ ਸਾਜ਼ਿਸ਼ ਪਿੱਛੇ ਇੱਕ ਭਾਰਤੀ ਅਧਿਕਾਰੀ ਦਾ ਹੱਥ ਸੀ। ਹੁਣ ਇਸ ਮਾਮਲੇ ਦੀ ਜਾਂਚ ਦੇ ਸਬੰਧ ਬਲੂਮਬਰਗ ਦੀ ਰਿਪੋਰਟ ਅਨੁਸਾਰ ਘੱਟੋ-ਘੱਟ ਇੱਕ ਵਿਅਕਤੀ ਭਾਰਤ ਸਰਕਾਰ ਦਾ ਕਰਮਚਾਰੀ ਹੈ ਪਰ ਉਹ ਹੁਣ ਭਾਰਤੀ ਜਾਸੂਸੀ ਏਜੰਸੀ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਲਈ ਕੰਮ ਨਹੀਂ ਕਰਦਾ। ਇਸ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਇੱਕ ਬੇਨਾਮ ਸੀਨੀਅਰ ਅਧਿਕਾਰੀ ਨੇ ਬਲੂਮਬਰਗ ਨੂੰ ਇਸ ਬਾਰੇ ਦੱਸਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਵੀਂ ਦਿੱਲੀ ਨੇ ਸਰਕਾਰ ਦੁਆਰਾ ਨਿਯੁਕਤ ਜਾਂਚ ਪੈਨਲ ਦੇ ਨਤੀਜੇ ਅਮਰੀਕੀ ਅਧਿਕਾਰੀਆਂ ਨੂੰ ਸੌਂਪ ਦਿੱਤੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਰਿਪੋਰਟ 'ਤੇ ਟਿੱਪਣੀ ਲਈ ਰਾਇਟਰਜ਼ ਦੀ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਨੇ ਹਾਲੇ ਤੱਕ ਦੋਸ਼ੀ ਦੇ ਖ਼ਿਲਾਫ਼ ਕੋਈ ਅਪਰਾਧਿਕ ਕਾਰਵਾਈ ਸ਼ੁਰੂ ਨਹੀਂ ਕੀਤੀ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਕਥਿਤ ਸਾਜ਼ਿਸ਼ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਅਪਰਾਧਿਕ ਮੁਕੱਦਮਾ ਚਲਾਉਣ ਦੀ ਮੰਗ ਕਰ ਰਿਹਾ ਹੈ। ਅਮਰੀਕੀ ਅਧਿਕਾਰੀਆਂ ਵੱਲੋਂ ਸਾਜ਼ਿਸ਼ ਨੂੰ ਨਾਕਾਮ ਕਰਨ ਅਤੇ ਸਰਕਾਰ ਦੀ ਸ਼ਮੂਲੀਅਤ ਦੀਆਂ ਚਿੰਤਾਵਾਂ 'ਤੇ ਭਾਰਤ ਨੂੰ ਚਿਤਾਵਨੀ ਜਾਰੀ ਕਰਨ ਤੋਂ ਬਾਅਦ ਭਾਰਤ ਸਰਕਾਰ ਨੇ ਜਾਂਚ ਪੈਨਲ ਦਾ ਗਠਨ ਕੀਤਾ ਸੀ।



ਇਸ ਤੋਂ ਪਹਿਲਾਂ ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਰਚਣ ਦੇ ਦੋਸ਼ 'ਤੇ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਇਹ ਚਿੰਤਾ ਦਾ ਵਿਸ਼ਾ ਹੈ ਅਤੇ ਭਾਰਤ ਸਰਕਾਰ ਦੀ ਨੀਤੀ ਦੇ ਉਲਟ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਇੱਕ ਉੱਚ ਪੱਧਰੀ ਕਮੇਟੀ ਇਸ ਮਾਮਲੇ ਦੇ ਸਾਰੇ ਪਹਿਲੂਆਂ ਦੀ ਜਾਂਚ ਕਰ ਰਹੀ ਹੈ।

ਅਮਰੀਕਾ ਵਿੱਚ ਪੰਨੂ ਸਿੱਖਸ ਫਾਰ ਜਸਟਿਸ ਨਾਂ ਦੀ ਸੰਸਥਾ ਚਲਾਉਂਦਾ ਹੈ। ਇਹ ਜਥੇਬੰਦੀ ਸਿੱਖਾਂ ਲਈ ਵੱਖਰੇ ਖ਼ਾਲਿਸਤਾਨ ਦੀ ਮੰਗ ਕਰਦੀ ਹੈ। ਇਹ 2007 ਵਿੱਚ ਅਮਰੀਕਾ ਵਿੱਚ ਸਥਾਪਿਤ ਕੀਤੀ ਗਈ ਸੀ। ਇਸ ਦੇ ਮੋਢੀ ਪੰਨੂ ਹਨ। ਪੰਨੂ ਨੇ ਪੰਜਾਬ ਯੂਨੀਵਰਸਿਟੀ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ ਹੈ ਅਤੇ ਇਸ ਸਮੇਂ ਅਮਰੀਕਾ ਵਿੱਚ ਕਾਨੂੰਨ ਦੀ ਪ੍ਰੈਕਟਿਸ ਕਰ ਰਿਹਾ ਹੈ। ਉਹ ਸਿੱਖ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਵੀ ਹਨ।ਪੰਨੂ ਦੇ ਕਤਲ ਦੀ ਕਥਿਤ ਸਾਜ਼ਿਸ਼ ਨਵੰਬਰ ਵਿੱਚ ਸਾਹਮਣੇ ਆਈ ਸੀ ਜਦੋਂ ਕੈਨੇਡਾ ਨੇ ਦੋ ਮਹੀਨੇ ਪਹਿਲਾਂ ਦੋਸ਼ ਲਾਇਆ ਸੀ ਕਿ ਜੂਨ ਵਿੱਚ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਮਜ਼ਬੂਤ ਸੰਕੇਤ ਹਨ।

ਹਰਦੀਪ ਸਿੰਘ ਨਿੱਝਰ ਦੀ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਇੱਕ ਗੁਰਦੁਆਰੇ ਦੇ ਸਾਹਮਣੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਭਾਰਤ ਸਰਕਾਰ ਨਿੱਝਰ ਨੂੰ ਇੱਕ ਵਾਂਟਿਡ ਖਾੜਕੂ ਮੰਨਦੀ ਸੀ ਅਤੇ ਉਸ ਨੂੰ ਇੱਕ ਖਾੜਕੂ ਵੱਖਵਾਦੀ ਸੰਗਠਨ ਦਾ ਨੇਤਾ ਦੱਸਿਆ ਸੀ। ਹਾਲਾਂਕਿ ਨਿੱਝਰ ਦੇ ਸਮਰਥਕ ਇਸ ਨੂੰ ਪੂਰੀ ਤਰ੍ਹਾਂ ਗਲਤ ਦੱਸਦੇ ਹਨ।

ਅਮਰੀਕਾ ਨੇ ਕਿਹਾ ਹੈ ਕਿ ਉਹ ਗੁਰਪਤਵੰਤ ਪੰਨੂ ਮਾਮਲੇ ਦੀ ਜਾਂਚ ਨੂੰ ਗੰਭੀਰਤਾ ਨਾਲ ਦੇਖ ਰਿਹਾ ਹੈ ਅਤੇ ਭਾਰਤ ਸਰਕਾਰ ਨੂੰ ਵੀ ਇਸ ਵਿੱਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ ਹੈ।ਅਮਰੀਕੀ ਵਿਦੇਸ਼ ਵਿਭਾਗ ਦੇ ਅਧਿਕਾਰੀ ਅਤੇ ਮੱਧ ਏਸ਼ੀਆ ਲਈ ਸਹਾਇਕ ਸਕੱਤਰ ਡੋਨਾਲਡ ਲੂ ਤੋਂ ਪੁੱਛਿਆ ਗਿਆ ਸੀ ਕਿ ਕੀ ਅਮਰੀਕਾ ਪੰਨੂ ਮਾਮਲੇ ਵਿੱਚ ਸ਼ਾਮਲ ਲੋਕਾਂ 'ਤੇ ਪਾਬੰਦੀਆਂ ਲਾਵੇਗਾ ਅਤੇ ਹੋਰ ਸਖ਼ਤ ਕਦਮ ਚੁੱਕੇਗਾ। ਇਸ 'ਤੇ ਡੋਨਾਲਡ ਲੂ ਨੇ ਕਿਹਾ ਕਿ ਇਹ ਗੰਭੀਰ ਮੁੱਦਾ ਹੈ। ਇਸ ਵਿੱਚ ਭਾਰਤ ਸਰਕਾਰ ਦੇ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਸ ਲਈ ਅਸੀਂ ਇਸ ਕੇਸ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ। ਇਸ ਨੂੰ ਭਾਰਤ ਕੋਲ ਉੱਚ ਪੱਧਰ 'ਤੇ ਉਠਾਇਆ ਗਿਆ ਹੈ। ਅਸੀਂ ਭਾਰਤ ਨੂੰ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਉਣ ਲਈ ਕਿਹਾ ਹੈ। ਇਸ ਸਮੇਂ ਵੀ, ਅਸੀਂ ਇਸ ਮਾਮਲੇ 'ਤੇ ਭਾਰਤ ਨਾਲ ਕੰਮ ਕਰ ਰਹੇ ਹਾਂ ਤਾਂ ਜੋ ਇਸ ਵਿੱਚ ਸ਼ਾਮਲ ਲੋਕਾਂ ਨੂੰ ਜਲਦੀ ਤੋਂ ਜਲਦੀ ਨਿਆਂ ਦੇ ਘੇਰੇ ਵਿੱਚ ਲਿਆਂਦਾ ਜਾ ਸਕੇ।

ਲੂ ਨੇ ਕਿਹਾ ਕਿ ਇਸ ਮਾਮਲੇ ਦੀ ਜਲਦੀ ਅਤੇ ਪਾਰਦਰਸ਼ੀ ਜਾਂਚ ਦੀ ਲੋੜ ਹੈ। ਇਹ ਦੇਖਦੇ ਹੋਏ ਕਿ ਭਾਰਤ ਨੇ ਇੱਕ ਜਾਂਚ ਕਮੇਟੀ ਦਾ ਐਲਾਨ ਕੀਤਾ ਹੈ, ਲੂ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਨਿਆਂ ਯਕੀਨੀ ਬਣਾਉਣ ਲਈ ਜਲਦੀ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰਨ ਲਈ ਕਹਿੰਦੇ ਹਾਂ। ਲੂ ਦੀਆਂ ਟਿੱਪਣੀਆਂ ਤੋਂ ਇਹ ਸੰਕੇਤ ਨਹੀਂ ਮਿਲਦਾ ਕਿ ਭਾਰਤ ਨੇ ਕਮੇਟੀ ਦੀ ਜਾਂਚ ਤੋਂ ਕੋਈ ਸਿੱਟਾ ਕੱਢਿਆ ਹੈ।

ਪਿਛਲੇ ਸਾਲ ਨਵੰਬਰ ਵਿੱਚ, ਅਮਰੀਕੀ ਵਕੀਲਾਂ ਨੇ ਦੋਸ਼ ਲਾਇਆ ਸੀ ਕਿ ਨਿਖਿਲ ਗੁਪਤਾ ਨਾਮ ਦੇ ਇੱਕ ਭਾਰਤੀ ਨਾਗਰਿਕ ਨੇ ਭਾਰਤ ਸਰਕਾਰ ਦੇ ਇੱਕ ਅਧਿਕਾਰੀ ਦੇ ਹੁਕਮਾਂ 'ਤੇ ਅਮਰੀਕੀ ਧਰਤੀ 'ਤੇ ਇੱਕ ਵਿਅਕਤੀ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਰਚੀ ਸੀ।

# ਦੁਨੀਆਂ ਭਰ 'ਚ ਉਦਾਰਵਾਦੀ ਲੋਕਤੰਤਰ ਦੀਆਂ ਜੜ੍ਹਾਂ ਕਮਜ਼ੋਰ ਹੋਈਆਂ

## ਬਰਟੇਲਸਮੈਨ ਫਾਊਂਡੇਸ਼ਨ ਦੀ ਰਿਪੋਰਟ ਮੁਤਾਬਕ 63 ਦੇਸ਼ਾਂ ਵਿੱਚ ਲੋਕਤੰਤਰੀ ਸਰਕਾਰਾਂ ਤੇ 74 ਦੇਸ਼ਾਂ 'ਚ ਤਾਨਾਸ਼ਾਹੀ ਸਰਕਾਰਾਂ

ਦੁਨੀਆਂ ਭਰ ਵਿੱਚ ਉਦਾਰਵਾਦੀ ਲੋਕਤੰਤਰ ਕਮਜ਼ੋਰ ਹੋ ਰਿਹਾ ਹੈ। ਇਹ ਉਦਾਰਵਾਦੀ ਜਮਹੂਰੀਅਤ ਦੇ ਸਮਰਥਕਾਂ ਲਈ ਗੰਭੀਰ ਆਤਮ ਚਿੰਤਨ ਦਾ ਵਿਸ਼ਾ ਹੈ ਕਿ ਉਦਾਰਵਾਦੀ ਜਮਹੂਰੀਅਤ ਲੋਕਾਂ ਦੀਆਂ ਆਸਾਂ ਨੂੰ ਪੂਰਾ ਕਰਨ ਵਿਚ ਨਾਕਾਮ ਹੋ ਰਹੀ ਹੈ।ਅਜਿਹੇ ਵਰਤਾਰੇ ਦੇ ਕਾਰਨਾਂ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਵੈਰਾਇਟੀ ਆਫ਼ ਡੈਮੋਕਰੇਸੀਜ਼ (ਵੀ-ਡੈਮ) ਦੀ ਤਾਜ਼ਾ ਰਿਪੋਰਟ ਤੋਂ ਇਹ ਵਿਚਾਰ ਸਪੱਸ਼ਟ ਹੋਇਆ ਹੈ।

ਹਾਲ ਹੀ ਦੇ ਸਾਲਾਂ ਵਿਚ ਅਮਰੀਕੀ ਸੰਗਠਨ ਫਰੀਡਮ ਹਾਊਸ ਵੀ ਆਪਣੀਆਂ ਰਿਪੋਰਟਾਂ ਵਿੱਚ ਇਹੀ ਸਿੱਟਾ ਕੱਢਦਾ ਰਿਹਾ ਹੈ। ਹੁਣ ਇੱਕ ਜਰਮਨ ਸੰਗਠਨ ਨੇ ਕਿਹਾ ਹੈ ਕਿ ਦੁਨੀਆਂ ਵਿੱਚ ਲੋਕਤੰਤਰੀ ਸਰਕਾਰਾਂ ਦੀ ਗਿਣਤੀ ਘੱਟ ਰਹੀ ਹੈ। ਬਰਟੇਲਸਮੈਨ ਫਾਊਂਡੇਸ਼ਨ ਦੀ ਰਿਪੋਰਟ ਲੋਕਤੰਤਰ ਦੀ ਸਥਿਤੀ ਦਾ ਅੰਤਰਰਾਸ਼ਟਰੀ ਵਿਸ਼ਲੇਸ਼ਣ ਪੇਸ਼ ਕਰਦੀ ਹੈ। ਰਿਪੋਰਟ ਮੁਤਾਬਕ ਇਸ ਸਮੇਂ 63 ਦੇਸ਼ਾਂ ਵਿਚ ਲੋਕਤੰਤਰੀ ਸਰਕਾਰਾਂ ਹਨ ਪਰ 74 ਅਜਿਹੇ ਦੇਸ਼ ਹਨ, ਜਿਨ੍ਹਾਂ ਵਿੱਚ ਤਾਨਾਸ਼ਾਹੀ ਸਰਕਾਰਾਂ ਹਨ। ਤਿੰਨ ਅਰਬ ਲੋਕ ਲੋਕਤੰਤਰੀ ਦੇਸ਼ਾਂ ਵਿੱਚ ਰਹਿੰਦੇ ਹਨ, ਜਦੋਂ ਕਿ ਤਾਨਾਸ਼ਾਹੀ ਸਰਕਾਰਾਂ ਚਾਰ ਅਰਬ ਲੋਕਾਂ ਉੱਤੇ ਰਾਜ ਕਰਦੀਆਂ ਹਨ। ਬਰਟੇਲਸਮੈਨ ਦੀ ਇਸ ਸਾਲ ਦੀ ਰਿਪੋਰਟ ਦਾ ਸਿਰਲੇਖ ਹੈ: ਦੁਨੀਆ ਵਿੱਚ ਲੋਕਤੰਤਰ ਲਈ ਜ਼ਮੀਨ ਲਗਾਤਾਰ ਘੱਟ ਰਹੀ ਹੈ। ਇਹ ਰਿਪੋਰਟ ਅਨੁਸਾਰ ਵੱਖ-ਵੱਖ ਦੇਸ਼ਾਂ ਵਿੱਚ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਹੋ ਰਹੀਆਂ ਹਨ।




ਵੱਖ-ਵੱਖ ਦੇਸ਼ਾਂ ਵਿੱਚ ਲੋਕਾਂ ਦੇ ਅਧਿਕਾਰ ਖਾਸ ਤੌਰ 'ਤੇ ਸਿਆਸੀ ਚੋਣ ਮੁਕਾਬਲੇ, ਚੋਣਾਂ ਦੀ ਨਿਰਪੱਖਤਾ, ਅੰਦੋਲਨ ਅਤੇ ਪ੍ਰਗਟਾਵੇ ਤੇ ਵਿਰੋਧ ਕਰਨ ਦੀ ਆਜ਼ਾਦੀ, ਮੀਡੀਆ ਦੀ ਸੁਤੰਤਰਤਾ ਆਦਿ ਵਰਗੇ ਮਾਮਲਿਆਂ ਵਿੱਚ ਲੋਕਾਂ ਦੇ ਅਧਿਕਾਰ ਸੁੰਗੜ ਰਹੇ ਹਨ। ਸ਼ਾਹੀ ਸ਼ਕਤੀਆਂ ਦੇ ਵੰਡ ਪਾਊ ਨੀਤੀ ਨੂੰ ਹੁਣ ਜ਼ਿਆਦਾ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ।

ਸਿਵਲ ਸੁਸਾਇਟੀ ਲਈ ਸਪੇਸ ਵੀ ਸੁੰਗੜ ਰਿਹਾ ਹੈ। ਪਿਛਲੇ ਦੋ ਸਾਲਾਂ ਵਿੱਚ ਹੀ 25 ਦੇਸ਼ਾਂ ਵਿੱਚ ਚੋਣਾਂ ਪਹਿਲਾਂ ਨਾਲੋਂ ਘੱਟ ਨਿਰਪੱਖ ਹੋਈਆਂ ਹਨ।

32 ਦੇਸ਼ਾਂ ਵਿੱਚ ਵਿਰੋਧ ਕਰਨ ਦੇ ਅਧਿਕਾਰਾਂ ਵਿੱਚ ਕਟੌਤੀ ਕੀਤੀ ਗਈ ਸੀ, ਜਦੋਂ ਕਿ 39 ਦੇਸ਼ਾਂ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਨੂੰ ਘਟਾ ਦਿੱਤਾ ਗਿਆ ਸੀ। ਤਾਂ ਸਵਾਲ ਇਹ ਹੈ ਕਿ ਅਜਿਹਾ ਕਿਉਂ ਹੋ ਰਿਹਾ ਹੈ ? ਇਹ ਉਦਾਰਵਾਦੀ ਜਮਹੂਰੀਅਤ ਦੇ ਸਮਰਥਕਾਂ ਲਈ ਗੰਭੀਰ ਆਤਮ ਚਿੰਤਨ ਦਾ ਵਿਸ਼ਾ ਹੋਣਾ ਚਾਹੀਦਾ ਹੈ।

# ਪੰਜਾਬ 'ਚ ਸਿੱਖ ਵਿਰਸੇ ਦੇ ਟੂਰਿਜ਼ਮ ਵਿਕਸਤ ਕਰਨ ਦੀ ਲੋੜ

## ਪੰਜਾਬ ਸਰਕਾਰ ਰਿਆਸਤੀ ਤੇ ਵਿਰਾਸਤੀ ਥਾਂਵਾਂ ਦੀ ਨਿਭਾਏ ਜ਼ਿੰਮੇਵਾਰੀ

ਖ਼ਾਲਸਾ ਪੰਥ ਦੀ ਸਥਾਪਨਾ ਦੇ ਤ੍ਰੈ-ਸ਼ਤਾਬਦੀ ਸਮਾਰੋਹਾਂ ਮੌਕੇ ਕਈ ਨਵੇਂ ਪ੍ਰਾਜੈਕਟ ਐਲਾਨੇ ਗਏ ਸਨ। ਉਨ੍ਹਾਂ ਵਿਚੋਂ 14 ਪ੍ਰਾਜੈਕਟਾਂ ਦੀ ਮੁੜ ਕੇ ਸਾਰ ਹੀ ਨਹੀਂ ਲਈ ਗਈ। ਉਹ ਪ੍ਰਾਜੈਕਟ ਜੇ ਨੇਪਰੇ ਚੜ੍ਹ ਜਾਂਦੇ ਤਾਂ ਸ੍ਰੀ ਅਨੰਦਪੁਰ ਸਾਹਿਬ 'ਚ ਸ਼ਰਧਾਲੂਆਂ ਦੇ ਨਾਲ-ਨਾਲ ਸੈਲਾਨੀਆਂ ਦੀ ਆਮਦ ਵੀ ਕਿਤੇ ਜ਼ਿਆਦਾ ਵਧ ਜਾਣੀ ਸੀ। ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਨੇਚਰ ਰਿਜ਼ਰਵ ਪ੍ਰਾਜੈਕਟ ਦੇ ਕਾਗ਼ਜ਼ਾਂ ਵਿੱਚ ਦੱਬ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਪ੍ਰਾਜੈਕਟ ਦਾ ਨੀਂਹ-ਪੱਥਰ ਖ਼ਾਲਸਾ ਪੰਥ ਦੀ ਸਾਜਣਾ ਦੇ ਅਵਸਰ 'ਤੇ 1999 ਵਿੱਚ ਉਦੋਂ ਦੇ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ ਤੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਮੌਜੂਦਗੀ ਵਿੱਚ ਰੱਖਿਆ ਗਿਆ ਸੀ। ਇਹ ਪ੍ਰਾਜੈਕਟ 289 ਏਕੜ ਰਕਬੇ 'ਚ ਤਿਆਰ ਹੋਣਾ ਸੀ। ਇਸ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਉਦੋਂ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਤਿਆਰ ਕੀਤਾ ਸੀ। ਇਸ ਲਈ ਅਨੰਦਪੁਰ ਸਾਹਿਬ ਲਾਗਲੇ ਪਿੰਡ ਜੱਜਰ ਦੀ ਚੋਣ ਕੀਤੀ ਗਈ ਸੀ ਕਿਉਂਕਿ ਇਹ ਇਲਾਕਾ ਕੁਦਰਤੀ ਜੜੀਆਂ-ਬੂਟੀਆਂ ਨਾਲ ਭਰਪੂਰ ਹੈ। ਸਿਰਫ਼ ਇਹੋ ਇੱਕ ਖੇਤਰ ਹੀ ਨਹੀਂ, ਸ਼ਿਵਾਲਕ ਦਾ ਸਮੁੱਚਾ ਪਹਾੜੀ ਇਲਾਕਾ ਹੀ ਮਨੁੱਖੀ ਇਲਾਜ ਵਿੱਚ ਕੰਮ ਆਉਣ ਵਾਲੇ ਵਡਮੁੱਲੇ ਤੱਤਾਂ ਨਾਲ ਜ਼ਰਖ਼ੇਜ਼ ਹੈ। ਇੱਥੇ ਮੌਜੂਦ ਦੁਰਲਭ ਤੇ ਬੇਸ਼ਕੀਮਤੀ ਜੜੀਆਂ-ਬੂਟੀਆਂ ਦੀ ਕਦੇ ਬਹੁਤੀ ਖੋਜ ਕੀਤੀ ਹੀ ਨਹੀਂ ਗਈ। ਸਤਲੁਜ ਦਰਿਆ ਦੇ ਕੰਢੇ 'ਤੇ ਸਥਿਤ ਹੋਣ ਕਾਰਨ ਅਨੰਦਪੁਰ ਸਾਹਿਬ ਤੇ ਉਸ ਦੇ ਆਲੇ-ਦੁਆਲੇ ਦਾ ਇਲਾਕਾ ਹਰਿਆਲੀ ਨਾਲ ਲਬਰੇਜ਼ ਹੈ। ਇਸ ਨਗਰ ਨੂੰ ਨੌਂਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੀ ਚਰਨ-ਛੋਹ ਵੀ ਹਾਸਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਵੀ 1699 ਵਿੱਚ ਇੱਥੇ ਹੀ ਕੀਤੀ ਸੀ। ਸਿੱਖ ਪੰਥ ਦੇ ਪੰਜ ਤਖ਼ਤ ਸਾਹਿਬਾਨ ਵਿਚੋਂ ਇੱਕ ਇੱਥੇ ਹੀ ਹੈ। ਵਿਰਾਸਤ-ਏ-ਖ਼ਾਲਸਾ ਵੇਖਣ ਲਈ ਵੀ ਸੈਲਾਨੀ ਇੱਥੇ ਪੁੱਜਦੇ ਹਨ। ਜੇ ਕਿਤੇ ਪ੍ਰਸਤਾਵਿਤ ਨੇਚਰ ਰਿਜ਼ਰਵ ਸਮੇਤ ਸਾਰੇ 14 ਪ੍ਰਾਜੈਕਟ ਹੀ ਮੁਕੰਮਲ ਕੀਤੇ ਜਾਂਦੇ ਤਾਂ ਇਸ ਗੁਰੂ ਨਗਰੀ ਨੂੰ ਚਾਰ ਚੰਨ ਹੋਰ ਲੱਗ ਜਾਣੇ ਸਨ।ਪੰਜਾਬ ਵਿੱਚ ਅਜਿਹੇ ਬਹੁਤ ਸਾਰੇ ਸਥਾਨ ਹਨ ਜਿਨ੍ਹਾਂ ਨੂੰ ਧਾਰਮਿਕ ਟੂਰਿਜ਼ਮ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ ਪਰ ਉਸ ਪਾਸੇ ਧਿਆਨ ਕੇਂਦਰਤ ਹੀ ਨਹੀਂ ਕੀਤਾ ਜਾਂਦਾ। ਹੋਰਨਾਂ ਦੇਸ਼ਾਂ ਵਿੱਚ ਕਿਤੇ ਨਿੱਕਾ ਜਿਹਾ ਛੱਪੜ ਵੀ ਮੌਜੂਦ ਹੁੰਦਾ ਹੈ, ਉਸ ਥਾਂ ਦੀ ਸਾਫ਼ ਸਫ਼ਾਈ ਕਰਵਾ ਕੇ ਉਸ ਨੂੰ ਝੀਲ ਦਾ ਰੂਪ ਦੇ ਦਿੱਤਾ ਜਾਂਦਾ ਹੈ ਅਤੇ ਫਿਰ ਉਸ ਵਿੱਚ ਰੰਗ-ਬਰੰਗੀਆਂ ਮੱਛੀਆਂ ਤੇ ਕਿਸ਼ਤੀਆਂ ਛੱਡ ਦਿੱਤੀਆਂ ਜਾਂਦੀਆਂ ਹਨ। ਇੰਝ ਉਹ ਜਗ੍ਹਾ ਛੇਤੀ ਹੀ ਸੈਰ-ਸਪਾਟੇ ਦੇ ਵੱਡੇ ਕੇਂਦਰ ਵਿੱਚ ਤਬਦੀਲ ਹੋ ਜਾਂਦੀ ਹੈ। ਪੰਜਾਬ ਵਿੱਚ ਅਜਿਹੀਆਂ ਅਥਾਹ ਸੰਭਾਵਨਾਵਾਂ ਮੌਜੂਦ ਹਨ ਪਰ ਉਸ ਪਾਸੇ ਸ਼ਾਇਦ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਲੋਂ ਕਦੇ ਸੋਚਿਆ ਵੀ ਨਹੀਂ ਗਿਆ।



(ਬਾਕੀ ਸਫ਼ਾ 31 'ਤੇ)

# ਲੋਕ ਸਭਾ ਚੋਣਾਂ ਦੌਰਾਨ ਹਰ ਪਾਰਟੀ ਦਾ ਫੋਕਸ ਪੰਜਾਬ ਦੇ ਦਲਿਤ ਭਾਈਚਾਰੇ ’ਤੇ

## ਪੰਜਾਬ ’ਚ ਦਲਿਤ ਅਬਾਦੀ ਪਿਛਲੀ ਜਨ-ਗਣਨਾ ਅਨੁਸਾਰ 31.96%

## ਦਲਿਤ ਲੀਡਰਸ਼ਿਪ ਦੀ ਅਣਹੋਂਦ ਕਾਰਨ ਦਲਿਤ ਸਿਆਸਤ ਪਛੜੀ

ਪੰਜਾਬ ਦੀਆਂ 2024 ਦੀਆਂ ਵਿਧਾਨ ਸਭਾ ਚੋਣਾਂ ਸਿਰ ਉੱਪਰ ਹਨ ਅਤੇ ਦਲਿਤ ਵੋਟ ਬੈਂਕ ਨੂੰ ਲੈ ਕੇ ਚਰਚਾ ਫਿਰ ਜ਼ੋਰਾਂ ’ਤੇ ਹੈ ਕਿ ਇਹ ਕਿਸ ਪਾਰਟੀ ਦੇ ਹਕ ਵਿੱਚ ਭੁਗਤੇਗੀ। ਪੰਜਾਬ ਵਿੱਚ ਸਭ ਤੋਂ ਵੱਧ ਵਸੋਂ ਅਨੁਸੂਚਿਤ ਜਾਤੀਆਂ ਦੀ ਹੈ, ਕਿਸੇ ਵੀ ਹੋਰ ਪ੍ਰਾਂਤ ਤੋਂ ਵਧ। ਪਿਛਲੀ ਜਨ-ਗਣਨਾ ਅਨੁਸਾਰ ਇਹ ਵਸੋਂ 31.96% ਸੀ।



ਜੇਕਰ ਪੰਜਾਬ ਦੀਆਂ 13 ਸੀਟਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿਚੋਂ 4 ਸੀਟਾਂ ਜਲੰਧਰ, ਹੁਸ਼ਿਆਰਪੁਰ, ਫਰੀਦਕੋਟ ਅਤੇ ਫਤਿਹਗੜ੍ਹ ਸਾਹਿਬ ਰਾਖਵੀਆਂ ਹਨ, ਜਿਨ੍ਹਾਂ ’ਤੇ ਦਲਿਤ ਭਾਈਚਾਰੇ ਦਾ ਦਬਦਬਾ ਹੈ। ਇਸ ਤਰ੍ਹਾਂ ਲੋਕ ਸਭਾ ਚੋਣਾਂ ਦੌਰਾਨ ਵੀ ਹਰ ਪਾਰਟੀ ਦਾ ਫੋਕਸ ਪੰਜਾਬ ਦੇ ਦਲਿਤ ਭਾਈਚਾਰੇ ’ਤੇ ਹੈ ਅਤੇ ਹਰ ਪਾਰਟੀ ਆਪੋ-ਆਪਣੇ ਤਰੀਕੇ ਨਾਲ ਦਲਿਤ ਭਾਈਚਾਰੇ ਨੂੰ ਲੁਭਾਉਣ ਦੀਆਂ ਕੋਸ਼ਿਸ਼ਾਂ ਕਰਦੀ ਦਿਖਾਈ ਦੇਵੇਗੀ। ਸਿਆਸੀ ਪਾਰਟੀਆਂ ਜਿਨ੍ਹਾਂ ਵਿੱਚ ਕਾਂਗਰਸ, ਭਾਜਪਾ ਅਤੇ ਹੁਣ ‘ਆਪ’ ਵੀ ਸ਼ਾਮਲ ਹੈ, ਕਦੀ ਵੀ ਦਲਿਤਾਂ ਨੂੰ ਉਨ੍ਹਾਂ ਦਾ ਸੰਵਿਧਾਨਕ ਹੱਕ ਦੇਣ ਲਈ ਤਿਆਰ ਨਹੀਂ ਹਨ। ਬਸਪਾ ਭਾਵੇਂ ਦਲਿਤਾਂ ਦੇ ਹੱਕਾਂ ਦੀ ਗੱਲ ਕਰਦੀ ਹੈ ਅਤੇ ਵੋਟ ਬੈਂਕ ਵੀ ਇਸ ਪਾਰਟੀ ਦਾ ਸਿਰਫ਼ ਦਲਿਤ ਹੀ ਹਨ ਪਰ ਇਸ ਦੀ ਸਭ ਤੋਂ ਵੱਡੀ ਘਾਟ ਅਤੇ ਕਮਜ਼ੋਰੀ ਵੀ ਇਹੀ ਹੈ ਕਿ ਜਾਤੀਵਾਦ ਕਰ ਕੇ ਉੱਚ ਜਾਤੀਆਂ ਦੇ ਵੋਟਰ ਬਸਪਾ ਨੂੰ ਦਲਿਤਾਂ ਦੀ ਪਾਰਟੀ ਹੀ ਸਮਝਦੇ ਹਨ। ਇਥੋਂ ਤੱਕ ਕਿ ਦਲਿਤ ਵੀ ਇਸ ਪਾਰਟੀ ਨੂੰ ਵੋਟ ਨਹੀਂ ਪਾਉਂਦੇ। 1997 ਵਿੱਚ ਬਸਪਾ ਦਾ ਇਕੋ-ਇੱਕ ਐੱਮ.ਐੱਲ.ਏ. ਗੜ੍ਹਸ਼ੰਕਰ ਤੋਂ ਜਿੱਤਿਆ ਸੀ। ਪੂਰੇ ਇਤਿਹਾਸ ਵਿੱਚ ਇਹੀ ਇੱਕ ਚੋਣ ਸੀ ਜੋ ਸਹੀ ਮਾਇਨਿਆਂ ਵਿੱਚ ਬਸਪਾ ਦੀ ਝੋਲੀ ਪਾਈ ਜਾ ਸਕਦੀ ਹੈ, ਕਿਉਂਕਿ 1992 ਦੀਆਂ ਚੋਣਾਂ ਵਿੱਚ ਅਕਾਲੀ ਦਲ ਨੇ ਚੋਣਾਂ ਦਾ ਬਾਈਕਾਟ ਕਰ ਦਿੱਤਾ ਸੀ ਅਤੇ 1996 ਦੀਆਂ ਚੋਣਾਂ ਅਕਾਲੀਆਂ ਨਾਲ ਮਿਲ ਕੇ ਲੜੀਆਂ ਸਨ। ਇਉਂ ਬਸਪਾ ਦਾ ਪੂਰਾ ਇਤਿਹਾਸ ਗੜ੍ਹਸ਼ੰਕਰ ਦੀ 1997 ਦੀ ਇਕੋ-ਇੱਕ ਚੋਣ ਦੁਆਲੇ ਘੁੰਮਦਾ ਹੈ। ਆਗੂਆਂ ਦਾ ਕਹਿਣਾ ਹੈ ਕਿ ਲੀਡਰਸ਼ਿਪ ਦੀ ਘਾਟ, ਕਾਡਰ ਦੀ ਟ੍ਰੇਨਿੰਗ ਦੀ ਕਮੀ, ਦਲਿਤਾਂ ਵਿੱਚ ਵੀ ਸਿਰਫ਼ ਇੱਕ ਜਾਤੀ ਤੱਕ ਸੀਮਤ ਹੋ ਕੇ ਰਹਿ ਜਾਣਾ, ਸੋਮਿਆਂ ਦੀ ਅਣਹੋਂਦ ਬਸਪਾ ਨੂੰ ਕਦੇ ਵੀ ਰਾਜ ਸੁੱਖ ਮਾਨਣ ਦਾ ਮੌਕਾ ਮੁਹੱਈਆ ਕਰਦੀ ਨਜ਼ਰ ਨਹੀਂ ਆਉਂਦੀ। ਹਾਂ, ਜੇਕਰ ਕਿਸੇ ਸਿਆਸੀ ਪਾਰਟੀ ਨਾਲ ਗੱਠਜੋੜ ਕਰ ਕੇ ਸੱਤਾ ਵਿੱਚ ਆ ਜਾਵੇ ਤਾਂ ਵੱਖਰੀ ਗੱਲ ਹੈ।

ਪੰਜਾਬ ਦੀਆਂ ਰਾਜਸੀ ਪਾਰਟੀਆਂ ਮੁੱਖ ਮੰਤਰੀ ਅਤੇ ਡਿਪਟੀ ਮੁੱਖ ਮੰਤਰੀ ਦਲਿਤਾਂ ਵਿਚੋਂ ਬਣਾਉਣ ਦੀਆਂ ਛੁਰਲੀਆਂ ਕਾਫੀ ਸਮੇਂ ਤੋਂ ਛਡ ਰਹੀਆਂ ਹਨ। ਪੰਜਾਬ ਦੀ ਸਿਆਸਤ ਦੀ ਗੱਡੀ ਦਲਿਤ ਵੋਟਰਾਂ ਨੂੰ ਅਣਦੇਖਿਆਂ ਕਰਕੇ ਨਹੀਂ ਚੱਲ ਸਕਦੀ। ਇਸ ਭਾਈਚਾਰੇ ਵਿਚੋਂ ਹੁਸ਼ਿਆਰਪੁਰ ਵਿੱਚ ਕੋਈ ਨਾ ਕੋਈ ਕੇਂਦਰੀ ਮੰਤਰੀ ਜ਼ਰੂਰ ਹੁੰਦਾ ਹੈ। ਸਾਲ 2013 ਵਿੱਚ ਹੁਸ਼ਿਆਰਪੁਰ ਤੋਂ ਸੰਤੋਸ਼ ਚੌਧਰੀ ਕੇਂਦਰੀ ਸਿਹਤ ਰਾਜ ਮੰਤਰੀ ਬਣੀ ਸੀ।

ਸਾਲ 2014 ਵਿੱਚ ਵਿਜੇ ਸਾਂਪਲਾ ਕੇਂਦਰੀ ਮੰਤਰੀ ਬਣੇ ਸਨ ਅਤੇ ਹੁਣ ਸੋਮ ਪ੍ਰਕਾਸ਼ ਕੇਂਦਰੀ ਮੰਤਰੀ ਹਨ। ਜੇਕਰ 4 ਰਿਜ਼ਰਵ ਸੀਟਾਂ ਦੀ ਗੱਲ ਕਰੀਏ ਤਾਂ ਜਲੰਧਰ ਵਿੱਚ 39.9 ਫ਼ੀਸਦੀ ਦਲਿਤ ਭਾਈਚਾਰਾ ਹੈ, ਜਦੋਂ ਕਿ ਹੁਸ਼ਿਆਰਪੁਰ ਵਿੱਚ 33.3 ਫ਼ੀਸਦੀ, ਫਰੀਦਕੋਟ ਵਿੱਚ 34 ਫ਼ੀਸਦੀ ਅਤੇ ਫਤਿਹਗੜ੍ਹ ਸਾਹਿਬ ਵਿੱਚ 33.1 ਫ਼ੀਸਦੀ ਦਲਿਤ ਭਾਈਚਾਰੇ ਦੇ ਲੋਕ ਰਹਿੰਦੇ ਹਨ।

ਇਨ੍ਹਾਂ 9 ਜਨਰਲ ਸੀਟਾਂ ’ਤੇ ਦਲਿਤ ਭਾਈਚਾਰੇ ਦਾ ਦਬਦਬਾ

ਅੰਮ੍ਰਿਤਸਰ ਵਿੱਚ 29.6 ਫ਼ੀਸਦੀ, ਅਨੰਦਪੁਰ ਸਾਹਿਬ ਵਿੱਚ 31.3 ਫ਼ੀਸਦੀ, ਬਠਿੰਡਾ ਵਿੱਚ 34 ਫ਼ੀਸਦੀ, ਫਿਰੋਜ਼ਪੁਰ ’ਚ 43.1 ਫ਼ੀਸਦੀ, ਗੁਰਦਾਸਪੁਰ ਵਿੱਚ 25 ਫ਼ੀਸਦੀ, ਖਡੂਰ ਸਾਹਿਬ ਵਿੱਚ 35.3 ਫ਼ੀਸਦੀ, ਲੁਧਿਆਣਾ ਵਿੱਚ 23.4 ਫ਼ੀਸਦੀ, ਪਟਿਆਲਾ ਵਿੱਚ 23.7 ਫ਼ੀਸਦੀ ਅਤੇ ਸੰਗਰੂਰ ਵਿੱਚ 29.3 ਫ਼ੀਸਦੀ ਦਲਿਤ ਭਾਈਚਾਰਾ ਹੈ।

ਪੱਤਰਕਾਰ ਜਸਪਾਲ ਕੈਂਥ ਦਾ ਕਹਿਣਾ ਹੈ ਕਿ ਦਲਿਤ ਸਿਆਸਤ ਦਾ ਉਭਾਰ ਨਾ ਹੋਣ ਦਾ ਕਾਰਨ ਅਨੁਸੂਚਿਤ ਜਾਤੀ ਸਮੂਹ ਵਿੱਚ ਏਕੇ ਦੀ ਘਾਟ ਹੈ। ਪੰਜਾਬ ਵਿੱਚ 39 ਜਾਤੀਆਂ ਅਨੁਸੂਚਿਤ ਜਾਤੀ ਵਰਗ ਵਿਚ ਆਉਂਦੀਆਂ ਹਨ। ਇਹ ਸਾਰੀਆਂ ਜਾਤੀਆਂ ਭਾਵੇਂ ਹਿੰਦੂ ਸਮਾਜ ਦੀ ਪੌੜੀ ਦੇ ਸਭ ਤੋਂ ਹੇਠਲੇ ਡੰਡੇ ’ਤੇ ਹਨ ਪਰ ਆਪਸ ਵਿੱਚ ਇਹ ਉਵੇਂ ਹੀ ਵੰਡੇ ਹੋਏ ਹਨ, ਜਿਵੇਂ ਹਿੰਦੂ ਸਮਾਜ ਦੇ ਉੱਪਰਲੇ ਵਰਣ। ਕੈਂਥ ਦਾ ਕਹਿਣਾ ਹੈ ਕਿ ਕਈ ਗੱਲਾਂ ਵਿੱਚ ਤਾਂ ਇਨ੍ਹਾਂ ਦਾ ਵਖਰੇਵਾਂ ਉੱਪਰਲੀਆਂ ਜਾਤੀਆਂ ਤੋਂ ਵੀ ਕਿਤੇ ਵੱਧ ਨਜ਼ਰ ਆਉਂਦਾ ਹੈ। ਉੱਪਰਲੇ ਵਰਣਾਂ ਵਿੱਚ ਰੋਟੀ-ਬੇਟੀ ਦੀ ਸਾਂਝ ਹੈ ਅਤੇ ਵਿਆਹ ਦਾ ਰਿਸ਼ਤਾ ਦੇਖਣ ਨੂੰ ਮਿਲਦਾ ਹੈ ਪਰ ਅਨੁਸੂਚਿਤ ਜਾਤੀਆਂ ਵਿੱਚ ਰੋਟੀ-ਬੇਟੀ ਦੀ ਸਾਂਝ ਕਿਤੇ ਵਿਰਲੇ ਪ੍ਰੇਮ-ਵਿਆਹ ਨੂੰ ਛੱਡ ਕੇ ਦੇਖਣ ਨੂੰ ਨਹੀਂ ਮਿਲਦੀ। ਸਮਾਜ ਬੁਰੀ ਤਰ੍ਹਾਂ ਜਾਤੀਵਾਦ ਅਤੇ ਮਨੂੰਵਾਦ ਤੋਂ ਗ੍ਰਸਤ ਹੈ। ਪੰਜਾਬ ਵਿੱਚ ਦੋ ਮੁੱਖ ਵਰਗ ਅਨੁਸੂਚਿਤ ਜਾਤੀ ਨਾਲ ਸਬੰਧਤ ਹਨ- ਮਜ਼ਹਬੀ ਸਿੱਖ/ਬਾਲਮੀਕੀ ਅਤੇ ਰਾਮਦਾਸੀਆ ਸਿੱਖ/ਆਦਿ ਧਰਮੀ ਪਰ ਇਨ੍ਹਾਂ ਦੋਹਾਂ ਵਿੱਚ ਵੀ ਸਮਾਜਿਕ ਤੌਰ ਤੇ ਜ਼ਮੀਨ ਅਸਮਾਨ ਵਰਗੇ ਵਖਰੇਵੇਂ ਹਨ। ਇਸ ਸਮਾਜਿਕ ਕਮਜ਼ੋਰੀ ਦਾ ਫ਼ਾਇਦਾ ਇਕ ਵਰਗ ਨੂੰ ਦੂਜੇ ਵਰਗ ਖ਼ਿਲਾਫ਼ ਖੜ੍ਹਾ ਕਰ ਕੇ ਸਿਆਸੀ ਪਾਰਟੀਆਂ ਖੂਬ ਲੈਂਦੀਆਂ ਹਨ। ਪੰਜਾਬ ਵਿੱਚ 34 ਸੀਟਾਂ ਐੱਮ.ਐੱਲ.ਏ. ਦੀਆਂ ਹੋਣ ਦੇ ਬਾਵਜੂਦ ਇਹ ਐੱਮ.ਐੱਲ.ਏ. ਕਦੇ ਇਕੱਠੇ ਨਹੀਂ ਹੁੰਦੇ, ਸਾਂਝੇ ਮੁੱਦਿਆਂ ਤੇ ਗੱਲ ਕਰਦੇ ਵੀ ਨਜ਼ਰ ਨਹੀਂ ਆਉਦੇ।ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਅਨੁਸਾਰ ਦਲਿਤ ਸਿਆਸਤ ਦੇ ਪਛੜਨ ਦਾ ਕਾਰਨ ਲੀਡਰਸ਼ਿਪ ਦੀ ਅਣਹੋਂਦ ਹੈ। ਦੇਸ਼ ਪੱਧਰ ’ਤੇ ਡਾ. ਅੰਬੇਡਕਰ ਹੀ ਅਜਿਹੇ ਨੇਤਾ ਹੋਏ ਹਨ ਜਿਨ੍ਹਾਂ ਆਪਣੀ ਬਲ-ਬੁੱਧੀ ਦਾ ਸਿੱਕਾ ਨਾ ਸਿਰਫ਼ ਭਾਰਤ ਵਿੱਚ ਹੀ ਜਮਾਇਆ ਬਲਕਿ ਉਨ੍ਹਾਂ ਦੀ ਵਿਦਵਤਾ ਦਾ ਲੋਹਾ ਉਨ੍ਹਾਂ ਦੇ ਵਿਰੋਧੀ ਵੀ ਮੰਨਦੇ ਸਨ। ਦਲਿਤ ਲੋਕਾਂ ਨੇ ਵੀ ਉਨ੍ਹਾਂ ਨੂੰ ਰੱਜਵਾਂ ਪਿਆਰ ਦਿੱਤਾ । ਕਾਂਸ਼ੀ ਰਾਮ ਨੇ ਵੀ ਪੂਰੀ ਜ਼ਿੰਦਗੀ ਸਮਾਜ ਵਿੱਚ ਰਾਜ ਸੱਤਾ ਦੀ ਭੁੱਖ ਪੈਦਾ ਕਰਨ ਅਤੇ ਰਾਜ ਸੱਤਾ ਵਿੱਚ ਚਸਕਾ ਪੈਦਾ ਕਰਨ ਵਿੱਚ ਲਾ ਦਿੱਤੀ। ਕਾਂਸ਼ੀ ਰਾਮ ਦੇ ਯਤਨਾਂ ਸਦਕਾ ਉਨ੍ਹਾਂ ਦੀ ਜਿੰਦਗੀ ਦੌਰਾਨ ਹੀ ਦਲਿਤ ਸਮਾਜ ਨੂੰ ਯੂ.ਪੀ. ਵਰਗੇ ਵੱਡੇ ਰਾਜ ਵਿੱਚ ਸੱਤਾ ਸੁੱਖ ਭੋਗਣ ਦਾ ਮੌਕਾ ਮਿਲਿਆ। ਬਦਕਿਸਮਤੀ ਇਹ ਰਹੀ ਕਿ ਨਾ ਤਾਂ ਕਾਂਸ਼ੀ ਰਾਮ ਦੇ ਸਮੇਂ, ਨਾ ਹੀ ਬਾਅਦ ਵਿੱਚ ਰਾਜ ਸੱਤਾ ਦਾ ਇਹ ਤਜਰਬਾ ਕਿਸੇ ਹੋਰ ਰਾਜ ਵਿੱਚ ਜਾਂ ਕੇਂਦਰ ਸਰਕਾਰ ਬਣਾਉਣ ਲਈ ਕੰਮ ਆਇਆ। ਸੁਖਦੇਵ ਸਿੰਘ ਇਹ ਵੀ ਆਖਦੇ ਹਨ ਕਿ ਦਲਿਤ ਸਮਾਜ ਵਿੱਚ ਲੀਡਰਸ਼ਿਪ ਦੀ ਘਾਟ ਹੈ। ਜੋ ਵੀ ਪੜ੍ਹਿਆ ਲਿਖਿਆ, ਰਾਜਸੀ ਸੋਚ ਵਾਲਾ ਸ਼ਖ਼ਸ ਪਹਿਲਾਂ ਦਲਿਤਾਂ ਦੇ ਹੱਕਾਂ ਦੀਆਂ ਵਧ ਚੜ੍ਹ ਕੇ ਗੱਲਾਂ ਕਰਦਾ ਹੈ, ਫਿਰ ਚੋਣਾਂ ਲੜਦਾ ਹੈ ਅਤੇ ਦਲਿਤ ਲੋਕ ਉਸ ਨੂੰ ਆਪਣਾ ਮਸੀਹਾ ਸਮਝ ਕੇ ਵੋਟਾਂ ਪਾਉਂਦੇ ਹਨ। ਫਿਰ ਉਹੀ ਸ਼ਖ਼ਸ ਆਪਣੀ ਬਣ ਚੁੱਕੀ ਵੁਕਤ ਦਾ ਲਾਹਾ ਲੈ ਕੇ ਕਿਸੇ ਨਾ ਕਿਸੇ ਉੱਪਰਲੀ ਜਾਤੀ ਦੀਆਂ ਚਲਾਈਆਂ ਸਿਆਸੀ ਪਾਰਟੀਆਂ ਦਾ ਹਿੱਸਾ ਬਣ ਕੇ ਰਾਜ ਸੱਤਾ ਦਾ ਹਿੱਸਾ ਬਣ ਜਾਂਦਾ ਹੈ। ਬਸਪਾ ਛੱਡ ਕੇ ਗਏ ਸਾਰੇ ਨੇਤਾ ਇਸ ਦੀ ਉੱਤਮ ਉਦਾਹਰਨ ਹਨ।

ਉਨ੍ਹਾਂ ਕਿਹਾ ਕਿ ਦਲਿਤ ਲੀਡਰਸ਼ਿਪ ਨੂੰ ਡਾ. ਅੰਬੇਡਕਰ ਵਰਗਾ ਵਿਦਵਾਨ, ਚਤੁਰ ਤੇ ਸਿਆਣਾ ਅਤੇ ਕਾਂਸ਼ੀ ਰਾਮ ਵਰਗਾ ਤਿਆਗੀ ਬਣਨਾ ਪਵੇਗਾ, ਨਹੀਂ ਤਾਂ ਰਾਜ ਸੱਤਾ ਦਾ ਸੁਪਨਾ ਸੁਪਨਾ ਹੀ ਬਣਿਆ ਰਹੇਗਾ। ਜਦੋਂ ਸਮਾਜ ਦੇ ਲੀਡਰ ਆਪਣੇ ਬਾਰੇ ਸੋਚਣਗੇ, ਸਮਾਜ ਬਾਰੇ ਨਹੀਂ, ਤਾਂ ਦਲਿਤ ਕਦੇ ਰਾਜ ਸੱਤਾ ਨਹੀਂ ਭੋਗ ਸਕਦੇ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਦੀ ਮੁਹਿੰਮ ਕਰੇਗੀ ਤੇਜ਼

## ਇੱਕ ਅਰਬ ਦਾ ਰੱਖੇਗੀ ਬਜਟ, ਧਰਮ ਪ੍ਰਚਾਰ ਦੇ ਬਜਟ ਵਿੱਚ 30 ਪ੍ਰਤੀਸ਼ਤ ਦਾ ਕੀਤਾ ਵਾਧਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 29 ਮਾਰਚ ਨੂੰ ਸਾਲ 2024-25 ਦੇ ਤਕਰੀਬਨ 12 ਅਰਬ ਦੇ ਬਜਟ ਵਿੱਚ 1 ਅਰਬ ਧਰਮ ਪ੍ਰਚਾਰ ਕਮੇਟੀ ਲਈ ਰੱਖਣ ਦੀ ਯੋਜਨਾ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਇਸ ਸਾਲ 2 ਕਰੋੜ ਰੁਪਏ ਖਰਚ ਕੇ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ-ਜੋਤ ਦਿਵਸ ਨੂੰ ਸਮਰਪਿਤ ਅਰਧ ਸ਼ਤਾਬਦੀ ਮਨਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪਹਿਲੀ ਵਾਰ ਵਿਦੇਸ਼ ਵਿੱਚ ਪ੍ਰਚਾਰ ਲਈ 8 ਕਰੋੜ ਰੁਪਏ ਖਰਚ ਕਰਨ ਲਈ ਬਜਟ ਵਿੱਚ ਰੱਖਣ ਦੀ ਯੋਜਨਾ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਬਹਾਦਰਗੜ੍ਹ



ਵਿਖੇ ਫ੍ਰੀ ਜੁਡੀਸ਼ੀਅਲ ਕੋਰਸਾਂ ਦੀ ਤਿਆਰੀ ਲਈ ਇੱਕ ਕਰੋੜ ਰੁਪਏ, ਆਈ.ਪੀ.ਐੱਸ., ਪੀ.ਸੀ.ਐੱਸ. ਆਦਿ ਦੀ ਤਿਆਰੀ ਨਿਸ਼ਚੈ ਪ੍ਰਕਾਸ਼ਕੀ ਸੇਵਾਵਾਂ ਸਿਖਲਾਈ ਕੇਂਦਰ ਲਈ 2 ਕਰੋੜ ਰੁਪਏ ਬਜਟ ਰੱਖਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ 'ਚ 100 ਲੜਕੀਆਂ ਅਤੇ ਮਾਤਾ ਸਾਹਿਬ ਕੌਰ ਕਾਲਜ ਵਿੱਚ 250 ਲੜਕੀਆਂ ਨੂੰ ਮੁਫ਼ਤ ਪੜ੍ਹਾਈ, ਰਹਿਣਾ ਅਤੇ ਖਾਣਾ ਦੇ ਕੇ ਲੋੜਵੰਦ ਲੜਕੀਆਂ ਨੂੰ ਉੱਚ ਵਿੱਦਿਆ ਪ੍ਰਦਾਨ ਕੀਤੀ ਜਾ ਰਹੀ ਹੈ।

ਐਡਵੋਕੇਟ ਧਾਮੀ ਦੀ ਅਗਵਾਈ ਵਿੱਚ ਧਰਮ ਪ੍ਰਚਾਰ ਦੇ ਬਜਟ ਵਿੱਚ 30 ਪ੍ਰਤੀਸ਼ਤ ਦਾ ਰਿਕਾਰਡ ਵਾਧਾ ਦਰਜ ਹੋਵੇਗਾ, ਜਦਕਿ ਸਾਲ 2021-22 'ਚ ਸ਼੍ਰੋਮਣੀ ਕਮੇਟੀ ਦਾ ਬਜਟ 25 ਪ੍ਰਤੀਸ਼ਤ ਵਧਿਆ ਸੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦੀ ਅਗਵਾਈ ਵਿੱਚ ਸਾਲ 2023-24 ਦਾ ਸਾਲਾਨਾ ਬਜਟ 11 ਅਰਬ 38 ਕਰੋੜ 14 ਲੱਖ ਰੁਪਏ ਪੇਸ਼ ਕੀਤਾ ਸੀ ਜਿਸ ਵਿੱਚ ਸਾਲ 2022-23 ਨਾਲੋਂ 17 ਫੀਸਦੀ ਵਾਧਾ ਦਰਜ ਕੀਤਾ ਗਿਆ ਸੀ। ਇਸ ਬਜਟ ਵਿੱਚ ਭਵਿੱਖੀ ਯੋਜਨਾਵਾਂ ਤਹਿਤ ਨਿਸ਼ਚੈ ਪ੍ਰਕਾਸ਼ਕੀ ਸੇਵਾਵਾਂ ਸਿਖਲਾਈ ਕੇਂਦਰ ਲਈ 1 ਕਰੋੜ ਰੁਪਏ, ਵਿਦੇਸ਼ਾਂ ਵਿੱਚ ਸਿੱਖੀ ਪ੍ਰਚਾਰ ਕੇਂਦਰ ਸਥਾਪਤ ਕਰਨ ਲਈ 7 ਕਰੋੜ 9 ਲੱਖ ਰੁਪਏ, ਵਾਤਾਵਰਣ ਦੀ ਸ਼ੁੱਧਤਾ ਦੇ ਮੱਦੇ-ਨਜ਼ਰ ਗੁਰਦੁਆਰਾ ਸਾਹਿਬਾਨ ਵਿਖੇ ਸੋਲਰ ਪਲਾਂਟ ਲਗਾਉਣ ਲਈ 4 ਕਰੋੜ 72 ਲੱਖ ਰੁਪਏ, ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਨਵੀਆਂ ਸਰਾਂਵਾਂ ਲਈ 24 ਕਰੋੜ ਰੁਪਏ ਆਦਿ ਰੱਖਿਆ ਗਿਆ ਸੀ।

# ਪਾਕਿ ਵਿੱਚ ਇਤਿਹਾਸਿਕ ਗੁਰਦੁਆਰੇ ਖੰਡਰ ਬਣਨ ਲੱਗੇ

## 150 ਤੋਂ ਵਧੇਰੇ ਗੁਰਦੁਆਰਿਆਂ ਦੀ ਹਾਲਤ ਤਰਸਯੋਗ, ਪ੍ਰਵਾਸੀ ਸਿੱਖ ਭਾਈਚਾਰਾ ਚਿੰਤਤ

ਅੰਮ੍ਰਿਤਸਰ/ਏ.ਟੀ.ਨਿਊਜ਼ : ਵਿਦੇਸ਼ੀ ਸਿੱਖ ਜਥੇਬੰਦੀਆਂ ਤੇ ਆਗੂਆਂ ਨੇ ਪਾਕਿਸਤਾਨ ਸਥਿਤ ਗੁਰਦੁਆਰਿਆਂ ਦੀ ਤਰਸਯੋਗ ਹਾਲਤ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਵਿਸ਼ੇਸ਼ ਤੌਰ 'ਤੇ ਇਤਿਹਾਸਕ ਗੁਰਦੁਆਰਿਆਂ ਦੇ ਰੱਖ-ਰਖਾਅ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁੱਜਰਾਂਵਾਲਾ ਦੇ ਵਜ਼ੀਰਾਬਾਦ ਵਿੱਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਕੋਠਾ ਸਾਹਿਬ, ਜਿੱਥੇ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਤੋਂ ਵਾਪਸ ਆਉਂਦੇ ਸਮੇਂ ਠਹਿਰੇ ਸਨ, ਦਾ ਵੱਡਾ ਹਿੱਸਾ ਢਹਿ ਗਿਆ ਹੈ ਅਤੇ ਇਮਾਰਤ ਸ਼ਰਨਾਰਥੀਆਂ ਦੇ ਕਬਜ਼ੇ ਵਿੱਚ ਹੈ।



ਇਸ ਦੇ ਇਲਾਵਾ ਜ਼ਿਲ੍ਹਾ ਕਸੂਰ ਦੇ ਪਿੰਡ ਕੰਗਣਪੁਰ ਦੇ ਗੁਰਦੁਆਰਾ ਮਾਲ ਜੀ ਸਾਹਿਬ ਦੇ ਵੱਡੇ ਹਿੱਸੇ ਵਿੱਚ ਇੱਕ ਪੁਲਿਸ ਅਧਿਕਾਰੀ ਨੇ ਆਪਣੀ ਰਿਹਾਇਸ਼ ਰੱਖੀ ਹੋਈ ਹੈ, ਜਦਕਿ ਗੁਰਦੁਆਰਾ ਸਾਹਿਬ ਦਾ ਬਾਕੀ ਹਿੱਸਾ ਖੰਡਰ 'ਚ ਤਬਦੀਲ ਹੋ ਰਿਹਾ ਹੈ।

ਦੱਸਣਯੋਗ ਹੈ ਕਿ ਜਦੋਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਸਮੇਤ ਉਕਤ ਪਿੰਡ ਵਿੱਚ ਆਏ ਤਾਂ ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਇੱਥੇ ਵੱਸਣ ਨਾ ਦਿੱਤਾ। ਇਸ 'ਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ 'ਵੱਸਦੇ ਰਹੋ' ਕਹਿ ਕੇ ਅਗਲੇ ਪਿੰਡ ਮਾਣਕ ਦੇਕੇ ਵੱਲ ਚਲੇ ਗਏ ਸਨ। ਇਸੇ ਜ਼ਿਲ੍ਹੇ ਵਿੱਚ ਗੁਰੂ ਅਮਰਦਾਸ ਜੀ ਨਾਲ ਸੰਬੰਧਿਤ ਇੱਕ ਯਾਦਗਾਰ ਕਾਦੀਵਿੰਡ ਕਸਬੇ ਅਤੇ ਦੂਜੀ ਕਸੂਰ-ਫ਼ਿਰੋਜ਼ਪੁਰ ਰੋਡ 'ਤੇ ਬੀ. ਆਰ. ਬੀ. ਨਹਿਰ ਪਾਰ ਕਰਦਿਆਂ ਪਿੰਡ ਤਰਗੇ 'ਚ ਮੌਜੂਦ ਹੈ। ਇਹ ਅਸਥਾਨ ਸੇਵਾ ਸੰਭਾਲ ਦੀ ਕਮੀ ਕਾਰਨ ਪੂਰੀ ਤਰ੍ਹਾਂ ਨਾਲ ਖੰਡਰਾਂ ਵਿੱਚ ਤਬਦੀਲ ਹੋ ਚੁੱਕੇ ਹਨ। ਪ੍ਰਵਾਸੀ ਸਿੱਖ ਸੰਗਤ ਨੇ ਦੱਸਿਆ ਕਿ ਉਕਤ ਦੇ ਇਲਾਵਾ ਭਾਰਤ-ਪਾਕਿ ਸਰਹੱਦ 'ਤੇ ਪਾਕਿ ਵਾਲੇ ਪਾਸੇ ਵੱਖ-ਵੱਖ ਇਲਾਕਿਆਂ ਵਿਚਲੇ ਲਗਭਗ 150 ਤੋਂ ਵਧੇਰੇ ਇਤਿਹਾਸਕ ਗੁਰਦੁਆਰਿਆਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਲਾਹੌਰ ਦੇ ਥਾਣਾ ਬਰਕੀ ਦੇ ਅਧੀਨ ਆਉਂਦੇ ਪਿੰਡ ਜਾਹਮਣ ਵਿਚਲੇ ਗੁਰਦੁਆਰਾ ਰੋੜੀ ਸਾਹਿਬ ਦੀ ਢਾਈ ਮੰਜ਼ਲਾਂ ਵਿਸ਼ਾਲ ਤੇ ਖ਼ੂਬਸੂਰਤ ਇਮਾਰਤ ਦਾ ਵੱਡਾ ਹਿੱਸਾ ਢਹਿ ਗਿਆ ਹੈ ਅਤੇ ਬਾਕੀ ਪੂਰੀ ਤਰ੍ਹਾਂ ਨਾਲ ਖੰਡਰ ਦਾ ਰੂਪ ਲੈ ਚੁੱਕੀ ਹੈ।

# ਐਕਸ ਵੱਲੋਂ ਅਕਾਲੀ ਦਲ ਅੰਮ੍ਰਿਤਸਰ ਦਾ ਐਕਾਊਂਟ ਬੰਦ

### ਮਾਨ ਵੱਲੋਂ ਐਲੋਨ ਮਸਕ ਤੋਂ ਐਕਾਊਂਟ ਐਕਟਿਵ ਕਰਨ ਦੀ ਮੰਗ

ਚੰਡੀਗੜ੍ਹ/ਏ.ਟੀ.ਨਿਊਜ਼ : ਅਕਾਲੀ ਦਲ ਅੰਮ੍ਰਿਤਸਰ ਦੇ ਸੋਸ਼ਲ ਮੀਡੀਆ ਐਕਾਊਂਟ ਨੂੰ ਬੰਦ ਕਰ ਦਿੱਤਾ ਗਿਆ ਹੈ, ਇਸ ਦੀ ਜਾਣਕਾਰੀ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦਿੱਤੀ ਹੈ। ਉਨ੍ਹਾਂ ਨੇ ਚੋਣ ਕਮਿਸ਼ਨ ਅਤੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਦੇ ਮਾਲਕ ਐਲੋਨ ਮਸਕ ਨੂੰ ਪੋਸਟ ਸ਼ੇਅਰ ਕਰਦੇ ਹੋਏ ਫੌਰਨ ਉਨ੍ਹਾਂ ਦੀ ਪਾਰਟੀ ਦਾ ਐਕਾਊਂਟ ਐਕਟਿਵ ਕਰਨ ਦੀ ਮੰਗ ਕੀਤੀ ਹੈ।

ਮਾਨ ਨੇ ਆਪਣੀ ਪੋਸਟ ਵਿੱਚ ਲਿਖਿਆ ਹੈ 'ਕਿ ਭਾਰਤ ਸਰਕਾਰ ਦੀ ਸ਼ੈਅ 'ਤੇ ਆਮ ਚੋਣਾਂ ਤੋਂ ਠੀਕ ਪਹਿਲਾਂ ਸਾਡੀ ਪਾਰਟੀ ਦਾ ਸੋਸ਼ਲ ਮੀਡੀਆ ਐਕਾਊਂਟ ਐਕਸ ਬੰਦ ਕਰ ਦਿੱਤਾ ਗਿਆ ਹੈ। ਇਸ ਦੇ ਲਈ ਕੋਈ ਕਾਰਨ ਵੀ ਨਹੀਂ ਦੱਸਿਆ ਗਿਆ ਹੈ ਕਿ ਸਾਡੀ ਕਿਸ ਪੋਸਟ 'ਤੇ ਇਤਰਾਜ਼ ਜਤਾਇਆ ਗਿਆ ਸੀ। ਮਾਨ ਨੇ ਕਿਹਾ ਕਿ ਨਿਰਪੱਖ ਚੋਣਾਂ ਅਤੇ ਲੋਕਤਾਂਤਰਿਕ ਸਿਧਾਂਤਾਂ ਦਾ ਪਾਲਨ ਕਰਦੇ ਹੋਏ ਸਾਡੀ ਪਾਰਟੀ ਦੇ ਐਕਾਊਂਟ ਨੂੰ ਮੁੜ ਤੋਂ ਸ਼ੁਰੂ ਕੀਤਾ ਜਾਵੇ। ਜੇਕਰ ਅਜਿਹਾ ਨਹੀਂ ਹੁੰਦਾ ਹੈ ਤਾਂ ਇਹ ਸਿੱਖਾਂ ਅਤੇ ਘੱਟ ਗਿਣਤੀਆਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਹੋਵੇਗੀ।

# ਰਮੇਸ਼ ਸਿੰਘ ਅਰੋੜਾ 'ਸਿਤਾਰਾ-ਏ-ਇਮਤਿਆਜ਼' ਪੁਰਸਕਾਰ ਨਾਲ ਸਨਮਾਨਿਤ

ਲਾਹੌਰ/ਏ.ਟੀ.ਨਿਊਜ਼: ਲਹਿੰਦੇ ਪੰਜਾਬ ਦੀ ਸਰਕਾਰ ਵਿੱਚ ਮੰਤਰੀ ਬਣੇ ਰਮੇਸ਼ ਸਿੰਘ ਅਰੋੜਾ ਨੂੰ ਪਾਕਿਸਤਾਨ ਸਰਕਾਰ ਵੱਲੋਂ 'ਸਿਤਾਰਾ-ਏ-ਇਮਤਿਆਜ਼' ਨਾਲ ਸਨਮਾਨਿਤ ਕੀਤਾ ਗਿਆ ਹੈ। ਸਿਤਾਰਾ-ਏ-ਇਮਤਿਆਜ਼ ਪਾਕਿਸਤਾਨ ਵਿੱਚ ਇੱਕ ਨਾਗਰਿਕ ਜਾਂ ਫੌਜੀ ਕਰਮੀ ਨੂੰ ਦਿੱਤਾ ਜਾਣ ਵਾਲਾ ਤੀਜਾ ਸਭ ਤੋਂ ਵੱਡਾ ਸਨਮਾਨ ਹੈ।



ਇਹ ਇਨਾਮ ਪਾਕਿਸਤਾਨ ਸਰਕਾਰ ਦੁਆਰਾ ਸਾਹਿਤ, ਕਲਾ, ਖੇਡ, ਚਿਕਿਤਸਾ ਜਾਂ ਵਿਗਿਆਨ ਦੇ ਖੇਤਰ ਵਿੱਚ ਉੱਤਮ ਫੌਜੀ ਅਤੇ ਅਸੈਨਿਕ ਕਾਰਜ ਕਰਨ ਦੇ ਇਵਜ਼ ਵਿੱਚ ਪ੍ਰਦਾਨ ਕੀਤਾ ਜਾਂਦਾ ਹੈ। ਇਸ ਦਾ ਐਲਾਨ ਹਰ ਸਾਲ ਪਾਕਿਸਤਾਨ ਦੇ ਆਜ਼ਾਦੀ ਦਿਹਾੜੇ ਮੌਕੇ ਉੱਤੇ ਕੀਤਾ ਜਾਂਦਾ ਹੈ ਅਤੇ ਪਾਕਿਸਤਾਨ ਦਿਵਸ 'ਤੇ ਪਾਕਿਸਤਾਨ ਦੇ ਰਾਸ਼ਟਰਪਤੀ ਦੁਆਰਾ ਪ੍ਰਦਾਨ ਕੀਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਪੰਜਾਬ ਦੀ ਸਰਕਾਰ ਵਿੱਚ ਰਮੇਸ਼ ਸਿੰਘ ਅਰੋੜਾ ਮੰਤਰੀ ਬਣੇ ਹਨ। 1947 ਤੋਂ ਬਾਅਦ ਪਾਕਿਸਤਾਨ ਵਾਲੇ ਪੰਜਾਬ ਦੀ ਸਰਕਾਰ ਦੀ ਕੈਬਨਿਟ ਵਿੱਚ ਮੰਤਰੀ ਬਣਨ ਵਾਲੇ ਪਹਿਲੇ ਸਿੱਖ ਹਨ। ਰਮੇਸ਼ ਸਿੰਘ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਹਨ।

# ਸਦੀ ਦੇ ਅੰਤ ਤੱਕ ਭਿਆਨਕ ਗਰਮੀ ਨਾਲ ਹੋ ਸਕਦੀ ਹੈ 1 ਕਰੋੜ ਤੋਂ ਵੱਧ ਲੋਕਾਂ ਦੀ ਮੌਤ

## ਅਮਰੀਕਾ ਦੀ ਵਾਤਾਵਰਣ ਸੰਸਥਾ ਗਲੋਬਲ ਵਿਟਨੈੱਸ ਅਤੇ ਕੋਲੰਬੀਆ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇੱਕ ਅਧਿਐਨ 'ਚ ਕੀਤਾ ਦਾਅਵਾ

ਜਲੰਧਰ/ ਏ.ਟੀ. ਨਿਊਜ਼: ਅਮਰੀਕਾ ਦੀ ਵਾਤਾਵਰਣ ਸੰਸਥਾ ਗਲੋਬਲ ਵਿਟਨੈੱਸ ਅਤੇ ਕੋਲੰਬੀਆ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਇੱਕ ਅਧਿਐਨ 'ਚ ਦਾਅਵਾ ਕੀਤਾ ਹੈ ਕਿ ਸਦੀ ਦੇ ਅੰਤ ਭਾਵ 2100 ਤੱਕ ਵੱਧ ਗਰਮੀ ਨਾਲ 1.15 ਕਰੋੜ ਲੋਕਾਂ ਦੀ ਮੌਤ ਹੋ ਸਕਦੀ ਹੈ। ਇਹ ਗਰਮੀ ਫਾਸਿਲ ਫਿਊਲ ਕਾਰਨ ਗੈਸ ਦੀ ਨਿਕਾਸੀ ਨਾਲ ਪੈਦਾ ਹੋਵੇਗੀ। ਅਧਿਐਨ ਅਨੁਸਾਰ ਜੇ 2050 ਤੱਕ ਗੈਸ ਦੀ ਨਿਕਾਸੀ ਦਾ ਲੈਵਲ ਇਹੀ ਰਿਹਾ ਤਾਂ 2100 ਤੱਕ ਗਰਮੀ ਆਪਣੇ ਖ਼ਤਰਨਾਕ ਲੈਵਲ ਤੱਕ ਪੁੱਜ ਜਾਵੇਗੀ, ਜਿਸ ਕਾਰਨ ਕਰੋੜਾਂ ਜਾਨਾਂ ਜਾਣ ਦਾ ਖ਼ਤਰਾ ਹੈ।

ਕਾਰਬਨ ਗੈਸ ਦੀ ਨਿਕਾਸੀ ਦੇ ਮਾਮਲੇ 'ਚ ਚੀਨ ਸਭ ਤੋਂ ਉੱਪਰ

ਖੋਜੀਆਂ ਦਾ ਕਹਿਣਾ ਹੈ ਕਿ ਫਾਸਿਲ ਫਿਊਲ ਨਾਲ ਗੈਸ ਦੀ ਨਿਕਾਸੀ ਨਾਲ ਗਰਮੀ ਦੇ ਲੈਵਲ 'ਚ 0.1 ਡਿਗਰੀ ਸੈਲਸੀਅਸ ਦਾ ਵਾਧਾ ਵੀ ਖ਼ਤਰਨਾਕ ਹੋਵੇਗਾ। ਕੋਲੰਬੀਆ ਯੂਨੀਵਰਸਿਟੀ ਦੇ ਕਾਰਬਨ ਮਾਡਲ ਤੋਂ ਪਤਾ ਲੱਗਾ ਕਿ ਹਰੇਕ ਮਿਲੀਅਨ ਟਨ



ਕਾਰਬਨ 'ਚ ਵਾਧੇ ਨਾਲ ਦੁਨੀਆ ਭਰ 'ਚ 226 ਵੱਧ ਹੀਟਵੇਵ ਦੀਆਂ ਘਟਨਾਵਾਂ ਵਧਣਗੀਆਂ। ਇਸ ਗੈਸ ਦੀ ਨਿਕਾਸੀ ਦੇ ਮਾਮਲੇ 'ਚ ਮੌਜੂਦਾ ਸਮੇਂ ਚੀਨ ਸਭ ਤੋਂ ਉਪਰ ਹੈ। ਉਹ ਕੁਲ ਗੈਸ ਦੀ ਨਿਕਾਸੀ ਦੇ 31 ਫ਼ੀਸਦੀ ਲਈ ਜ਼ਿੰਮੇਵਾਰ ਹੈ। ਇਸ ਦੇ ਬਾਅਦ ਅਮਰੀਕਾ 26 ਫ਼ੀਸਦੀ ਅਤੇ ਰੂਸ 20 ਫ਼ੀਸਦੀ ਲਈ ਜ਼ਿੰਮੇਵਾਰ ਹੈ। ਜਰਨਲ ਅਰਥ ਸਿਸਟਮ ਸਾਇੰਸ ਡਾਟਾ 'ਚ ਪ੍ਰਕਾਸ਼ਿਤ ਰਿਪੋਰਟ ਮੁਤਾਬਕ 2023 'ਚ 36.8 ਅਰਬ (ਬਾਕੀ ਸਫ਼ਾ 31 'ਤੇ)

# ਪਾਕਿਸਤਾਨ ਵਿੱਚ 18 ਸਾਲ ਤੋਂ ਘੱਟ ਉਮਰ ਦੇ ਸਿੱਖ ਵਿਆਹ ਦੇ ਅਯੋਗ ਮੰਨੇ ਜਾਣਗੇ

## ਸਿੱਖ ਮਰਿਆਦਾ ਅਨੁਸਾਰ ਹੋਵੇਗਾ ਵਿਆਹ, ਜਲਦ ਮਿਲੇਗੀ ਕੈਬਨਿਟ ਦੀ ਮਨਜ਼ੂਰੀ :ਰਮੇਸ਼ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼ : ਬੀਤੇ ਦਿਨੀਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਪਾਕਿਸਤਾਨ ਸਿੱਖ ਐਕਟ ਵਿੱਚ ਨਵੀਆਂ ਸੋਧਾਂ ਘੱਟ ਗਿਣਤੀ ਭਾਈਚਾਰੇ ਦੇ ਹੱਕ ਵਿੱਚ ਹੋਣ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਅਸੀਂ ਸਿੱਖ ਧਾਰਮਿਕ ਤੇ ਨਾਗਰਿਕ ਕਾਨੂੰਨਾਂ ਦੀ ਪਾਲਣਾ ਕਰਦੇ ਹਾਂ ਅਤੇ ਸਾਡੀ ਗਿਣਤੀ 15 ਹਜ਼ਾਰ ਤੋਂ ਵੀ ਘੱਟ ਹੈ। ਪਾਕਿਸਤਾਨ ਵਿੱਚ 18 ਸਾਲ ਤੋਂ ਘੱਟ ਉਮਰ ਦਾ ਵਿਆਹ ਘੱਟ ਗਿਣਤੀ ਮੁੱਦਾ ਨਹੀਂ ਹੈ, ਦੱਖਣੀ ਪੰਜਾਬ, ਸਿੰਧ ਅਤੇ ਸਾਰੇ ਪੇਂਡੂ ਖੇਤਰਾਂ ਵਿੱਚ 18 ਸਾਲ ਤੋਂ ਘੱਟ ਉਮਰ ਦਾ ਵਿਆਹ ਆਮ ਗੱਲ ਹੈ, ਪਰ ਸਿੱਖ ਜਾਂ ਹਿੰਦੂ ਜਾਂ ਕਿਸੇ ਹੋਰ ਸਮਾਜ ਵਿੱਚ ਅਜਿਹਾ ਨਹੀਂ ਹੈ। ਉਹਨਾਂ ਕਿਹਾ ਕਿ ਸੂਬਾਈ ਸਿੱਖ ਐਕਟ ਵਿੱਚ ਕੁਝ ਬਦਲਾਅ ਕੀਤੇ ਜਾਣਗੇ, ਜਿਸ ਤਹਿਤ 18 ਸਾਲ ਤੋਂ ਘੱਟ ਉਮਰ ਦੇ ਸਿੱਖ ਵਿਆਹ



ਕਰਨ ਦੇ ਅਯੋਗ ਮੰਨੇ ਜਾਣਗੇ।

ਸੋਧੇ ਹੋਏ ਕਾਨੂੰਨ ਅਨੁਸਾਰ ਵਿਆਹ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਅਨੁਸਾਰ ਹੀ ਹੋਵੇਗਾ। ਜੋੜੇ ਨੂੰ ਆਨੰਦ ਕਾਰਜ ਫ਼ਾਰਮ ਭਰ ਕੇ ਵਿਆਹ ਦੇ 30 ਦਿਨਾਂ ਦੇ ਅੰਦਰ ਅਧਿਕਾਰਤ ਰਜਿਸਟਰਾਰ ਕੋਲ ਜਮ੍ਹਾ ਕਰਨਾ ਹੋਵੇਗਾ। ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਪਾਰਟੀ ਦੇ ਮੈਂਬਰ ਅਰੋੜਾ ਨੇ ਕਿਹਾ ਕਿ ਆਨੰਦ ਕਾਰਜ ਰਜਿਸਟਰਾਰ ਜਾਂ ਯੂਨੀਅਨ ਕੌਂਸਲ ਦਫ਼ਤਰ ਸਾਰੇ ਵਿਆਹਾਂ ਦਾ ਰਿਕਾਰਡ ਰੱਖਣਗੇ। ਮਰੀਅਮ ਨਵਾਜ਼ ਦੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਘੱਟ ਗਿਣਤੀ ਮਾਮਲਿਆਂ ਦੇ ਸੂਬਾਈ ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਸਿੱਖ ਆਨੰਦ ਕਾਰਜ ਮੈਰਿਜ ਐਕਟ 2018 ਵਿੱਚ 18 ਸਾਲ ਤੋਂ ਘੱਟ ਉਮਰ ਦੇ ਸਿੱਖਾਂ ਨੂੰ ਵਿਆਹ ਲਈ ਅਯੋਗ ਬਣਾਉਣ ਸਮੇਤ ਕੁਝ ਸੋਧਾਂ ਕੀਤੀਆਂ ਜਾਣਗੀਆਂ ਅਤੇ ਇਸ ਨੂੰ ਛੇਤੀ ਹੀ ਕੈਬਨਿਟ ਵੱਲੋਂ ਮਨਜ਼ੂਰੀ ਦੇ ਦਿੱਤੀ ਜਾਵੇਗੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

27 ਮਾਰਚ ਤੋਂ 2 ਅਪ੍ਰੈਲ 2024

## ਲੋਕ ਸਭਾ ਚੋਣਾਂ : ਸੱਤਾ 'ਤੇ ਕਾਬਜ਼ ਹੋਣ ਦੀ ਦੌੜ ਬਨਾਮ ਲੋਕਾਂ ਦੇ ਹਿਤਾਂ ਦੀ ਰਾਖੀ

ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਨਾਲ ਪੰਜਾਬ ਦਿੱਲੀ ਸਮੇਤ ਇੰਡੀਆ ਦੀ ਸਿਆਸਤ ਵਿੱਚ ਭੁਚਾਲ ਆਇਆ ਹੋਇਆ ਹੈ। ਇਸ ਵਾਰ ਲੋਕ ਸਭਾ ਚੋਣਾਂ ਸਮੇਂ ਹਰ ਪਾਰਟੀ ਦੇ ਹਲਾਤ ਅਤੇ ਇੰਡੀਆ ਦੀ ਸਥਿਤੀ ਬਹੁਤ ਚਲਾਇਮਾਣ ਹੈ। ਇਸ ਗੱਲ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ ਕਿ ਕਿਸੇ ਘਟਨਾ ਨਾਲ ਕਿਸੇ ਪਾਰਟੀ ਨੂੰ ਨੁਕਸਾਨ ਹੋਣਾ ਹੈ ਜਾਂ ਫ਼ਾਇਦਾ। ਚੋਣ ਬੌਂਡ ਦੀਆਂ ਤੰਦਾਂ ਖੁੱਲ੍ਹਣ ਦੇ ਨਾਲ ਭਾਜਪਾ ਵੀ ਵਿਰੋਧੀਆਂ ਦੇ ਨਿਸ਼ਾਨੇ 'ਤੇ ਆਈ ਹੈ। ਇਸ ਸਮੇਂ ਦੂਜੀ ਧਿਰ ਵਜੋਂ ਕਾਂਗਰਸ ਦੀ ਹਾਲਤ ਠੀਕ ਨਹੀਂ ਹੈ। ਭਾਵੇਂ ਕਿ ਸਾਰੀਆਂ ਪਾਰਟੀਆਂ ਅਤੇ ਚੋਣ ਮਾਹਿਰਾਂ ਨੇ ਪਾਰਟੀਆਂ ਦੀ ਜਿੱਤ ਹਾਰ ਦੇ ਅੰਦਾਜ਼ੇ ਲਗਾ ਰੱਖੇ ਹਨ, ਤਾਂ ਵੀ ਹਰ ਪਾਰਟੀ ਆਪਣੇ ਵਿਰੋਧੀ ਦੀ ਹਰ ਇੱਕ ਘਟਨਾ ਤੋਂ ਬੜੀ ਬੌਖਲਾਈ ਦਿਖਾਈ ਦਿੰਦੀ ਹੈ।

ਚੋਣ ਬੌਂਡ ਵਿੱਚ ਕੁੱਲ 12 ਹਜ਼ਾਰ ਕਰੋੜ ਦੀ ਧੰਨ ਰਾਸ਼ੀ ਵਿਚੋਂ ਭਾਵੇਂ ਦਿਸਦੇ ਰੂਪ ਵਿੱਚ ਭਾਜਪਾ ਨੂੰ ਅੱਧ ਪ੍ਰਾਪਤ ਹੋਇਆ, ਪਰ ਉਨ੍ਹਾਂ ਵੱਲੋਂ ਕੀਤੀ ਗਈ ਪੱਤਰਕਾਰ ਮਿਲਣੀ ਵਿੱਚ ਅੰਕੜਿਆਂ ਦਾ ਹੇਰ ਫ਼ੇਰ ਦਰਸਾਕੇ ਪੱਤਰਕਾਰਾਂ ਨੂੰ ਇਹ ਦੱਸਿਆ ਗਿਆ ਕਿ ਕੁੱਲ ਰਾਸ਼ੀ ਵਿਚੋਂ ਸਿਰਫ਼ 30% ਪੈਸੇ ਹੀ ਮਿਲੇ ਸਨ। ਇਸ ਤਰ੍ਹਾਂ ਮੀਡੀਆ ਨੇ ਸਾਹਮਣੇ ਦਿਸਦੀ ਬੱਕਰੀ ਵੀ ਕੁੱਤਾ ਬਣਾ ਪੇਸ਼ ਕੀਤੀ ਅਤੇ ਲੋਕਾਂ ਨੇ ਮੰਨ ਲਈ। ਭਾਜਪਾ ਉੱਪਰ ਅਜਿਹੀਆਂ ਕੰਪਨੀਆਂ ਤੋਂ ਪੈਸੇ ਲੈਣ ਦੇ ਇਲਜ਼ਾਮ ਵੀ ਲੱਗੇ, ਜਿਹੜੇ ਉਨ੍ਹਾਂ ਦੇ ਪਾਰਟੀ ਸਿਧਾਂਤ ਤੋਂ ਉਲਟ ਕਾਰੋਬਾਰ ਵਿੱਚ ਲੱਗੇ ਹੋਏ ਹਨ। ਕੁਝ ਕੰਪਨੀਆਂ ਤੋਂ ਪਾਰਟੀਆਂ ਨੂੰ ਪੈਸੇ ਬਦਲੇ ਉਨ੍ਹਾਂ ਨੂੰ ਸਰਕਾਰ ਵੱਲੋਂ ਪੁਲ, ਸੜਕਾਂ ਬਣਾਉਣ ਦੇ ਕੰਮ ਵੀ ਦਿੱਤੇ ਗਏ। ਲਗਭਗ 50 ਕਰੋੜ ਦੀ ਪਾਰਟੀ ਨੂੰ ਪਰਚੀ ਕਟਵਾਉਣ ਤੇ ਸਰਕਾਰੀ ਮਹਿਕਮੇ ਤੋਂ 300 ਕਰੋੜ ਦਾ ਕੰਮ ਦੇਣ ਦੇ ਖ਼ੁਲਾਸੇ ਵੀ ਹੋਏ ਹਨ। ਇਸ ਮਾਮਲੇ ਵਿੱਚ ਜਦੋਂ ਇਹ ਚੋਣ ਬੌਂਡ ਤਰੀਕਾ ਭਾਜਪਾ ਵੱਲੋਂ ਇਜ਼ਾਦ ਕੀਤਾ ਗਿਆ ਸੀ, ਤਾਂ ਕਾਂਗਰਸ ਸਮੇਤ ਕਾਫ਼ੀ ਪਾਰਟੀਆਂ ਨੇ ਵਿਰੋਧ ਕੀਤਾ ਸੀ। ਕੁਝ ਮੰਤਰੀਆਂ ਵੱਲੋਂ ਦੱਸਿਆ ਗਿਆ ਸੀ ਕਿ ਇਸ ਤਰੀਕੇ ਵਿੱਚ ਵੱਡੇ ਹੇਰ ਫ਼ੇਰ ਹੋ ਸਕਦੇ ਹਨ। ਪਰ ਜਦੋਂ ਵਿਰੋਧੀ ਪਾਰਟੀਆਂ ਸਮੇਤ ਕਾਂਗਰਸ ਨੂੰ ਵੀ ਚੋਣ ਬੌਂਡ ਰਾਹੀਂ ਪੈਸਾ ਮਿਲਿਆ ਤਾਂ ਇਸ ਦਾ ਵਿਰੋਧ ਬੰਦ ਹੋ ਗਿਆ। ਇਸ ਮਾਮਲੇ ਵਿੱਚ ਕਾਂਗਰਸ ਦੀ ਵੀ ਕੋਈ ਚੰਗੀ ਭੂਮਿਕਾ ਨਹੀਂ ਕਹੀ ਜਾ ਸਕਦੀ। ਭਾਵੇਂ ਕਿ ਇਹ ਵਿਰੋਧੀ ਪਾਰਟੀਆਂ ਦੀ ਭੂਮਿਕਾ ਬਣਦੀ ਸੀ।

ਆਮ ਆਦਮੀ ਪਾਰਟੀ ਸਦਾਚਾਰ ਅਤੇ ਇਮਾਨਦਾਰੀ ਦੀ ਦਲੀਲ ਨਾਲ ਸਿਆਸਤ ਵਿੱਚ ਆਈ ਸੀ। ਲੋਕ ਵੀ ਕੁਝ ਬਦਲਾਅ ਵੇਖਣਾ ਚਾਹੁੰਦੇ ਸੀ। ਹੁਣ ਜਦੋਂ ਲੋਕਾਂ ਨੇ ਬਦਲਾਅ ਵੇਖ ਲਿਆ ਹੈ ਤਾਂ ਅੱਗੇ ਵਾਸਤੇ ਬਦਲਵੀਂ ਸਿਆਸਤ ਕਿਧਰੇ ਵੀ ਨਿਗ੍ਹਾ ਨਹੀਂ ਪੈ ਰਹੀ ਹੈ। ਇਹ ਖ਼ਲਾਅ ਦਿੱਲੀ ਦਰਬਾਰ ਵੱਲੋਂ ਲੋਕਾਂ ਨੂੰ ਵੋਟ ਸਿਆਸਤ ਨਾਲ ਜੋੜੀਂ ਰੱਖਣ ਲਈ ਹੁਣ ਕਿਵੇਂ ਭਰਿਆ ਜਾਵੇਗਾ, ਇਹ ਵੇਖਣਾ ਹੋਵੇਗਾ। ਮੁੱਖ ਮੰਤਰੀ ਕੇਜਰੀਵਾਲ ਜਿਹੜੇ ਦਾਅਵਿਆਂ ਨਾਲ ਸਿਆਸਤ ਵਿੱਚ ਆਏ ਸੀ, ਉਹ ਹੌਲੀ ਹੌਲੀ ਉਨ੍ਹਾਂ ਸਭ ਗੱਲਾਂ ਤੋਂ ਮੁੜਦੇ ਮੁੜਦੇ ਦੂਸਰੇ ਮੰਤਰੀਆਂ ਦੇ ਤੌਰ ਤਰੀਕੇ ਅਤੇ ਉਨ੍ਹਾਂ ਵਰਗੇ ਹੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਫਸਦੇ ਗਏ। ਇਹ ਸਭ ਗੱਲਾਂ ਦਾ ਆਮ ਆਦਮੀ ਪਾਰਟੀ ਦੇ ਸਾਰੇ ਆਗੂਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ, ਪਰ ਕਦੇ ਵੀ ਉਹ ਇਸ ਪ੍ਰਬੰਧ ਅੰਦਰਲੀਆਂ ਅਜਿਹੀਆਂ ਕੜੀਆਂ ਨੂੰ ਸਾਹਮਣੇ ਨਹੀਂ ਲਿਆਉਂਦੇ, ਜਿਨ੍ਹਾਂ ਕਰਕੇ ਉਹਨਾਂ ਤੋਂ ਪਹਿਲਾਂ ਕਿੰਨੇ ਹੀ ਇਮਾਨਦਾਰ ਮੰਤਰੀ ਇੱਥੇ ਆਉਂਦਿਆਂ ਹੀ ਭ੍ਰਿਸ਼ਟ ਹੋ ਗਏ। ਕੇਂਦਰੀ ਏਜੰਸੀ ਵੱਲੋਂ ਦਿੱਲੀ ਵਿਧਾਨ ਸਭਾਈ ਸਰਕਾਰ ਦੀ ਸ਼ਰਾਬ ਨੀਤੀ ਦੇ ਸਿੱਟੇ ਵਜੋਂ ਸਰਕਾਰ ਦੇ ਖ਼ਜ਼ਾਨੇ ਨੂੰ ਲਗਾਏ ਗਏ ਰਗੜੇ ਦੇ ਕਾਰਨ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੱਸੀ ਗਈ ਹੈ। ਇਸ ਨੀਤੀ ਤਹਿਤ ਕੇਜਰੀਵਾਲ ਉੱਪਰ ਆਪਣੇ ਨੇੜਲੇ ਲੋਕਾਂ ਨੂੰ ਸ਼ਰਾਬ ਦੇ ਕਾਰੋਬਾਰ ਵਿੱਚ ਵੱਡੇ ਫ਼ਾਇਦੇ ਦੇਣ ਦੇ ਦੋਸ਼ ਲੱਗੇ ਹਨ। ਇਸ ਤੋਂ ਪਹਿਲਾਂ ਵੀ ਆਮ ਆਦਮੀ ਦੇ ਕਿੰਨੇ ਹੀ ਵੱਡੇ ਚਿਹਰੇ ਅਲੱਗ ਅਲੱਗ ਮਸਲਿਆਂ ਵਿੱਚ ਜੇਲ੍ਹ ਕੱਟ ਰਹੇ ਹਨ।

ਆਮ ਆਦਮੀ ਪਾਰਟੀ ਨੇ ਹਰ ਉਹ ਕੰਮ ਕੀਤਾ ਜਿਸ ਦੇ ਲਈ ਕਦੇ ਦੂਸਰੀ ਪਾਰਟੀ ਨੂੰ ਭੰਡਿਆ ਸੀ। ਭਗਵੰਤ ਮਾਨ ਦੇ ਆਪਣੇ ਇਲਾਕੇ ਵਿੱਚ 20 ਜਣੇ ਸ਼ਰਾਬ ਨਾਲ ਮਰ ਗਏ, ਪਰ ਇਥੇ ਆਕੇ ਪਰਿਵਾਰਾਂ ਨਾਲ ਬੈਠਣ ਤੋਂ ਪਹਿਲਾਂ ਉਨ੍ਹਾਂ ਨੂੰ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਦਿੱਲੀ ਜਾਣਾ ਜ਼ਿਆਦਾ ਜ਼ਰੂਰੀ ਲੱਗਿਆ। ਪੰਜਾਬ ਵਿੱਚ ਆਪ ਪਾਰਟੀ ਦੇ ਲੋਕ ਸਭਾ ਵਿੱਚ ਜਿੱਤਣ ਹਾਰਨ ਦੇ ਵੱਖਰੇ ਕਾਰਨ ਹੋ ਸਕਦੇ ਹਨ। ਪਰ ਪੰਜਾਬ ਤੋਂ ਬਾਹਰ ਇਸ ਨਾਲ ਲੋਕਤੰਤਰ ਦੀ ਰਾਖੀ ਦੇ ਮੁੱਦੇ 'ਤੇ ਕੇਜਰੀਵਾਲ ਦਾ ਕੱਦ ਜ਼ਰੂਰ ਵਧੇਗਾ। ਇੰਡੀਆ ਗਠਗੋੜ ਵਿੱਚ ਇਹ ਸਿਲਸਿਲਾ ਕਾਂਗਰਸ ਦੇ ਮੁਕਾਬਲੇ ਆਪ ਦਾ ਕੱਦ ਵੀ ਵੱਡਾ ਕਰ ਸਕਦਾ ਹੈ। ਕੇਜਰੀਵਾਲ ਨੇ ਇਸ ਮਸਲੇ ਨੂੰ ਖਿੱਚਕੇ ਚੋਣਾਂ ਦੇ ਨੇੜੇ ਲਿਆਂਦਾ, ਨਹੀਂ 'ਤੇ ਬਹੁਤ ਚਿਰ ਦੇ ਉਨ੍ਹਾਂ ਨੂੰ ਪੇਸ਼ ਹੋਣ ਦੇ ਸੰਮਨ ਮਿਲਦੇ ਰਹੇ ਸਨ। ਹੁਣ ਆਪ ਪਾਰਟੀ ਵੱਲੋਂ ਪਾਇਆ ਜਾ ਰਿਹਾ ਰੌਲਾ ਉਨ੍ਹਾਂ ਨੂੰ ਚੋਣਾਂ ਵਿੱਚ ਫ਼ਾਇਦਾ ਕਰਵਾਉਣ ਦੇ ਮਕਸਦ ਤਹਿਤ ਹੀ ਇੰਡੀਆ ਪੱਧਰ 'ਤੇ ਆਪ ਪਾਰਟੀ ਦੇ ਫ਼ੈਲਣ ਲਈ ਜ਼ਮੀਨ ਤਿਆਰ ਕਰ ਸਕਦਾ ਹੈ।

ਕਾਂਗਰਸ ਅਤੇ ਰਾਹੁਲ ਗਾਂਧੀ ਨੇ ਸੱਤਾ ਦੀ ਤਾਕਤ ਨੂੰ ਬਹੁਤ ਨੇੜਿਓਂ ਵੇਖਿਆ ਹੈ। ਉਹ ਜਿਸ ਤਰ੍ਹਾਂ ਭਾਜਪਾ ਸਰਕਾਰ ਵੱਲੋਂ ਦਿੱਲੀ ਦਰਬਾਰ ਦੀ ਬਦਲੀ ਜਾ ਰਹੀ ਅੰਦਰਲੀ ਬਣਤਰ ਨੂੰ ਜਾਣਦੇ ਹਨ, ਉਸ ਤਰ੍ਹਾਂ ਉਸ ਦਾ ਵਿਰੋਧ ਨਹੀਂ ਕਰ ਰਹੇ। ਸਿਰਫ਼ ਸਤਹੀ ਵਿਰੋਧ ਹੀ ਹੈ। ਹੁਣ ਤੱਕ ਦੀ ਸਾਰੀ ਹਲਚਲ ਨੂੰ ਵਾਚਿਆ ਇਹ ਗੱਲ ਆਖੀ ਜਾ ਸਕਦੀ ਹੈ ਕਿ ਸਾਰੀਆਂ ਪਾਰਟੀਆਂ ਜਿਨ੍ਹਾਂ ਗੱਲਾਂ ਅਤੇ ਲੋਕਤੰਤਰ ਦੇ ਖ਼ਤਰੇ ਨੂੰ ਵੱਡੇ ਸੰਦਰਭ ਵਿੱਚ ਲੈਕੇ ਮੋਦੀ ਅਤੇ ਭਾਜਪਾ ਨੂੰ ਘੇਰਨ ਦੀ ਗੱਲ ਕਰਦੇ ਹਨ, ਦੂਸਰੀਆਂ ਪਾਰਟੀਆਂ ਵੀ ਓਥੋਂ ਤੱਕ ਹੀ ਅੱਪੜਨਾ ਚਾਹੁੰਦੀਆਂ ਹਨ, ਤਾਂ ਹੀ ਮੋਦੀ ਸਰਕਾਰ ਵੱਲੋਂ ਸਰਕਾਰੀ ਢਾਂਚੇ ਵਿੱਚ ਪਾਏ ਵਿਗਾੜਾਂ ਨੂੰ ਲੋਕਾਂ ਦੇ ਸਾਹਮਣੇ ਰੱਖਣ ਤੋਂ ਬਚਦੀਆਂ ਹਨ। ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਵਕਤ ਸਰਕਾਰੀ ਢਾਂਚੇ ਵਿੱਚ ਜਿਹੜੇ ਬਦਲਾਅ ਕੀਤੇ ਗਏ ਸਨ, ਅਗਲੀਆਂ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਰੱਦ ਨਹੀਂ ਕੀਤਾ ਗਿਆ। ਇਸ ਲਈ ਇਹ ਆਖਣਾ ਮੁਸ਼ਕਿਲ ਹੈ ਕਿ ਕੋਈ ਪਾਰਟੀ ਲੋਕਤੰਤਰਿਕ ਸੰਸਥਾਵਾਂ ਨੂੰ ਬਚਾਉਣ ਲਈ ਸਿਆਸਤ ਕਰ ਰਹੀ ਹੈ। ਅੱਜ ਹਰ ਪਾਰਟੀ ਦੀ ਕਹਿਣੀ ਕਥਨੀ ਦਾ ਇਹੋ ਦਸਤੂਰ ਹੈ। ਲੋਕਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਆਪਣੇ ਬਦਲਵੇਂ ਪ੍ਰਬੰਧ ਸਥਾਪਿਤ ਕਰਨੇ ਪੈਣਗੇ, ਨਹੀਂ ਤੇ ਲੋਕਤੰਤਰੀ ਪਾਰਟੀਆਂ ਤੋਂ ਲੋਕਾਂ ਦੇ ਹਿੱਤਾਂ ਦੀ ਰਾਖੀ ਦੀ ਕੋਈ ਆਸ ਨਹੀਂ ਹੈ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਪ੍ਰਵਾਸੀ ਪੰਜਾਬੀ ਨਹੀਂ ਦਿਖਾ ਰਹੇ ਲੋਕ ਸਭਾ ਚੋਣਾਂ ਵਿੱਚ ਦਿਲਚਸਪੀ

➢ ਰਾਜਨੀਤੀ ਨੂੰ ਲੋਕ ਸੇਵਾ ਦੀ ਥਾਂ ਇੱਕ ਧੰਦੇ ਵਜੋਂ ਅਪਨਾਉਣ ਕਾਰਨ ਐਨ. ਆਰ. ਆਈ. ਨਿਰਾਸ਼
➢ ਮਾਰਚ-2024 ਤੱਕ ਵੋਟਰ ਸੂਚੀ ਮੁਤਾਬਕ ਪੰਜਾਬ ਵਿੱਚ ਐੱਨ. ਆਰ. ਆਈ. ਵੋਟਰਾਂ ਦੀ ਗਿਣਤੀ 1597



ਬਘੇਲ ਸਿੰਘ ਧਾਲੀਵਾਲ
99142-58142



ਪੰਜਾਬ ਤੋਂ ਜਾ ਕੇ ਵਿਦੇਸ਼ਾਂ ਵਿੱਚ ਵਸੇ ਲੱਖਾਂ ਐੱਨ. ਆਰ. ਆਈ. ਲੋਕ ਸਭਾ ਚੋਣਾਂ ਵਿੱਚ ਕੋਈ ਦਿਲਚਸਪੀ ਨਹੀਂ ਦਿਖਾ ਰਹੇ ਹਨ। ਭਾਵੇਂ ਕਿ ਪੰਜਾਬ ਵਿਚੋਂ ਰੁਜ਼ਗਾਰ ਲਈ ਵਿਦੇਸ਼ਾਂ ਵਿੱਚ ਜਾ ਕੇ ਵਸੇ ਲੱਖਾਂ ਲੋਕਾਂ ਦਾ ਆਪਣੇ ਪਿੰਡਾਂ-ਕਸਬਿਆਂ ਲਈ ਅੰਤਾਂ ਦਾ ਮੋਹ ਹੈ, ਉਹ ਆਪਣੇ ਜਨਮ ਸਥਾਨ ਨੂੰ ਚੰਗੇਰਾ ਬਨਾਉਣ ਲਈ ਸਦਾ ਉਤਸਕ ਦਿਸਦੇ ਹਨ, ਮਾਲੀ ਮਦਦ ਵੀ ਦੇ ਰਹੇ ਹਨ ਅਤੇ ਸਮੇਂ ਸਮੇਂ ਉਹ ਪਿੰਡ ਪੰਚਾਇਤਾਂ, ਵਿਧਾਨ ਸਭਾ ਚੋਣਾਂ ਵਿੱਚ ਡੂੰਘੀ ਦਿਲਚਸਪੀ ਲੈਂਦੇ ਰਹੇ ਹਨ, ਪਰ 2024 ਦੀਆਂ ਲੋਕ ਸਭਾ ਚੋਣਾਂ ਲਈ ਉਹ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਰੱਖ ਰਹੇ। ਕੀ ਉਨ੍ਹਾਂ ਦਾ ਚੋਣਾਂ ਪ੍ਰਤੀ ਮੋਹ ਭੰਗ ਹੋ ਗਿਆ ਹੈ?

ਪੰਜਾਬੀਆਂ ਦੇ ਲੋਕ ਸਭਾ ਵਿੱਚ ਮੋਹ ਭੰਗ ਹੋਣ ਦਾ ਕਾਰਨ ਉਹ ਨੇਤਾ ਲੋਕ ਹਨ, ਜਿਹਨਾਂ ਨੇ ਰਾਜਨੀਤੀ ਨੂੰ ਲੋਕ ਸੇਵਾ ਵਜੋਂ ਨਹੀਂ ਇੱਕ ਧੰਦੇ ਵਜੋਂ ਅਪਨਾਇਆ ਹੋਇਆ ਹੈ ਅਤੇ ਜਿਹੜੇ ਆਪਣੇ ਹਿੱਤਾਂ ਦੀ ਖਾਤਰ ਲੋਕ ਹਿੱਤ ਵੇਚਣ ਤੋਂ ਗੁਰੇਜ਼ ਨਹੀਂ ਕਰਦੇ। ਪ੍ਰਵਾਸੀ ਵੀਰਾਂ ਨੇ ਕਦੇ ਲੋਕ ਭਲਾਈ ਪਾਰਟੀ ਦੇ ਨੇਤਾ ਬਲਵੰਤ ਸਿੰਘ ਰਾਮੂੰਵਾਲੀਆ ਨੂੰ ਭਰਪੂਰ ਸਹਿਯੋਗ ਦਿੱਤਾ। ਫਿਰ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੀ. ਪੀ. ਪੀ. ਦਾ ਪੂਰਾ ਸਾਥ ਦਿੱਤਾ। ਪ੍ਰਵਾਸੀ ਪੰਜਾਬੀ ਲੰਮੇ ਸਮੇਂ ਤੋਂ ਹੀ ਦੇਸ਼ ਦੀਆਂ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਨਾਲ ਜੁੜੇ ਹੋਏ ਹਨ। ਭਾਰਤ ਵਿੱਚ 1969 ਤੋਂ ਇੰਡੀਅਨ ਓਵਰਸੀਜ਼ ਕਾਂਗਰਸ ਦੀਆਂ ਕਈ ਇਕਾਈਆਂ ਸਥਾਪਿਤ ਹੋਈਆਂ। ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਅਤੇ ਲੁਧਿਆਣਾ ਦੇ ਬੈਂਸ ਭਰਾਵਾਂ ਦੀ ਪਾਰਟੀ ਲੋਕ ਇਨਸਾਫ ਪਾਰਟੀ ਵੱਲੋਂ ਵੀ ਆਪਣੇ ਵਿਦੇਸ਼ੀ ਸਮਰਥਕਾਂ, ਸੰਸਥਾਵਾਂ ਨਾਲ ਗੂੜ੍ਹੇ ਸਬੰਧ ਬਣਾ ਰੱਖੇ ਹੋਏ ਹਨ। ਕੈਪਟਨ ਅਮਰਿੰਦਰ ਸਿੰਘ, ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ, ਹਰਚਰਨ ਸਿੰਘ ਬਰਾੜ ਦੀ ਨੂੰਹ ਕਰਨ ਕੌਰ ਬਰਾੜ, ਕਾਂਗਰਸ ਪਾਰਟੀ ਦੇ ਹੱਕ ਵਿੱਚ ਸਮੇਂ ਸਮੇਂ ਪ੍ਰਚਾਰ ਕਰਦੇ ਰਹਿੰਦੇ ਸਨ ਅਤੇ ਸਿੱਖ ਖੇਡਾਂ ਜਾਂ ਹੋਰ ਸਮਾਗਮਾਂ ਸਮੇਂ ਪਬਲਿਕ ਅਤੇ ਪ੍ਰਾਈਵੇਟ ਮਿਲਣੀਆਂ ਕਰਦੇ ਰਹੇ ਸਨ ਅਤੇ ਪੰਜਾਬੀ ਮੀਡੀਏ ਦੇ ਪ੍ਰਤੀਨਿਧਾਂ ਨਾਲ ਮਿਲਕੇ ਆਪਣੇ ਪਾਰਟੀ ਪ੍ਰੋਗਰਾਮਾਂ ਦਾ ਪ੍ਰਚਾਰ ਕਰਕੇ ਵੱਡੀ ਮਾਇਕ ਸਹਾਇਤਾ ਅਤੇ ਸਹਿਯੋਗ ਆਪਣੀ ਪਾਰਟੀ ਲਈ ਇੱਕਠੀ ਕਰਦੇ ਰਹੇ। ਮਹਿੰਦਰ ਸਿੰਘ ਗਿਲਜੀਆਂ ਅਮਰੀਕਾ ਵਿੱਚ ਅਤੇ ਓਵਰਸੀਜ਼ ਕਾਂਗਰਸ ਦੇ ਯੂ.ਕੇ. ਦੇ ਨੇਤਾ ਦਲਜੀਤ ਸਿੰਘ ਸਹੋਤਾ ਅਤੇ ਇਟਲੀ ਦੇ ਕਰਮਜੀਤ ਸਿੰਘ ਢਿਲੋਂ ਆਦਿ ਇਹੋ ਜਿਹੇ ਪ੍ਰਵਾਸੀ ਪੰਜਾਬੀ ਹਨ, ਜਿਹੜੇ ਕਾਂਗਰਸ ਦੀ ਉੱਚ ਲੀਡਰਸ਼ਿਪ ਨੂੰ ਇਹਨਾਂ ਦੇਸ਼ਾਂ ਵਿੱਚ ਸਵਾਗਤ ਕਰਨ ਵੇਲੇ ਮੋਹਰੀ ਰੋਲ ਅਦਾ ਕਰਦੇ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਕਦੇ ਪ੍ਰਵਾਸੀ ਪੰਜਾਬੀਆਂ ਵਿੱਚ ਵੱਡਾ ਅਸਰ ਬਣਾਇਆ ਸੀ, ਅਮਰੀਕਾ, ਕੈਨੇਡਾ, ਬਰਤਾਨੀਆ ਅਤੇ ਹੋਰ ਮੁਲਕਾਂ ਵਿੱਚ ਆਪਣੀਆਂ ਇਕਾਈਆਂ ਖੋਲ੍ਹੀਆਂ, ਗੁਰਦੁਆਰਿਆਂ ਵਿੱਚ ਆਪਣੀ ਸਿਆਸਤ ਕੀਤੀ ਪਰ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੱਡੀ ਹਾਰ ਨੂੰ ਉਨ੍ਹਾਂ ਨੇ ਪ੍ਰਵਾਸੀ ਪੰਜਾਬੀਆਂ ਕਾਰਨ ਆਪਣੀ ਹਾਰ ਹੋਈ ਮੰਨਿਆ, ਕਿਉਂਕਿ ਪ੍ਰਵਾਸੀ ਪੰਜਾਬੀਆਂ ਨੇ ਖੁਲ੍ਹੇ ਆਮ ਆਦਮੀ ਪਾਰਟੀ ਦੀ ਹਮਾਇਤ ਕੀਤੀ ਸੀ। ਸਿੱਟੇ ਵਜੋਂ ਆਮ ਆਦਮੀ ਪਾਰਟੀ ਦੇ ਚਾਰ ਮੈਂਬਰ ਪਾਰਲੀਮੈਂਟ ਚੁਣੇ ਗਏ। ਇਸੇ ਗੁੱਸੇ ਵਿੱਚ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਵਿਦੇਸ਼ਾਂ ਵਿੱਚ ਸਥਾਪਿਤ ਸ਼੍ਰੋਮਣੀ ਅਕਾਲੀ ਦਲ ਦੀਆਂ ਇਕਾਈਆਂ ਨੂੰ ਨਾਟ ਰਿਕੁਆਇਰਡ ਇੰਡੀਅਨਜ਼ ਗਰਦਾਨਦੇ ਹੋਏ ਭੰਗ ਕਰ ਦਿੱਤਾ। ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਪ੍ਰਵਾਸੀ ਸੰਮੇਲਨ, ਜਿਹਨਾਂ ਵਿੱਚ ਆਪਣੇ ਚਹੇਤਿਆਂ ਨੂੰ ਸੱਦਕੇ ਸਨਮਾਨਿਆ ਜਾਂਦਾ ਸੀ, ਉਨ੍ਹਾਂ ਨੂੰ ਵੀ ਆਈ ਪੀ ਟਰੀਟਮੈਂਟ ਦਿੱਤਾ ਜਾਂਦਾ ਸੀ, ਸਰਕਾਰੀ ਗੱਡੀਆਂ ਦਿੱਤੀਆਂ ਜਾਂਦੀਆਂ ਸਨ, ਹੋਟਲਾਂ ਵਿੱਚ ਉਨ੍ਹਾਂ ਦੀ ਆਓ ਭਗਤ ਹੁੰਦੀ ਸੀ, ਬੰਦ ਕਰ ਦਿੱਤੇ ਗਏ। ਪਰ ਜਦੋਂ ਪ੍ਰਵਾਸੀ ਸਹਿਯੋਗ ਵੋਟਾਂ ਨੋਟਾਂ ਬਿਨ੍ਹਾਂ ਨਾ ਸਰਿਆ ਤਾਂ ਬਾਅਦ ਵਿੱਚ ਛੇਤੀ ਹੀ ਅਮਰੀਕਾ, ਕੈਨੇਡਾ ਅਤੇ ਅਸਟ੍ਰੇਲੀਆ ਵਿੱਚ ਸ਼੍ਰੋਮਣੀ ਅਕਾਲੀ ਦਲ ਦੀਆਂ ਕਈ ਇਕਾਈਆਂ ਸਥਾਪਤ ਕੀਤੀਆਂ, ਪਰ ਸ਼੍ਰੋਮਣੀ ਅਕਾਲੀ ਦਲ ਦੀ ਉਪਰਲੀ ਲੀਡਰਸ਼ਿਪ, ਕੋਟਕਪੂਰਾ ਗੋਲੀ ਕਾਂਡ ਅਤੇ ਬਹਿਬਲ ਕਲਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕਾਰਨ, ਸ਼੍ਰੋਮਣੀ ਅਕਾਲੀ ਦਲ ਖਾਸ ਕਰਕੇ ਬਾਦਲਾਂ ਵਿਰੁੱਧ ਸਿੱਖਾਂ ਵਿੱਚ ਪੈਦਾ ਹੋਏ ਰੋਸ ਕਾਰਨ, ਉਨ੍ਹਾਂ ਦੇਸ਼ਾਂ ਵਿੱਚ ਆਪਣੇ ਪੈਰ ਨਹੀਂ ਜਮ੍ਹਾ ਸਕੀ। ਕਾਂਗਰਸੀ ਨੇਤਾਵਾਂ ਖਾਸ ਕਰਕੇ ਪੰਜਾਬੀ ਕਾਂਗਰਸੀ ਨੇਤਾਵਾਂ ਨੂੰ ਵੀ ਲਗਭਗ ਇਹੋ ਜਿਹੀ ਸਥਿਤੀ ਦਾ ਹੀ ਸਾਹਮਣਾ ਕਰਨਾ ਪਿਆ, ਜਿਸਦੇ ਉੱਚ ਨੇਤਾ ਸਮੇਤ ਮੁੱਖ ਮੰਤਰੀ ਅਮਰਿੰਦਰ ਸਿੰਘ ਪ੍ਰਵਾਸੀ ਪੰਜਾਬੀਆਂ ਦੇ ਕੋਲ ਨਾ ਪੁੱਜ ਸਕੇ ਅਤੇ ਨਾ ਹੀ ਉਨ੍ਹਾਂ ਦੀ ਹਮਾਇਤ ਪ੍ਰਾਪਤ ਕਰ ਸਕੇ।

ਅਕਾਲੀ ਅਤੇ ਕਾਂਗਰਸ ਦੇ ਪੰਜਾਬੀ ਆਗੂਆਂ ਨਾਲੋਂ ਆਮ ਆਦਮੀ ਪਾਰਟੀ ਦੇ ਆਗੂ ਵਿਦੇਸ਼ਾਂ ਵਿੱਚ ਵਧੇਰੇ ਸਰਗਰਮ ਹਨ। ਕਦੇ ਕੇਜਰੀਵਾਲ, ਸੁੱਚਾ ਸਿੰਘ ਛੋਟੇਪੁਰ, ਭਗਵੰਤ ਮਾਨ ਜਿਹੇ ਨੇਤਾਵਾਂ ਨੂੰ ਪ੍ਰਵਾਸੀ ਹੱਥੀਂ ਛਾਵਾਂ ਕਰਦੇ ਸਨ। ਹਜ਼ਾਰਾਂ, ਲੱਖਾਂ ਡਾਲਰ ਉਨ੍ਹਾਂ ਆਮ ਆਦਮੀ ਪਾਰਟੀ ਲਈ ਕੁਰਬਾਨ ਕਰ ਦਿੱਤੇ ਤਾਂ ਜੋ ਪੰਜਾਬ ਦਾ ਸੁਧਾਰ ਹੋਵੇ ਪਰ ਅੰਤ ਵਿੱਚ ਉਨ੍ਹਾਂ ਪੱਲੇ ਨਿਰਾਸ਼ਤਾ ਆਈ। ਆਮ ਆਦਮੀ ਪਾਰਟੀ ਨੂੰ ਤਾਂ ਉਨ੍ਹਾਂ ਤਨ, ਮਨ, ਧਨ ਨਾਲ ਸਹਾਇਤਾ ਦਿੱਤੀ, ਇਸ ਨੂੰ ਕਬੂਲਿਆ ਅਤੇ ਪੰਜਾਬ ਵਿੱਚ ਆਕੇ ਵੀ ਇਸਦੇ ਹੱਕ ਵਿੱਚ ਪ੍ਰਚਾਰ ਕੀਤਾ ਪਰ ਆਮ ਆਦਮੀ ਪਾਰਟੀ ਦੇ ਨੇਤਾ ਪ੍ਰਵਾਸੀ ਪੰਜਾਬੀਆਂ ਦੇ ਪਿਆਰ ਦੇ ਹਾਣ ਦੇ ਨਾ ਹੋ ਸਕੇ।

ਜੇਕਰ ਚੋਣ ਕਮਿਸ਼ਨ ਦੇ ਅੰਕੜਿਆਂ ਦੀ ਗੱਲ ਕਰੀਏ ਤਾਂ ਮਾਰਚ-2024 ਤੱਕ ਵੋਟਰ ਸੂਚੀ ਮੁਤਾਬਕ ਪੰਜਾਬ ਵਿੱਚ ਐੱਨ. ਆਰ. ਆਈ. ਵੋਟਰਾਂ ਦੀ ਗਿਣਤੀ 1597 ਹੈ, ਜਦੋਂ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਇਹ ਗਿਣਤੀ 1522 ਸੀ, ਜਦੋਂ ਕਿ ਪੰਜਾਬ ਤੋਂ ਲੱਖਾਂ ਪੰਜਾਬੀ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਸਮੇਤ ਹੋਰ ਦੇਸ਼ਾਂ ਵਿਚ ਜਾ ਕੇ ਵਸੇ ਹੋਏ ਹਨ। ਇਹ ਐੱਨ. ਆਰ. ਆਈ. ਸਮੇਂ-ਸਮੇਂ 'ਤੇ ਪੰਜਾਬ ਵੀ ਆਉਂਦੇ ਰਹਿੰਦੇ ਹਨ।

ਹਾਲ ਹੀ ਵਿੱਚ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਏ ਐੱਨ. ਆਰ. ਆਈ. ਮਿਲਣੀ ਸਮਾਰੋਹ ਵਿੱਚ ਵੀ ਵੱਡੀ ਗਿਣਤੀ ਵਿੱਚ ਐੱਨ. ਆਰ. ਆਈ. ਹਿੱਸਾ ਲੈਣ ਲਈ ਪੁੱਜੇ ਸਨ। ਇੱਕ ਅਖ਼ਬਾਰ ਵਿੱਚ ਛਪੇ ਅੰਕੜਿਆਂ ਮੁਤਾਬਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਐੱਨ. ਆਰ. ਆਈ. ਵੋਟਰਾਂ ਦੀ ਗਿਣਤੀ ਕੁੱਝ ਇਸ ਤਰ੍ਹਾਂ ਹੈ-ਗੁਰਦਾਸਪੁਰ ਵਿੱਚ 442, ਅੰਮ੍ਰਿਤਸਰ ਵਿੱਚ 57, ਖਡੂਰ ਸਾਹਿਬ ਵਿੱਚ 342, ਜਲੰਧਰ ਵਿੱਚ 75, ਹੁਸ਼ਿਆਰਪੁਰ ਵਿੱਚ 135, ਅਨੰਦਪੁਰ ਸਾਹਿਬ 'ਚ 278, ਲੁਧਿਆਣਾ 'ਚ 65, ਫਤਿਹਗੜ੍ਹ ਸਾਹਿਬ ਵਿੱਚ 36, ਫਰੀਦਕੋਟ 'ਚ 58, ਫਿਰੋਜ਼ਪੁਰ ਵਿੱਚ 21, ਬਠਿੰਡਾ ਵਿੱਚ 16, ਸੰਗਰੂਰ ਵਿੱਚ 36 ਅਤੇ ਪਟਿਆਲਾ ਵਿੱਚ 36 ਹੈ। ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਸਿਬਿਨ ਸੀ. ਦਾ ਕਹਿਣਾ ਹੈ ਕਿ ਕਿ ਪੰਜਾਬ ਵਿੱਚ ਐੱਨ. ਆਰ. ਆਈ. ਵੋਟਰਾਂ ਦੀ ਗਿਣਤੀ ਕਾਫੀ ਘੱਟ ਹੈ ਪਰ ਚੋਣ ਕਮਿਸ਼ਨ ਕੋਸ਼ਿਸ਼ ਕਰ ਰਿਹਾ ਹੈ ਕਿ ਜ਼ਿਆਦਾ ਗਿਣਤੀ ਵਿੱਚ ਐਨ. ਆਰ. ਆਈ. ਲੋਕ ਵੋਟਰ ਸੂਚੀ ਵਿੱਚ ਆਪਣਾ ਨਾਂ ਦਰਜ ਕਰਵਾਉਣ।

ਇੰਗਲੈਂਡ ਦੇ ਪੱਤਰਕਾਰ ਡਾਕਟਰ ਸ਼ਿੰਗਾਰਾ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਪ੍ਰਵਾਸੀ ਪੰਜਾਬੀਆਂ ਪੰਜਾਬ ਦੇ ਵਿਕਾਸ ਪਾਉਣ ਦਾ ਯਤਨ ਕੀਤਾ। ਧਰਮ ਅਸਥਾਨ, ਹਸਪਤਾਲ, ਸੀਵਰੇਜ, ਸਟੇਡੀਅਮ ਆਦਿ ਦੀ ਉਸਾਰੀ ਕਰਾਈ। ਟੂਰਨਾਮੈਂਟ ਕਰਵਾਏ, ਖੇਡਾਂ ਨੂੰ ਉਤਸ਼ਾਹਿਤ ਕੀਤਾ, ਪਰ ਉਹਨਾਂ ਦੀ ਵਿਸ਼ੇਸ਼ ਤਾਂਘ ਆਪਣੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ ਹੈ। ਉਹ ਆਪਣੇ ਪਿੰਡਾਂ ਸ਼ਹਿਰਾਂ ਵਿੱਚ ਉਸੇ ਕਿਸਮ ਦੀਆਂ ਸਹੂਲਤਾਂ, ਨਾਗਰਿਕ ਹੱਕ ਦਵਾਉਣ ਦੇ ਚਾਹਵਾਨ ਹਨ, ਜਿਹਨਾਂ ਨੂੰ ਉਹ ਆਪ ਹੰਢਾ ਰਹੇ ਹਨ। ਇਸੇ ਕਰਕੇ ਉਹ ਆਪਣੇ ਦੇਸ਼ ਵਿੱਚ ਸੁਚੱਜੀ ਸਰਕਾਰ ਦੇ ਚਾਹਵਾਨ ਰਹੇ ਹਨ। ਪਰ ਕੁਰਸੀਆਂ ਹਥਿਆਉਣ ਲਈ ਹਰ ਹੀਲਾ ਵਰਤਣ ਵਾਲੇ ਨੇਤਾਵਾਂ ਨੇ ਪਿਛਲੇ ਸਮੇਂ ਵਿੱਚ ਪ੍ਰਵਾਸੀਆਂ ਦੇ ਸੁਫਨੇ ਚੂਰ- ਚੂਰ ਕੀਤੇ ਹਨ। ਸ਼ਾਇਦ ਇਸੇ ਕਰਕੇ ਪ੍ਰਵਾਸੀ ਖਾਸ ਕਰਕੇ ਕੈਨੇਡਾ, ਅਮਰੀਕਾ ਵਸਦੇ ਪ੍ਰਵਾਸੀ ਪੰਜਾਬੀ ਗੰਦਲੀ ਭਾਰਤੀ ਸਿਆਸਤ ਤੋਂ ਮੂੰਹ ਫੇਰ ਬੈਠੇ ਹਨ ਅਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਹਾਲੇ ਤੱਕ ਕੋਈ ਖਾਸ ਦਿਲਚਸਪੀ ਨਹੀਂ ਦਿਖਾ ਰਹੇ।

# ਕੈਨੇਡਾ ਵਸਦੀਆਂ ਪੰਜਾਬ ਦੀਆਂ ਵਿਦਿਆਰਥਣਾਂ ਦਾ ਸੰਘਰਸ਼

**ਮਨਪ੍ਰੀਤ ਕੌਰ ਲੌਂਗੋਵਾਲ**

ਕੈਨੇਡਾ ਵਿੱਚ ਕੁੜੀਆਂ, ਮੁੰਡਿਆਂ ਦੇ ਬਰਾਬਰ ਮਿਹਨਤ ਕਰਦੀਆਂ ਹਨ। ਅਕਸਰ ਸੋਸ਼ਲ ਮੀਡੀਆ 'ਤੇ ਕੈਨੇਡਾ ਰਹਿੰਦੀਆਂ ਪ੍ਰਵਾਸੀ ਕੁੜੀਆਂ ਤੇ ਵਿਦਿਆਰਥਣਾਂ ਬਾਰੇ ਭੰਡੀ-ਪ੍ਰਚਾਰ ਹੁੰਦਾ ਰਹਿੰਦਾ ਹੈ। ਆਏ ਦਿਨ ਹੀ ਅਖ਼ਬਾਰਾਂ ਦੀਆਂ ਸੁਰਖੀਆਂ ਅਤੇ ਸੋਸ਼ਲ ਮੀਡੀਆ ਉੱਤੇ ਵੱਡੇ-ਵੱਡੇ ਅੱਖਰਾਂ ਵਿੱਚ ਭਿਆਨਕ ਤੇ ਅਜੀਬੋ-ਗਰੀਬ ਸਿਰਲੇਖ ਦੇਖਣ-ਪੜ੍ਹਨ ਨੂੰ ਮਿਲਦੇ ਹਨ ਜੋ ਕੁੜੀਆਂ ਪ੍ਰਤੀ ਲੋਕਾਂ ਦੀ ਸੋਚ ਨੂੰ ਬਦਲ ਦਿੰਦੇ ਹਨ ਜਾਂ ਕਹਿ ਲਈਏ ਕਿ ਸਮੁੰਦਰੋਂ ਪਾਰ ਮਿਹਨਤਕਸ਼ ਕੁੜੀਆਂ ਦੇ ਚਰਿੱਤਰ 'ਤੇ ਸਵਾਲੀਆ ਚਿੰਨ੍ਹ ਜਾਂ ਧੱਬੇ ਲਾ ਦਿੰਦੇ ਹਨ। ਕੁੜੀਆਂ ਪ੍ਰਤੀ ਇਸ ਤਰ੍ਹਾਂ ਦੀ ਸਨਸਨੀਖੇਜ਼ ਸਮੱਗਰੀ ਦੇਖ ਕੇ ਮੇਰਾ ਖ਼ੂਨ ਖੌਲਣ ਲਗਦਾ ਕਿ ਸਾਡੀ ਮਿਹਨਤ ਕਿਸ ਖਾਤੇ ? ਇਸ ਤਰ੍ਹਾਂ ਦਾ ਵਰਤਾਓ ਕਿਉਂ ? ਮੇਰੇ ਮਨ ਵਿੱਚ ਸੈਂਕੜੇ ਸਵਾਲ ਆਉਂਦੇ ਹਨ ਕਿ ਮੈਂ ਜਾਂ ਮੇਰੇ ਵਰਗੀਆਂ ਮਿਹਨਤੀ ਕੁੜੀਆਂ, ਜੋ ਆਪਣਾ ਸਾਰਾ ਘਰ-ਬਾਹਰ ਦਾ ਕੰਮ, ਨੌਕਰੀ ਤੇ ਰਾਤਾਂ ਨੂੰ ਆਉਣਾ-ਜਾਣਾ, ਇਕੱਲੇ ਘਰਾਂ ਵਿੱਚ ਰਹਿਣਾ, ਆਪਣੇ ਸਾਰੇ ਖਰਚਿਆਂ ਦਾ ਭਾਰ ਖੁਦ ਚੁੱਕਣਾ, ਆਪਣੀ ਪੜ੍ਹਾਈ ਪੂਰੀ ਕਰਨੀ ਤੇ ਪੂਰੇ ਜਜ਼ਬੇ ਨਾਲ ਕੰਮ ਕਰਦੀਆਂ ਹਨ ਤਾਂ ਸਾਡੇ ਹਿੱਸੇ ਇਹ ਸਿਰਲੇਖ ਕਿਉਂ ? ਇਸ ਗੱਲ ਤੋਂ ਪੂਰੀ ਤਰ੍ਹਾਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਮਾਜ ਵਿੱਚ ਕੁਝ ਭੈੜੇ ਤੱਥ ਜ਼ਰੂਰ ਹਨ ਪਰ ਸਾਰੇ ਕਿਤੇ ਨਹੀਂ। ਜੇ ਕਿਤੇ ਕੁਝ ਥੋੜ੍ਹਾ ਜਿਹਾ ਗਲਤ ਹੁੰਦਾ ਹੈ ਤਾਂ ਉੱਥੇ 'ਕੁਝ' ਸ਼ਬਦ ਦਾ ਇਸਤੇਮਾਲ ਹੋ ਸਕਦਾ ਹੈ। ਜਿਵੇਂ ਕਿ ਕੁਝ ਕੁੜੀਆਂ ਇਸ ਗਲਤ ਕੰਮ ਵਿੱਚ ਸ਼ਾਮਲ ਹਨ ਪਰ 'ਕੈਨੇਡਾ ਵਿੱਚ ਪੰਜਾਬੀ ਕੁੜੀਆਂ' ਸਭ ਨੂੰ ਸ਼ਾਮਲ ਕਰਦਾ ਹੈ। ਇਸ ਤਰ੍ਹਾਂ ਦੀਆਂ ਖਬਰਾਂ ਜਾਂ ਬਿਆਨਬਾਜ਼ੀਆਂ ਤੋਂ ਪਹਿਲਾਂ ਚੰਗੀ ਤਰ੍ਹਾਂ ਛਾਣਬੀਣ ਕਰ ਲਈ ਜਾਣੀ ਚਾਹੀਦੀ ਹੈ। ਕੁਝ ਕੁੜੀਆਂ ਜਦੋਂ ਕੈਨੇਡਾ ਛੱਡ ਕੇ ਵਤਨ ਵਾਪਸੀ ਕਰਦੀਆਂ ਹਨ ਤਾਂ ਉਹ ਵੀ ਜਾ ਕੇ ਨੈਗੇਟਿਵ ਬੋਲਦੀਆਂ ਹਨ। ਮੈਂ ਅਕਸਰ ਇਹ ਸੁਣਿਆ ਕਿ ਕੁੜੀਆਂ ਨਸ਼ੇ ਕਰਦੀਆਂ ਜਾਂ ਧੰਦਾ ਕਰਦੀਆਂ, ਆਪਣਾ ਸਰੀਰ ਵੇਚਦੀਆਂ ਹਨ। ਕੱਲ੍ਹ ਨੂੰ ਮੈਂ ਵਤਨ ਵਾਪਸੀ ਕਰਾਂ, ਪੱਕੇ ਤੌਰ 'ਤੇ ਪੰਜਾਬ ਰਹਿਣ ਲਈ ਜਾਵਾਂ, ਮੈਂ ਇੱਥੇ ਰਹਿੰਦੀਆਂ ਮਿਹਨਤੀ ਕੁੜੀਆਂ ਨੂੰ ਕਦੇ ਨਿੰਦਣ ਦਾ ਨਹੀਂ ਸੋਚਾਂਗੀ। ਮੇਰੇ ਕੋਲ ਕੋਈ ਹੱਕ ਨਹੀਂ ਕਿ ਜੇ ਮੈਂ ਇੱਥੋਂ ਚਲੀ ਗਈ ਤਾਂ ਬਾਕੀ ਕੁੜੀਆਂ ਬਾਰੇ ਭੰਡੀ ਪ੍ਰਚਾਰ ਕਰਾਂ। ਇਹ ਸਮਾਜ ਦਾ ਸੱਚ ਹੈ ਕਿ ਜਿੱਥੇ ਚੰਗਿਆਈ ਹੈ, ਉੱਥੇ ਬੁਰਿਆਈ ਵੀ ਹੈ। ਇਹ ਚੰਗਿਆਈ ਅਤੇ ਬੁਰਿਆਈ ਇੱਕੋ ਤੱਕੜੀ ਦੇ ਵੱਖੋ-ਵੱਖਰੇ ਪੱਲੜੇ ਹਨ। ਸੋ ਚੰਗੇ ਨੂੰ ਚੰਗਾ ਤੇ ਬੁਰੇ ਨੂੰ ਬੁਰਾ ਕਹਿ ਲਿਆ ਜਾਵੇ ਤਾਂ ਜੋ ਨਰੋਆ ਸਮਾਜ ਸਿਰਜ ਸਕੀਏ।



ਮੈਨੂੰ ਕੈਨੇਡਾ ਆਈ ਨੂੰ ਲਗਭਗ ਢਾਈ ਸਾਲ ਹੋ ਗਏ ਨੇ। ਮੈਂ ਨਿੱਜੀ ਤੌਰ 'ਤੇ ਕਦੇ ਇੱਦਾਂ ਦੀਆਂ ਕੁੜੀਆਂ ਨੂੰ ਨਹੀਂ ਮਿਲੀ। ਸੁਣਿਆ ਜ਼ਰੂਰ ਹੈ ਜੋ ਕੁਝ ਹੱਦ ਤਕ ਸੱਚ ਹੈ ਤੇ ਬਹੁਤ ਜ਼ਿਆਦਾ ਕੂੜ-ਪ੍ਰਚਾਰ ਹੈ। ਮੈਂ ਇੱਥੇ ਬਹੁਤ ਕੁੜੀਆਂ ਨੂੰ ਦੂਹਰੀਆਂ ਸ਼ਿਫਟਾਂ ਜਾਂ ਕਹਿ ਲਵੋ 16-18 ਘੰਟੇ ਕੰਮ ਕਰਦੇ ਦੇਖਿਆ ਹੈ। ਕਿੰਨੇ ਹੀ ਸੰਘਰਸ਼ਾਂ ਵਿੱਚ ਕੁੜੀਆਂ ਆਉਂਦੀਆਂ ਹਨ ਤੇ ਆਪਣੀ ਗੱਲ ਰੱਖਦੀਆਂ ਹਨ ਭਾਵੇਂ ਕਈ ਵਾਰ ਗਿਣਤੀ ਘੱਟ ਹੁੰਦੀ ਹੈ। ਉੱਥੇ ਬਹੁਤੇ ਮੁੰਡੇ ਹੁੰਦੇ ਹਨ ਤੇ ਪਰ ਕੁੜੀਆਂ ਵੀ ਜ਼ਰੂਰ ਹੁੰਦੀਆਂ ਹਨ। ਵਿਦਿਆਰਥੀ ਸੰਘਰਸ਼ਾਂ ਵਿੱਚ ਅਕਸਰ ਇੱਕ ਨਾਅਰਾ ਦਿੱਤਾ ਜਾਂਦਾ ਹੈ- 'ਯੂਨਾਈਟ ਫਾਰ ਜਸਟਿਸ' ਇਸ ਨਾਅਰੇ ਹੇਠ ਬਿਨਾਂ ਲੰਗਿਕ ਭੇਦਭਾਵ ਦੇ ਕੁੜੀਆਂ-ਮੁੰਡੇ ਬਰਾਬਰ ਸ਼ਾਮਲ ਹੁੰਦੇ ਹਨ। ਮੈਂ ਖੁਦ ਕਈ ਸੰਘਰਸ਼ਾਂ ਵਿੱਚ ਹਿੱਸਾ ਲੈ ਚੁੱਕੀ ਹਾਂ ਪਰ ਕਦੇ ਵੀ ਕੋਈ ਲਿਖਦਾ ਜਾਂ ਬੋਲਦਾ ਨਹੀਂ ਕਿ ਕੈਨੇਡਾ ਵਿੱਚ ਕੁੜੀਆਂ ਸੰਘਰਸ਼ ਕਰ ਰਹੀਆਂ ਹਨ। ਕੈਨੇਡਾ ਦੀ ਕੋਈ ਵੀ ਛੋਟੀ-ਵੱਡੀ ਜਥੇਬੰਦੀ ਦੇਖ ਲਵੋ, ਹਰ ਜਗ੍ਹਾ ਕੁੜੀਆਂ ਬਰਾਬਰ ਹਿੱਸਾ ਲੈਂਦੀਆਂ ਮਿਲ ਜਾਣੀਆਂ। ਕਦੇ ਉਨ੍ਹਾਂ ਨਾਲ ਕੋਈ ਗੱਲ ਕਰੇ ਤਾਂ ਉਹ ਆਪਣੀਆਂ ਗੱਲਾਂ ਰਾਹੀਂ ਸੰਸਾਰ ਭਰ ਦੇ ਅਜਿਹੇ ਤੱਥ ਪੇਸ਼ ਕਰਨਗੀਆਂ ਕਿ ਤੁਸੀਂ ਹੈਰਾਨ ਰਹਿ ਜਾਵੋਗੇ।

ਜੇ ਕੁੜੀਆਂ ਨੂੰ ਕੈਨੇਡਾ ਵਿੱਚ ਆਜ਼ਾਦੀ ਮਿਲੀ ਹੈ ਤਾਂ ਉਹ ਪੜ੍ਹਾਈਆਂ ਕਰਦੀਆਂ, ਮੁੰਡਿਆਂ ਬਰਾਬਰ ਕੰਮ ਕਰਦੀਆਂ ਹਰ ਇੱਕ ਖਿੱਤੇ ਵਿੱਚ ਨਾਮ ਰੌਸ਼ਨ ਕਰ ਰਹੀਆਂ ਹਨ। ਭਾਵੇਂ ਉਹ ਕਾਰੋਬਾਰ ਹੋਵੇ, ਉੱਚ ਅਹੁਦੇ ਦੀਆਂ ਨੌਕਰੀਆਂ ਹੋਣ ਜਾਂ ਸੰਘਰਸ਼ ਹੋਣ। ਬਹੁਤ ਕੁੜੀਆਂ ਹਨ, ਜੋ ਘਰੋਂ ਛੋਟੇ-ਛੋਟੇ ਕੰਮ ਚਲਾਕੇ ਆਪਣਾ ਘਰ ਚਲਾ ਰਹੀਆਂ ਹਨ ਤੇ ਸੇਵਾਵਾਂ ਵੀ ਦੇ ਰਹੀਆਂ ਹਨ ਭਾਵੇਂ ਉਹ ਘਰੋਂ ਭੋਜਨ ਬਣਾ ਕੇ ਵੇਚਣਾ ਹੋਵੇ, ਜਿਸ ਨੂੰ ਟਿਫਨ ਸਰਵਿਸ ਕਹਿੰਦੇ ਹਨ। ਕੁੜੀਆਂ ਸੈਲੂਨ ਸਰਵਿਸ ਜਾਂ ਹੱਥੀਂ ਕਿੱਤਾ ਕਰਨਾ ਕੋਈ ਸਿਲਾਈ ਜਾਂ ਬੁਣਾਈ ਦਾ ਅਤੇ ਹੋਰ ਵੀ ਬਹੁਤ ਸਾਰੇ ਕੰਮ ਕਰਦੀਆਂ ਹਨ।

ਹੁਣ ਜੇ ਗੱਲ ਕਰੀਏ ਨੌਕਰੀਆਂ ਦੀ ਤਾਂ ਕੁੜੀਆਂ ਕਿਹੜੇ ਖੇਤਰ ਵਿੱਚ ਕੰਮ ਨਹੀਂ ਕਰਦੀਆਂ, ਜਿੱਥੇ ਮੁੰਡੇ ਕੰਮ ਕਰਦੇ ਹੋਣ। ਭਾਵੇਂ ਕੋਈ ਭਾਰਾ ਕੰਮ ਵੀ ਕਿਉਂ ਨਾ ਹੋਵੇ। ਜੇ ਇੱਕ ਝਾਤ ਮਾਰ ਕੇ ਦੇਖੀ ਜਾਵੇ ਤਾਂ ਉਸਾਰੀ, (ਰੰਗ ਕਰਨ, ਲੱਕੜੀ ਦਾ ਕੰਮ), ਫੂਡ ਸੈਕਟਰ, ਬੈਂਕਾਂ, ਕਾਲ ਸੈਂਟਰ, ਹੋਟਲ, ਰੈਸਟੋਰੈਂਟ, ਸਫਾਈ, ਸਕਿਉਰਟੀ ਗਾਰਡ, ਵੇਅਰਹਾਊਸ, ਟਰੱਕ, ਹਸਪਤਾਲ ਆਦਿ ਹੋਰ ਵੀ ਬਹੁਤ ਸਾਰੇ ਸਰਕਾਰੀ, ਗੈਰ-ਸਰਕਾਰੀ ਖੇਤਰ ਹਨ ਜਿੱਥੇ ਕੁੜੀਆਂ ਬਰਾਬਰ ਕੰਮ ਕਰਦੀਆਂ ਹਨ। ਜੇ ਵਿਆਹੀਆਂ ਹੋਈਆਂ ਕੁੜੀਆਂ ਦੀ ਗੱਲ ਕਰੀਏ, ਜੋ ਪਿਛਲੇ ਸਮੇਂ ਤੋਂ ਰਿਵਾਜ ਚੱਲਿਆ ਹੈ ਕਿ ਕੁੜੀ ਆਈਲੈੱਟਸ ਕਰੂ ਤੇ ਖਰਚਾ ਮੁੰਡੇ ਵਾਲੇ ਕਰਦੇ ਤਾਂ ਉੱਥੇ ਜ਼ਿਆਦਾਤਰ ਕੁੜੀਆਂ ਇਮਾਨਦਾਰ ਹੁੰਦੀਆਂ ਹਨ ਜੋ ਕਿ ਆਪ ਸੈੱਟ ਹੋ ਕੇ ਆਪਣੇ ਜੀਵਨ ਸਾਥੀ ਨੂੰ ਬੁਲਾ ਕੇ ਸੈੱਟ ਕਰਦੀਆਂ ਹਨ। ਬਲਕਿ ਉਨ੍ਹਾਂ ਦੇ ਪਰਿਵਾਰ ਨੂੰ ਵੀ ਸੈੱਟ ਕਰਦੀਆਂ ਹਨ। ਕੁਝ ਕੁ ਰਿਸ਼ਤੇ ਖਰਾਬ ਹੁੰਦੇ ਹਨ ਜਿਸ ਪਿੱਛੇ ਵੀ ਬਹੁਤ ਸਾਰੇ ਕਾਰਨ ਹੁੰਦੇ ਹਨ। ਪਰ ਸਮਾਜ ਦੀ ਤਰਾਸਦੀ ਹੈ ਕਿ ਉਹ ਭੈੜੇ ਤੱਥਾਂ 'ਤੇ ਜ਼ੋਰ ਦਿੰਦਾ ਹੈ ਚੰਗੀਆਂ ਕੁੜੀਆਂ ਤੇ ਨਹੀਂ। ਇਸ ਗੱਲ ਤੋਂ ਆਪਾਂ ਸਾਰੇ ਭਲੀ ਭਾਂਤ ਜਾਣੂ ਹਾਂ ਕਿ ਸੱਤ ਸਮੁੰਦਰੋਂ ਪਾਰ ਆ ਕੇ ਵਸਣਾ ਕੋਈ ਸੌਖਾ ਨਹੀਂ ਨਾ ਹੀ ਕੁੜੀਆਂ ਲਈ ਤੇ ਨਾ ਹੀ ਮੁੰਡਿਆਂ ਲਈ। ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉੱਥੇ ਬਿਨਾਂ ਕਿਸੇ ਸ਼ੱਕ ਦੇ ਨਵੀਆਂ ਆਈਆਂ ਕੁੜੀਆਂ ਇੱਥੋਂ ਦੇ ਰਹਿਣ-ਸਹਿਣ, ਸਲੀਕੇ ਸਿੱਖਦੀਆਂ ਹਨ। ਬਹੁਤ ਔਕੜਾਂ ਦਾ ਸਾਹਮਣਾ ਕਰਦੀਆਂ ਹਨ ਜਿਵੇਂ ਕਿ ਬਿਨਾਂ ਬੈੱਡ ਤੋਂ ਫਰਸ਼ ਤੇ ਸੌਣਾ, ਬੱਸਾਂ ਵਿੱਚ ਲੰਮਾ ਸਫਰ ਕਰਨਾ। ਭੱਜ-ਭੱਜ ਕੇ ਕਾਲਜ ਜਾਣਾ, ਕੰਮ 'ਤੇ ਜਾਣਾ, ਘਰ ਦੇ ਰੋਜ਼ਮਰ੍ਹਾ ਜ਼ਿੰਦਗੀ ਦੇ ਕੰਮ ਕਰਨੇ ਤੇ ਹੋਰ ਬਹੁਤ ਕੰਮ। ਉੱਥੇ ਪਰਿਵਾਰ ਨਾਲ ਜਾਂ ਜੀਵਨ ਸਾਥੀ ਨੂੰ ਫੋਨ ਕਰਨਾ, ਟਾਈਮ ਦੇਣਾ, ਮਤਲਬ ਸਾਰਾ ਕੁਝ ਦੇਖਣਾ ਇਹ ਬਹੁਤ ਘੱਟ ਲੋਕ ਸਮਝਦੇ ਹਨ। ਉੱਥੇ ਇਨ੍ਹਾਂ ਕੁੜੀਆਂ ਦੇ ਜੀਵਨ ਸਾਥੀ ਜਦੋਂ ਆਉਂਦੇ ਹਨ ਤਾਂ ਉਹ ਅੱਗੇ ਲੱਗ ਕੇ ਸਾਰੇ ਰਿਹਾਇਸ਼ੀ ਪ੍ਰਬੰਧ ਕਰਦੀਆਂ ਹਨ ਜੋ ਉਨ੍ਹਾਂ ਨੂੰ ਇੱਥੇ ਆ ਕੇ ਨਹੀਂ ਸਨ ਮਿਲੇ। ਉਹ ਚੰਗੇ ਆਰਾਮਦਾਇਕ ਬੈੱਡ ਦਾ ਪ੍ਰਬੰਧ ਕਰਨਾ, ਬੈਂਕ ਜਾਂ ਇੰਮੀਗਰੇਸ਼ਨ ਦੇ ਕੰਮ ਕਰਦੀਆਂ ਹਨ ਤੇ ਉਨ੍ਹਾਂ ਦਾ ਰਾਜਿਆਂ ਵਾਂਗ ਸਵਾਗਤ ਵੀ ਕਰਦੀਆਂ ਹਨ। ਕੈਨੇਡਾ ਆ ਕੇ ਇਕੱਲੀਆਂ ਬਹੁਤ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰਦੀਆਂ ਹਨ ਪਰ ਬਹੁਤ ਘੱਟ ਲੋਕ ਕਦਰ ਕਰਦੇ ਹਨ। ਇਸ ਸੰਘਰਸ਼ ਨੂੰ ਕੌਣ ਤੇ ਕਦੋਂ ਸਮਝੂ ? ਜੋ ਕੁੜੀਆਂ ਕੁਆਰੀਆਂ ਆਉਂਦੀਆਂ ਹਨ ਤੇ ਕਈ ਸਾਲ ਤਕ ਪ੍ਰਦੇਸਾਂ ਵਿੱਚ ਰਹਿੰਦੀਆਂ ਹਨ ਉਨ੍ਹਾਂ ਦਾ ਸੰਘਰਸ਼ ਵੀ ਔਖਾ ਹੁੰਦਾ ਹੈ ਜਦੋਂ ਉਹ ਸਾਰਾ ਕੁਝ ਆਪ ਪ੍ਰਬੰਧ ਕਰਦੀਆਂ ਹਨ ਤੇ ਜੇ ਕਿਧਰੇ ਰਿਸ਼ਤਾ ਹੁੰਦਾ ਤਾਂ ਅਕਸਰ ਉਨ੍ਹਾਂ ਨੂੰ ਅਜੀਬੋ-ਗਰੀਬ ਸਵਾਲ ਪੁੱਛੇ ਜਾਂਦੇ ਹਨ ਜੋ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤੰਗ ਕਰਦੇ ਹਨ। ਕੈਨੇਡਾ ਵਿੱਚ ਰਹਿੰਦਿਆਂ ਰੋਜ਼ ਹੀ ਬਹੁਤ ਸਮੱਸਿਆਵਾਂ ਆਉਂਦੀਆਂ ਰਹਿੰਦੀਆਂ ਹਨ ਜੋ ਮੈਂ ਖੁਦ ਹੰਢਾਈਆਂ ਹਨ।

(ਬਾਕੀ ਸਫ਼ਾ 31 'ਤੇ)

# ਭਾਰਤੀ ਚੋਣ ਕਮਿਸ਼ਨ ਅਪਰਾਧੀ ਪਿਛੋਕੜ ਵਾਲਿਆਂ ਨੂੰ ਸੰਸਦ ਦੀ ਦਹਿਲੀਜ਼ ਟੱਪਣ ਤੋਂ ਰੋਕੇ



**ਬਲਵਿੰਦਰ ਸਿੰਘ ਭੁੱਲਰ**

ਭਾਰਤ ਸੰਸਾਰ ਦਾ ਇੱਕ ਵੱਡਾ ਜਮਹੂਰੀਅਤ ਦੇਸ਼ ਹੈ। ਸਾਡੇ ਦੇਸ਼ ਦੀ ਸਰਕਾਰ ਚਲਾਉਣ ਵਾਲੀ ਲੋਕ ਸਭਾ ਦੀਆਂ ਪੰਜ ਸਾਲਾਂ ਬਾਅਦ ਚੋਣਾਂ ਹੁੰਦੀਆਂ ਹਨ ਅਤੇ ਲੋਕ ਆਪਣੀ ਮਰਜ਼ੀ ਨਾਲ ਵੋਟ ਪਾ ਕੇ ਮੈਂਬਰ ਚੁਣਨ ਦਾ ਅਧਿਕਾਰ ਰੱਖਦੇ ਹਨ। ਲੋਕਾਂ ਦੁਆਰਾ ਚੁਣੇ ਇਹ ਸੰਸਦ ਮੈਂਬਰ ਸਰਕਾਰ ਬਣਾਉਂਦੇ ਹਨ। ਦੇਸ਼ ਵਿੱਚ 6 ਰਾਸ਼ਟਰੀ ਪੱਧਰ ਦੀਆਂ ਰਾਜਨੀਤਕ ਪਾਰਟੀਆਂ ਹਨ, ਜਦੋਂ ਕਿ 54 ਖੇਤਰੀ ਪਾਰਟੀਆਂ ਅਤੇ 2597 ਗੈਰ ਮਾਨਤਾ ਪ੍ਰਾਪਤ ਰਜਿਸਟਰਡ ਪਾਰਟੀਆਂ ਹਨ। ਇਹ ਪਾਰਟੀਆਂ ਆਪਣੇ ਆਪਣੇ ਚੋਣ ਨਿਸ਼ਾਨਾਂ 'ਤੇ ਉਮੀਦਵਾਰ ਮੈਦਾਨ ਵਿੱਚ ਉਤਾਰਦੀਆਂ ਹਨ, ਜਦੋਂ ਕਿ ਇਸ ਤੋਂ ਇਲਾਵਾ ਹਰ ਵਿਕਅਤੀ ਨੂੰ ਚੋਣ ਲੜਨ ਦਾ ਹੱਕ ਹੈ, ਪਰ ਉਸਦੀ ਵੋਟ ਬਣੀ ਹੋਣੀ ਚਾਹੀਦੀ ਹੈ।

ਦੇਸ਼ ਦੀ ਸਭ ਤੋਂ ਪੁਰਾਣੀ ਰਾਸ਼ਟਰੀ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ ਹੈ, ਜੋ ਦੇਸ਼ ਦੀ ਆਜ਼ਾਦੀ ਤੋਂ ਵੀ ਕਰੀਬ 62 ਸਾਲ ਪਹਿਲਾਂ 28 ਦਸੰਬਰ 1885 ਵਿੱਚ ਹੀ ਹੋਂਦ ਵਿੱਚ ਆ ਗਈ ਸੀ। ਉਸ ਤੋਂ ਬਾਅਦ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸੀ) 7 ਨਵੰਬਰ 1964 ਨੂੰ, ਭਾਰਤੀ ਜਨਤਾ ਪਾਰਟੀ 6 ਅਪਰੈਲ 1980, ਬਹੁਜਨ ਸਮਾਜ ਪਾਰਟੀ 14 ਅਪਰੈਲ 1984, ਆਮ ਆਦਮੀ ਪਾਰਟੀ 26 ਨਵੰਬਰ 2012 ਨੂੰ ਅਤੇ ਨੈਸ਼ਨਲ ਪੀਪਲਜ਼ ਪਾਰਟੀ 6 ਜਨਵਰੀ 2013 ਨੂੰ ਹੋਂਦ ਵਿੱਚ ਆਈਆਂ। ਦੇਸ਼ ਦੀਆਂ 54 ਖੇਤਰੀ ਪਾਰਟੀਆਂ ਵਿੱਚ ਪੰਜਾਬ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ, ਗੁਆਂਢੀ ਰਾਜ ਹਰਿਆਣਾ ਦੀਆਂ ਪਾਰਟੀਆਂ ਇੰਡੀਅਨ ਲੋਕ ਦਲ ਤੇ ਜਨਨਾਇਕ ਜਨਤਾ ਪਾਰਟੀ ਆਦਿ ਸ਼ਾਮਲ ਹਨ। ਬੰਗਾਲ ਦੀ ਤ੍ਰਿਮੂਲ ਕਾਂਗਰਸ ਵੀ ਇਹਨਾਂ ਵਿੱਚ ਸ਼ਾਮਲ ਹੈ। ਖੇਤਰੀ ਪਾਰਟੀਆਂ ਆਮ ਤੌਰ 'ਤੇ ਕਿਸੇ ਨਾ ਕਿਸੇ ਰਾਸ਼ਟਰੀ ਪਾਰਟੀ ਨਾਲ ਗਠਜੋੜ ਕਰਕੇ ਚੋਣਾਂ ਲੜਦੀਆਂ ਹਨ। ਉਹ ਕੇਂਦਰ ਵਿੱਚ ਸਰਕਾਰ ਬਣਾਉਣ ਲਈ ਸਹਿਯੋਗ ਦੇ ਕੇ ਸੂਬੇ ਦੀ ਸਰਕਾਰ ਬਣਾਉਣ ਲਈ ਮਦਦ ਹਾਸਲ ਕਰਦੀਆਂ ਹਨ।




ਆਜ਼ਾਦੀ ਤੋਂ ਬਾਅਦ ਦੇਸ਼ ਦੀਆਂ ਪਹਿਲੀਆਂ ਚੋਣਾਂ ਸਮੇਂ ਸਾਲ 1951 ਵਿੱਚ ਦੇਸ਼ ਦੀ ਸਰਕਾਰ ਚੁਣਨ ਲਈ ਬਣੇ ਵੋਟਰਾਂ ਦੀ ਗਿਣਤੀ 17.32 ਕਰੋੜ ਸੀ ਜੋ ਜਨਵਰੀ 2023 ਤੱਕ ਵਧ ਕੇ 94.50 ਕਰੋੜ ਹੋ ਗਈ ਸੀ। ਇਸ ਉਪਰੰਤ ਕੁਝ ਹੋਰ ਨਵੀਆਂ ਵੋਟਾਂ ਬਣਾਈਆਂ ਗਈਆਂ ਹਨ। ਸਰਕਾਰ ਚੁਣਨ ਲਈ ਵੋਟ ਦਾ ਅਧਿਕਾਰ ਤਾਂ ਦਿੱਤਾ ਗਿਆ ਹੈ, ਪ੍ਰੰਤੂ ਬਹੁਤ ਸਾਰੇ ਵੋਟਰ ਇਸਦੀ ਵਰਤੋਂ ਕਰਨ ਦੀ ਜ਼ਹਿਮੀਅਤ ਨਹੀਂ ਉਠਾਉਂਦੇ। ਸਾਲ 2019 ਦੀਆਂ ਲੋਕ ਸਭਾ ਚੋਣਾਂ ਸਮੇਂ ਕੁੱਲ 9120 ਕਰੋੜ ਵੋਟਾਂ ਸਨ, ਜਿਹਨਾਂ ਵਿੱਚੋਂ 6740 ਕਰੋੜ ਵੋਟਰਾਂ ਨੇ ਆਪਣੇ ਵੋਟ ਦੀ ਵਰਤੋਂ ਕੀਤੀ। ਇਸ ਤਰ੍ਹਾਂ ਕਰੀਬ 30 ਕਰੋੜ ਲੋਕਾਂ ਨੇ ਕੇਂਦਰੀ ਸਰਕਾਰ ਬਣਾਉਣ ਵਿੱਚ ਆਪਣਾ ਯੋਗਦਾਨ ਹੀ ਨਾ ਪਾਇਆ।

ਜੇਕਰ ਸਾਡੇ ਰਾਜ ਪੰਜਾਬ ਦੀ ਗੱਲ ਕਰੀਏ ਤਾਂ ਜਨਵਰੀ 2024 ਤੱਕ ਕੁੱਲ ਵੋਟਰਾਂ ਦੀ ਗਿਣਤੀ 2 ਕਰੋੜ 12 ਲੱਖ 31 ਹਜ਼ਾਰ 916 ਹੋ ਗਈ। ਇਸ ਵਿੱਚ ਮਰਦ ਵੋਟਰ 1 ਕਰੋੜ 11 ਲੱਖ 75 ਹਜ਼ਾਰ 220, ਔਰਤ ਵੋਟਰ 1 ਕਰੋੜ 55 ਹਜ਼ਾਰ 946 ਅਤੇ ਥਰਡ ਜੈਂਡਰ ਦੇ ਨਾਂ ਨਾਲ ਜਾਣੇ ਜਾਂਦੇ ਤੀਜੀ ਕਿਸਮ ਦੇ ਵੋਟਰਾਂ ਦੀ ਗਿਣਤੀ 750 ਹੈ। ਪੰਜਾਬ ਦੇ ਲੋਕ ਸਭਾ ਲਈ 13 ਹਲਕੇ ਹਨ। ਦੇਸ਼ ਦੀ ਪਾਰਲੀਮੈਂਟ ਦੀਆਂ ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਪੰਜਾਬ ਵਿੱਚ ਮੁੱਖ ਮੁਕਾਬਲਾ ਭਾਜਪਾ ਅਕਾਲੀ ਦਲ ਗਠਜੋੜ, ਕਾਂਗਰਸ ਤੇ ਆਮ ਆਦਮੀ ਪਾਰਟੀ ਦਰਮਿਆਨ ਹੋਵੇਗਾ। ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵੇਂ ਹੀ ਦੇਸ਼ ਪੱਧਰ 'ਤੇ ਭਾਜਪਾ ਦੀਆਂ ਵਿਰੋਧੀ ਪਾਰਟੀਆਂ ਦੇ ਗਠਜੋੜ 'ਇੰਡੀਆ' ਵਿੱਚ ਸ਼ਾਮਲ ਹਨ, ਪ੍ਰੰਤੂ ਪੰਜਾਬ ਵਿੱਚ ਇਹ ਵੱਖ ਵੱਖ ਤੌਰ 'ਤੇ ਚੋਣ ਮੈਦਾਨ ਵਿੱਚ ਹਨ।

ਇਹਨਾਂ ਪਾਰਟੀਆਂ ਵੱਲੋਂ ਕੁਝ ਉਮੀਦਵਾਰਾਂ ਦਾ ਐਲਾਨ ਹੋ ਚੁੱਕਾ ਹੈ, ਬਾਕੀ ਰਹਿੰਦਿਆਂ ਦਾ ਐਲਾਨ ਜਲਦੀ ਹੋ ਜਾਵੇਗਾ। ਇਸ ਵਾਰ ਪੰਜਾਬ ਦੇ ਲੋਕ ਪਾਰਟੀ ਨਾਲੋਂ ਉਮੀਦਵਾਰ ਦੀ ਵਿਅਕਤੀਗਤ ਦਿੱਖ ਵੱਲ ਵੀ ਰੁਚਿਤ ਹੋ ਕੇ ਵੋਟ ਦਾ ਇਸਤੇਮਾਲ ਕਰਨਗੇ। ਲੋਕਾਂ ਦਾ ਵਿਚਾਰ ਹੈ ਦੇਸ਼ ਦੀ ਸੰਸਦ ਵਿੱਚ ਸਾਫ਼ ਸੁਥਰੇ ਅਕਸ ਵਾਲੇ ਚੰਗੇ ਇਨਸਾਨ ਪਹੁੰਚਣੇ ਚਾਹੀਦੇ ਹਨ। ਪਹਿਲੀਆਂ ਲੋਕ ਸਭਾ ਚੋਣਾਂ ਸਮੇਂ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਲੋਕ ਵੀ ਚੋਣਾਂ ਜਿੱਤ ਕੇ ਸੰਸਦ ਵਿੱਚ ਪਹੁੰਚਦੇ ਰਹੇ ਹਨ ਅਤੇ ਉਹਨਾਂ ਦੀ ਗਿਣਤੀ ਲਗਾਤਾਰ ਵਧਦੀ ਰਹੀ ਹੈ। ਸਾਲ 2004 ਵਿੱਚ ਅਜਿਹੇ ਲੋਕਾਂ ਦੀ ਲੋਕ ਸਭਾ ਵਿੱਚ ਗਿਣਤੀ 125 ਸੀ, 2009 ਵਿੱਚ ਵਧ ਕੇ 153, 2014 ਵਿੱਚ 185 ਅਤੇ 2019 ਵਿੱਚ 233 ਹੋ ਗਈ। ਇਹਨਾਂ ਵਿੱਚ ਕੁਝ ਅਤੀ ਗੰਭੀਰ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਵੀ ਸਨ। ਸਾਲ 2019 ਦੀਆਂ ਲੋਕ ਸਭਾ ਚੋਣਾਂ ਲਈ ਪੰਜਾਬ ਦੇ 13 ਹਲਕਿਆਂ ਲਈ 278 ਉਮੀਦਵਾਰ ਮੈਦਾਨ ਵਿੱਚ ਨਿੱਤਰੇ ਸਨ। ਇਹਨਾਂ ਵਿੱਚ 68 ਉਮੀਦਵਾਰ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਸਨ, ਜਿਹਨਾਂ ਵਿੱਚੋਂ 39 ਉੱਤੇ ਆਮ ਮਾਮਲੇ ਅਤੇ 29 ਵਿਰੁੱਧ ਅਤੀ ਗੰਭੀਰ ਅਪਰਾਧਿਕ ਮਾਮਲੇ ਦਰਜ਼ ਸਨ।

ਚੋਣਾਂ ਦਾ ਐਲਾਨ ਹੋ ਚੁੱਕਾ ਹੈ। ਸਾਰੀਆਂ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਨੂੰ ਮੈਦਾਨ ਵਿੱਚ ਲਿਆਉਣ ਲਈ ਕਮਰਕੱਸੇ ਕਰ ਲਏ ਹਨ। ਲੋਕ ਦੇਸ਼ ਵਿੱਚ ਚੰਗੀ ਸਰਕਾਰ ਬਣਨ ਦੇ ਸੁਪਨੇ ਵੇਖ ਰਹੇ ਹਨ, ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਬਾਰੇ ਚਰਚਾ ਕਰ ਰਹੇ ਹਨ। ਮੌਜੂਦਾ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਗਤੀਵਿਧੀਆਂ ਸਦਕਾ ਦੇਸ਼ ਦੀ ਰੀੜ੍ਹ ਦੀ ਹੱਡੀ ਕਿਸਾਨੀ ਨੂੰ ਬਹੁਤ ਵੱਡਾ ਸੰਘਰਸ਼ ਲੜਨਾ ਪਿਆ ਸੀ, ਜਿਸਦੇ ਹੱਕ ਵਿੱਚ ਦੁਨੀਆਂ ਭਰ ਵਿੱਚੋਂ ਆਵਾਜ਼ ਬੁਲੰਦ ਹੋਈ ਸੀ। ਮਹਿੰਗਾਈ ਸਭ ਹੱਦਾਂ ਬੰਨੇ ਟੱਪ ਚੁੱਕੀ ਹੈ। ਫਿਰਕਾਪ੍ਰਸਤੀ ਸਿਖ਼ਰਾਂ 'ਤੇ ਪਹੁੰਚ ਗਈ ਹੈ। ਘੱਟ ਗਿਣਤੀਆਂ ਉੱਤੇ ਲਗਾਤਾਰ ਹਮਲੇ ਹੋ ਰਹੇ ਹਨ। ਔਰਤਾਂ ਉੱਤੇ ਕੀਤੇ ਅੱਤਿਆਚਾਰਾਂ ਕਾਰਨ ਸਿਰ ਨੀਵਾਂ ਹੋ ਜਾਂਦਾ ਹੈ। ਪਰ ਅਜਿਹਾ ਕਿਉਂ ਹੁੰਦਾ ਰਿਹਾ, ਇਹ ਵੱਡਾ ਸਵਾਲ ਹੈ, ਜਿਸਦਾ ਇੱਕ ਸੌਖਾ ਜਿਹਾ ਉੱਤਰ ਤਾਂ ਇਹੋ ਹੈ ਕਿ ਜਦੋਂ ਸੰਸਦ ਵਿੱਚ ਅਪਰਾਧੀ ਕਿਸਮ ਦੇ ਲੋਕ ਬੈਠੇ ਹੋਣ ਤਾਂ ਉਹਨਾਂ ਤੋਂ ਇਹੋ ਹੀ ਉਮੀਦ ਰੱਖੀ ਜਾ ਸਕਦੀ ਹੈ। ਅਜਿਹੇ ਹਾਲਾਤ ਤੋਂ ਸਰਕਾਰ ਦੀਆਂ ਅੱਖਾਂ ਅਤੇ ਕੰਨ ਖੋਲ੍ਹਣ ਲਈ ਸੰਸਦ ਦੇ ਅੰਦਰ ਧੂੰਏਂ ਵਾਲੇ ਧਮਾਕੇ ਕਰਨੇ ਪਏ। ਹੁਣ ਰਾਜਸੀ ਪਾਰਟੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜੇਕਰ ਲੋਕਾਂ ਨੂੰ ਇਨਸਾਫ਼ ਅਤੇ ਹੱਕ ਦੇਣ ਲਈ ਉਹ ਸੁਹਿਰਦ ਹਨ ਅਤੇ ਚੰਗੀ ਸਰਕਾਰ ਸਥਾਪਤ ਕਰਨਾ ਚਾਹੁੰਦੀਆਂ ਹਨ ਤਾਂ ਸਾਫ਼ ਸੁਥਰੇ ਅਕਸ ਵਾਲੇ ਉਮੀਦਵਾਰ ਹੀ ਮੈਦਾਨ ਵਿੱਚ ਲਿਆਉਣ, ਤਾਂ ਜੋ ਦੇਸ਼ ਵਿੱਚ ਲੋਕਤੰਤਰ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾ ਸਕੇ, ਦੇਸ਼ ਵਾਸੀ ਆਜ਼ਾਦੀ ਨਾਲ ਸੁਖੀ ਜੀਵਨ ਬਸਰ ਕਰ ਸਕਣ। ਭਾਰਤੀ ਚੋਣ ਕਮਿਸਨ ਨੂੰ ਵੀ ਚਾਹੀਦਾ ਹੈ ਕਿ ਅਪਰਾਧੀ ਪਿਛੋਕੜ ਵਾਲਿਆਂ ਨੂੰ ਸੰਸਦ ਦੀ ਦਹਿਲੀਜ਼ ਟੱਪਣ ਤੋਂ ਰੋਕਣ ਦਾ ਯਤਨ ਕਰੇ।

# ਪੰਜਾਬ ’ਤੇ ਮੰਡਰਾ ਰਿਹਾ ਪਾਣੀ ਦਾ ਸੰਕਟ



ਰਣਜੀਤ ਸਿੰਘ ਕੁਕੀ



ਪੰਜਾਬ ਵਾਲਿਆਂ ਨੂੰ ਅਜੇ ਸਾਗਰ ਦੀ ਵਹੁਟੀ ਅਤੇ ਮੂਸੇ ਪਿੰਡ ਦੀਆਂ ਖ਼ਬਰਾਂ ਤੋਂ ਵੇਹਲ ਨਹੀਂ ਪਰ ਫਿਰ ਸੋਚਿਆ ਕਿ ਪਿਛਲੇ ਸਾਲ ਪੰਜਾਬ ਦੇ ਸੋਸ਼ਲ ਮੀਡੀਆ ’ਚ ਦੱਖਣੀ ਅਫ਼ਰੀਕਾ ਦੇ ਸ਼ਹਿਰ ਕੈਪਟਾਊਨ ਵਿੱਚ ਪਾਣੀ ਮੁੱਕਣ ਬਾਰੇ ਖ਼ਬਰਾਂ ਬਹੁਤ ਵਾਇਰਲ ਹੋ ਰਹੀਆਂ ਸਨ..ਫਿਰ ਵਾਰੀ ਆਈ ਚੇਨਈ (ਮਦਰਾਸ ) ਦੀ ਝੀਲ ਸੁੱਕਣ ਦੀ.. ਚਲੋ ਸਾਊਥ ਵਾਲੇ ਲੋਕ ਸਿਆਣੇ ਹਨ ਉਹਨਾਂ ਨੇ ਕੰਧ ਉੱਤੇ ਲਿਖਿਆ ਪੜ੍ਹਿਆ ਅਤੇ ਚੰਗੀ ਨੀਅਤ ਅਤੇ ਯੋਜਨਾ ਨਾਲ ਚੇਨਈ ਵਾਲੀ ਝੀਲ ਫਿਰ ਪੁਨਰ ਸੁਰਜੀਤ ਕਰ ਲਈ..

ਹੁਣ ਖ਼ਬਰ ਆਈ ਹੈ ਕੇ ਕਰਨਾਟਕਾ ਦੀ ਰਾਜਧਾਨੀ ਅਤੇ ਆਈ ਟੀ ਹੱਬ ਬੰਗਲੌਰ ’ਚ ਵੀ ਪਾਣੀ ਵਾਲੇ ਭਾਂਡੇ ਖਾਲੀ ਹੋ ਗਏ ਹਨ..

ਕਦੇ ਬੰਗਲੌਰ ਨੂੰ ਝੀਲਾਂ ਅਤੇ ਬਾਗਾਂ ਵਾਲਾ ਸ਼ਹਿਰ ਕਿਹਾ ਜਾਂਦਾ ਸੀ.. ਅੱਜ ਤੋਂ ਤੀਹ ਕੁ ਸਾਲ ਪਹਿਲਾਂ ਬੰਗਲੌਰ ਬਹੁਤ ਘੱਟ ਭੀੜ ਭਾੜ ਅਤੇ ਸਕੂਨ ਵਾਲਾ ਸ਼ਹਿਰ ਸੀ ਪਰ ਤਥਾ ਕਥਿਤ ਵਿਕਾਸ ਦੀ ਹਨੇਰੀ ਨੇ ਬੰਗਲੌਰ ਦਾ ਓਹ ਹਾਲ ਕੀਤਾ ਜੋ ਪੰਜਾਬ ਦਾ ਝੋਨੇ ਨੇ ਕੀਤਾ..

ਬੰਗਲੌਰ ਦੀ ਆਬੋ ਹਵਾ ਅਤੇ ਪੰਜ ਤੋਂ ਪੰਝੀ ਡਿਗਰੀ ਵਾਲਾ ਤਾਪਮਾਨ ਏਨਾ ਵਧੀਆ ਅਤੇ ਆਈਡੀਅਲ ਹੈ ਕਿ ਦੁਨੀਆਂ ਭਰ ਦੀਆਂ ਬੀਜ ਕੰਪਨੀਆਂ ਅਤੇ ਨਰਸਰੀਆਂ ਇੱਥੇ ਸਥਿਤ ਹਨ ਪਰ ਓਹੀ ਬੰਗਲੌਰ ਰੁੱਖਾਂ ਝੀਲਾਂ ਤੋਂ ਸੱਖਣਾ ਹੋਕੇ ਪਾਣੀ ਤੋਂ ਵੀ ਆਤੁਰ ਹੁੰਦਾ ਜਾ ਰਿਹਾ.. ਮਿੱਠਾ ਤਾਪਮਾਨ ਰੁੱਖਾ ਹੁੰਦਾ ਜਾਂਦਾ..

1973 ’ਚ ਬੰਗਲੌਰ ਦਾ ਉਸਾਰੀ ਅਧੀਨ ਰਕਬਾ ਸਿਰਫ਼ 8% ਸੀ ਜੋ 2023 ’ਚ 93% ਹੋ ਗਿਆ.. ਸੱਠਾਂ ਸਾਲਾਂ ’ਚ ਜੋ ਜੰਗਲ ਤੇ ਪਾਣੀ ਦੇ ਸਰੋਤ ਗਾਇਬ ਹੋਏ ਸੋ ਹੋਏ ਪਰ ਜਿਹੜੇ ਜੀਵ ਜੰਤੂ ਇਹਨਾਂ ਉੱਤੇ ਨਿਰਭਰ ਸਨ ਓਹ ਕਿੱਥੇ ਗਏ ਹੋਣਗੇ..

ਕਮੋਬੇਸ਼ ਪੰਜਾਬ ਦਾ ਵੀ ਇਹੋ ਹਾਲ ਹੋਇਆ 1973 ਤੋਂ 2023 ਦੀ ਵਿਕਾਸ / ਵਿਨਾਸ਼ ਯਾਤਰਾ ’ਚ.. ਜੰਗਲੀ ਰਕਬਾ 40% ਤੋਂ ਘੱਟਕੇ 4% ਰਹਿ ਗਿਆ ਪਰ ਪੰਜਾਬੀ ਅਜੇ ਹੋਰ ਬਹੁਤ ਜ਼ਰੂਰੀ ਕੰਮਾਂ ’ਚ ਲੱਗੇ ਹੋਏ ਹਨ..

ਸੁਣਿਆ ਬੰਗਲੌਰ ਵਾਲਿਆਂ ਖ਼ਤਰੇ ਨੂੰ ਵੇਖਦੇ ਹੋਏ ਸੁਧਾਰ ਕਰਨੇ ਸ਼ੁਰੂ ਕਰ ਦਿੱਤੇ ਹਨ ਪਰ ਪੰਜਾਬ ਵਾਲਿਆਂ ਅਜੇ ਪਤਾ ਨਹੀਂ ਕਦੋਂ ਕੰਧ ਉੱਤੇ ਲਿਖਿਆ ਪੜ੍ਹਨਾ..

ਦੂਜੇ ਪਾਸੇ ਵਰਲਡ ਵਾਰ, ਪਰਮਾਣੂ ਹਮਲੇ, ਡੂਮਸ ਡੇਅ ਕਰਕੇ ਦੁਨੀਆਂ ਖ਼ਤਮ ਹੋਣ ਦੇ ਖ਼ਦਸ਼ੇ ਪ੍ਰਗਟ ਕੀਤੇ ਜਾ ਰਹੇ ਹਨ ਅਤੇ ਦੁਨੀਆਂ ਭਰ ਦੇ ਖਰਬ ਪਤੀ ਅਮੀਰ ਲੋਕ ਕਿਆਮਤ ਦੇ ਦਿਨ ਲਈ ਜ਼ਮੀਨਦੋਜ਼ ਬੰਕਰ ਤਿਆਰ ਕਰਵਾ ਰਹੇ ਹਨ, ਜਿੱਥੇ ਸਾਲਾਂ ਬੱਧੀ ਭੋਜਨ, ਹਵਾ, ਪਾਣੀ ਅਤੇ ਬਾਲਣ ਦਾ ਪ੍ਰਬੰਧ ਕੀਤਾ ਜਾ ਰਿਹਾ..ਬੰਕਰਾਂ ਦੇ ਡਿਜ਼ਾਈਨ ਵੇਖੋ ਤਾਂ ਮਨੁੱਖ ਅਮਰ ਹੋਣ ਦਾ ਭਰਮ ਪਾਲੀ ਬੈਠਾ.. ਸਾਰੀ ਦੁਨੀਆਂ ਅਤੇ ਧਰਤੀ ਉੱਤੇ ਗੰਦ ਪਾਕੇ ਅਮੀਰ ਲੋਕ ਪਤਾਲ ਅਤੇ ਅਕਾਸ਼ ’ਚ ਠਿਕਾਣੇ ਲੱਭਦੇ ਫਿਰਦੇ ਹਾਲਾਂ ਕਿ ਜਦੋਂ ਆ ਗਈ ਤਾਂ ਰੋਕ ਕੋਈ ਨਹੀਂ ਸਕਦਾ..

ਗੁਰਬਾਣੀ ਦਾ ਕਥਨ ਹੈ ਕਿ ਜੰਮਣਾ ਮਰਨਾ ਹੁਕਮ ਅਨੁਸਾਰ ਹੁੰਦਾ..

ਮਨੁੱਖ ਦੇ ਹੱਥ ਵੱਸ ਇਹ ਹੈ ਕਿ ਕਿਸੇ ਹੱਦ ਤੱਕ ਜੀਣਾ ਕਿਵੇਂ ਅਤੇ ਸ਼ਾਂਤੀ ਨਾਲ ਦੁਨੀਆਂ ਤੋਂ ਵਿਦਾ ਕਿੰਦਾਂ ਹੋਣਾ ਪਰ ਅਜੋਕਾ ਮਨੁੱਖ ਕੁਦਰਤੀ ਸਾਧਨਾਂ ਦੀ ਤਬਾਹੀ ਕਰਕੇ ਲਿਲ੍ਹਕ ਲਿਲ੍ਹਕ ਕੇ ਮਰਦਾ ਹੋਇਆ ਵੀ ਅਮਰ ਹੋਣ ਦੀ ਲਾਲਸਾ ਪਾਲੀ ਰਾਤ ਦਿਨ ਪੈਸੇ /ਪਦਾਰਥ ਇਕੱਠੇ ਕਰਨ ਵਾਲੇ ਪਾਸੇ ਲੱਗਾ ਹੋਇਆ..

ਅਜੇ ਕੱਲ੍ਹ ਦੀ ਗੱਲ ਹੈ ਸਾਡੇ ਵਡੇਰਿਆਂ ਨੂੰ ਜੰਗਲਾਂ, ਝੀਲਾਂ, ਦਰਿਆਵਾਂ, ਰੱਖਾਂ, ਨਾਲਿਆਂ, ਨੱਖਾਸੂਆਂ,ਜਲਗਾਹਾਂ, ਢਾਬਾਂ, ਛੱਪੜਾਂ ਨੇ ਪਾਲਿਆ ਪੋਸਿਆ ਅਤੇ ਬਚਾਇਆ ਵੀ ਪਰ ਅਸੀਂ ਆਪਣੀਆਂ ਸਾਂਝੀਆਂ ਥਾਂਵਾਂ, ਪਾਣੀ ਦੇ ਕੁਦਰਤੀ ਸ੍ਰੋਤਾਂ ਦਾ ਜੋ ਹਾਲ ਕੀਤਾ ਉਸ ਦਾ ਸਰਾਪ ਹਰ ਘਰ ਭੁਗਤ ਰਿਹਾ..

ਬੇਸ਼ਰਮੀ ਦੀ ਹੱਦ ਵੇਖੋ ਕਿ ਸੁਪ੍ਰੀਮ ਕੋਰਟ, ਹਾਈ ਕੋਰਟ ਵਰਗੀਆਂ ਉੱਚ ਅਦਾਲਤਾਂ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਕੇ ਛੱਪੜ ਢਾਬ ਪੂਰ ਕੇ ਪਾਰਕ ਅਤੇ ਨਾਜਾਇਜ਼ ਉਸਾਰੀਆਂ ਕਰਕੇ ਮੰਤਰੀਆਂ ਕੋਲੋਂ ਉਦਘਾਟਨ ਕਰਵਾਏ ਜਾ ਰਹੇ ਹਨ..ਨਹਿਰੀ ਪਾਣੀ ਨੂੰ ਦਰਕਿਨਾਰ ਕਰਕੇ ਜ਼ਮੀਨ ਹੇਠਲਾ ਬੇਸ਼ਕੀਮਤੀ ਪਾਣੀ ਕੱਢਿਆ ਵੀ ਜਾ ਰਿਹਾ ਤੇ ਰਹਿੰਦਾ ਖੂੰਹਦਾ

ਪਲੀਤ ਕੀਤਾ ਜਾ ਰਿਹਾ.. ਪਾਣੀ ਤੋਂ ਬਗੈਰ ਪੰਜਾਬ ਨਾਮ ਦੇ ਕੀ ਮਾਇਨੇ ਹਨ..

ਸੱਭਿਅਤਾ ਦਾ ਤਾਸੱਵਰ ਪਾਣੀ ਬਿਨਾਂ ਕਿਵੇਂ ਕੀਤਾ ਜਾ ਸਕਦਾ ?

ਕੀ ਪੰਜਾਬ ਮੁੱਲ ਦਾ ਪਾਣੀ ਲੈਕੇ ਪੀਣ ਨੂੰ ਤਿਆਰ ਹੈ..??

ਖੇਤੀ ਦੀ ਤਾਂ ਗੱਲ ਹੀ ਛੱਡੋ...

ਪੰਜਾਬ ਦੇ ਲੋਕੋ ਅਜੇ ਵੀ ਵਕਤ ਹੈ.. ਜਾਗੋ..

ਕੁਦਰਤੀ ਸ੍ਰੋਤਾਂ ਨਾਲ ਛੇੜ ਛਾੜ ਕਰਨ ਵਾਲੇ ਲੋਕਾਂ ਖ਼ਿਲਾਫ਼ ਲਾਮਬੰਦ ਹੋਵੋ..

ਸਾਨੂੰ ਨਾ ਪਤਾਲ ’ਚ ਨਾ ਅਕਾਸ਼ ’ਚ ਢੋਈ ਮਿਲਣੀ..

ਜੇ ਪਾਣੀ ਵਗਦੇ ਨਹੀਂ ਰਹਿਣੇ
ਤਾਂ ਚੁੱਲੇ ਵੀ ਮਘਦੇ ਨਹੀਂ ਰਹਿਣੇ।

# ਵੱਡਾ ਅੰਤਰ ਹੈ ਭਾਰਤ ਅਤੇ ਕੈਨੇਡਾ ਦੀਆਂ ਚੋਣਾਂ ਵਿੱਚ

## ਭਾਰਤ ਵਿੱਚ ਚੋਣ ਪ੍ਰਕਿਰਿਆ ਨੂੰ ਸਰਲ, ਸਹਿਜ ਤੇ ਰੌਲ਼ਾ ਮੁਕਤ ਕਰਨ ਲਈ ਸਾਰਥਕ ਉਪਰਾਲੇ ਕੀਤੇ ਜਾਣ

ਮਲਵਿੰਦਰ

ਭਾਰਤ ਵਿੱਚ ਲੋਕ ਸਭਾ ਦੀਆਂ ਚੋਣਾਂ ਦਾ ਐਲਾਨ ਹੋ ਗਿਆ ਹੈ। ਮੱਧ ਅਪ੍ਰੈਲ ਤੋਂ ਜੂਨ ਦੇ ਪਹਿਲੇ ਹਫ਼ਤੇ ਵਿਚਾਲੇ ਸੱਤ ਪੜਾਵਾਂ ਵਿੱਚ ਇਹ ਚੋਣਾਂ ਹੋਣਗੀਆਂ। ਨਤੀਜੇ 4 ਜੂਨ ਨੂੰ ਐਲਾਨ ਹੋਣਗੇ। ਇਸ ਦੇ ਨਾਲ ਹੀ ਚਾਰ ਪ੍ਰਦੇਸ਼ਾਂ ਆਂਧਰ ਪ੍ਰਦੇਸ਼, ਓਡੀਸ਼ਾ, ਅਰੁਣਾਚਲ ਪ੍ਰਦੇਸ਼ ਅਤੇ ਸਿੱਕਿਮ ਦੀਆਂ ਚੋਣਾਂ ਵੀ ਹੋਣਗੀਆਂ। ਪੰਜਾਬ ਵਿੱਚ ਇਹ ਚੋਣਾਂ ਇੱਕ ਜੂਨ ਨੂੰ ਹੋਣਗੀਆਂ। ਪੰਜਾਬ ਦੇ ਮਾਮਲੇ ਵਿੱਚ ਚੋਣ ਦੀ ਤਰੀਕ ਸੋਚ-ਸਮਝ ਕੇ ਨਹੀਂ ਰੱਖੀ ਗਈ। ਸਾਕਾ ਨੀਲਾ ਤਾਰਾ ਕਰਕੇ ਪਹਿਲੀ ਜੂਨ ਤੋਂ ‘ਘੱਲੂਘਾਰਾ ਹਫ਼ਤਾ’ ਮਨਾਇਆ ਜਾਂਦਾ ਹੈ। ਜਦੋਂ ਨਤੀਜੇ 4 ਜੂਨ ਨੂੰ ਆਉਣਗੇ ਤਾਂ ਕੁਦਰਤੀ ਹੈ ਕਿ ‘ਵਿਕਟਰੀ ਜਲੂਸ’ ਵੀ ਨਿਕਲਣਗੇ। ਸੋਗ ’ਚ ਡੁੱਬੇ ਖੇਤਰ ਵਿੱਚ ਜਸ਼ਨ ਮਨਾਉਣਾ ਕਈਆਂ ਦੀਆਂ ਭਾਵਨਾਵਾਂ ਨੂੰ ਜ਼ਖ਼ਮੀ ਕਰ ਸਕਦਾ ਹੈ।

ਚੋਣਾਂ ਦੇ ਐਲਾਨ ਦੇ ਨਾਲ ਹੀ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ। ਇਸ ਜ਼ਾਬਤੇ ਦੌਰਾਨ ਪਾਰਟੀਆਂ ਤੇ ਵਰਕਰ ਕਿੰਨੇ ਕੁ ਜ਼ਬਤ ਵਿੱਚ ਰਹਿੰਦੇ ਹਨ, ਇਸ ’ਤੇ ਆਮ ਲੋਕਾਂ ਅਤੇ ਮੀਡੀਆ ਦੀ ਨਜ਼ਰ ਰਹੇਗੀ। ਅਸੀਂ ਇਸ ਜ਼ਬਤ ਦੀ ਲੋੜ ਬਾਰੇ ਸੰਖੇਪ ’ਚ ਗੱਲ ਕਰਾਂਗੇ। ਭਾਰਤ ਵਿੱਚ ਚੋਣਾਂ ਦੌਰਾਨ ਹੋਣ ਵਾਲੀਆਂ ਰੈਲੀਆਂ ਵਿੱਚ ਇਕੱਠੇ ਹੋਏ ਲੋਕਾਂ ਦਾ ਰੌਲ਼ਾ ਤੇ ਵਿਹਾਰ ਸਹਿਜ ਨਹੀਂ ਹੁੰਦਾ। ਭਾਸ਼ਣਾਂ ਵਿੱਚ ਵਿਰੋਧੀਆਂ ਲਈ ਵਰਤੇ ਜਾਂਦੇ ਸ਼ਬਦ ਨਫ਼ਰਤ ਨਾਲ਼ ਭਰੇ ਹੁੰਦੇ ਹਨ। ਧਰਮ, ਜਾਤ, ਮਜ਼ਹਬ, ਭਾਸ਼ਾ, ਖਿੱਤਾ ਆਦਿ ਸ਼ਬਦ ਭਾਸ਼ਣ ਵਿੱਚ ਹਥਿਆਰਾਂ ਵਾਂਗ ਵਰਤੇ ਜਾਂਦੇ ਹਨ। ਇਨ੍ਹਾਂ ਦਿਨਾਂ ਦੌਰਾਨ ਲੋਕਾਂ ਦੀਆਂ ਭਾਈਚਾਰਕ ਸਾਂਝਾਂ ਵਿੱਚ ਤ੍ਰੇੜਾਂ ਉੱਭਰਦੀਆਂ ਹਨ। ਕਈ ਥਾਈਂ ਭੀੜਾਂ ਹਿੰਸਕ ਵੀ ਹੁੰਦੀਆਂ ਹਨ। ਜਾਨ-ਮਾਲ ਦਾ ਨੁਕਸਾਨ ਵੀ ਹੁੰਦਾ ਹੈ। ਭਲੇ ਲੋਕ ਸੁਖੀ-ਸਾਂਦੀ ਚੋਣਾਂ ਲੰਘ ਜਾਣ ਲਈ ਅਰਦਾਸ ਵੀ ਕਰਦੇ ਹਨ ਤੇ ਬਾਅਦ ਵਿੱਚ ਸ਼ੁਕਰ ਵੀ ਮਨਾਉਂਦੇ ਹਨ ਕਿਉਂਕਿ ਚੋਣ ਪ੍ਰਕਿਰਿਆ ਦੌਰਾਨ ਡਰ ਤੇ ਤਣਾਅ ਬਣਿਆ ਰਹਿੰਦਾ ਹੈ। ਚੋਣ ਪ੍ਰਚਾਰ ਮਹਿੰਗਾ ਹੋਣ ਦੇ ਨਾਲ-ਨਾਲ ਅਮਾਨਵੀ ਪਹੁੰਚ ਵਾਲ਼ਾ ਵੀ ਹੁੰਦਾ ਹੈ। ਕੁਝ ਨੇਤਾਵਾਂ ਦਾ ਪਿਛੋਕੜ ਅਪਰਾਧੀ ਹੋਣ ਕਾਰਨ ਵੀ ਉਸ ਹਲਕੇ ਦੇ ਵੋਟਰਾਂ ਕੋਲ਼ੋਂ ਨਿਰਪੱਖ ਵੋਟਿੰਗ ਦੀ ਆਸ ਨਹੀਂ ਰੱਖੀ ਜਾ ਸਕਦੀ।

ਕੀ ਲੋਕਤੰਤਰੀ ਸਿਸਟਮ ਵਿੱਚ ਬਹੁਮਤ ਹਾਸਲ ਕਰਨ ਲਈ ਇਸ ਰੌਲ਼ੇ ਅਤੇ ਡਰ ਨਾਲ ਭਰੀ ਚੋਣ ਪ੍ਰਕਿਰਿਆ ਦਾ ਕੋਈ ਸੁਖਾਵਾਂ ਬਦਲ ਨਹੀਂ ਹੈ? ਭਾਰਤ ਵਾਸੀਆਂ ਦੇ ਅਗਲੇ ਦੋ-ਢਾਈ ਮਹੀਨੇ ਇਸੇ ਤ੍ਰਭਕੀ ਅਵਸਥਾ ਵਿੱਚ ਲੰਘਣੇ ਹਨ। ਵੱਖ-ਵੱਖ ਟੀਵੀ ਚੈਨਲਾਂ ’ਤੇ ਹੁੰਦੀ ਅਸਾਵੀਂ ਬਹਿਸ ਵੀ ਸੰਵੇਦਨਸ਼ੀਲ ਬੰਦੇ ਦੀ ਮਾਨਸਿਕ ਸਥਿਤੀ ਅੰਦਰ ਵਿਗਾੜ ਪੈਦਾ ਕਰਦੀ ਹੈ। ਕੀ ਦੁਨੀਆਂ ਦੇ ਕੁੱਲ ਦੇਸ਼ਾਂ ਅੰਦਰ ਚੋਣ ਪ੍ਰਕਿਰਿਆ ਦਾ ਮੁਹਾਂਦਰਾ ਹਿੰਸਕ ਹੀ ਹੈ? ਇਸ ਚੋਣ ਪ੍ਰਕਿਰਿਆ ਬਾਰੇ ਹੰਢਾਏ ਅਨੁਭਵ ਵਰਗੀਆਂ ਕੁਝ ਹੋਰ ਹੱਲਾਂ ਵੀ ਕਰਦੇ ਹਾਂ। ਚੋਣਾਂ ਵਾਲੇ ਦਿਨ ਤੋਂ ਡੇ-ਦੋ ਮਹੀਨੇ ਪਹਿਲਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਮੁਲਾਜ਼ਮ ਚੋਣ ਡਿਊਟੀ ‘’ਤੇ ਤਾਇਨਾਤ ਕਰ ਦਿੱਤੇ ਜਾਂਦੇ ਹਨ। ਇਹ ਸਮਾਂ ਉਨ੍ਹਾਂ ਅਧਿਕਾਰੀਆਂ, ਮੁਲਾਜ਼ਮਾਂ ਲਈ ਚੁਣੌਤੀ ਭਰਿਆ ਹੁੰਦਾ ਹੈ।



ਵੋਟਾਂ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਆਪਣੀ ਡਿਊਟੀ ਵਾਲੇ ਬੂਥ ’ਤੇ ਦੂਰ-ਦੁਰਾਡੇ ਪਿੰਡਾਂ ਵਿੱਚ ਪਹੁੰਚਣਾ ਤੇ ਰਾਤ ਉੱਥੇ ਕੱਟਣੀ ਖ਼ਾਸ ਕਰਕੇ ਔਰਤਾਂ ਲਈ, ਇੱਕ ਚੁਣੌਤੀ ਹੁੰਦੀ ਹੈ। ਅਗਲੇ ਦਿਨ ਯਾਨੀ ਵੋਟਾਂ ਵਾਲੇ ਦਿਨ ਲੰਮੀਆਂ ਕਤਾਰਾਂ ਵਿੱਚ ਖੜ੍ਹੇ ਵੋਟਰਾਂ ਨੂੰ ਭੁਗਤਾਉਣਾ ਤੇ ਪ੍ਰੀਜ਼ਾਈਡਿੰਗ, ਪੋਲਿੰਗ ਅਫ਼ਸਰਾਂ ਦੇ ਸਾਹਮਣੇ ਕੁਰਸੀਆਂ ’ਤੇ ਡਟੇ ਵੱਖ-ਵੱਖ ਪਾਰਟੀਆਂ ਦੇ ਪੋਲਿੰਗ ਏਜੰਟਾਂ ਦੀ ਰੌਲ਼ੇ ਨਾਲ ਭਰੀ ਦਖ਼ਲਅੰਦਾਜ਼ੀ ਦਾ ਸਾਹਮਣਾ ਕਰਨਾ, ਦਿਮਾਗ ਦੀਆਂ ਤਣੀਆਂ ਨਸਾਂ ਅੰਦਰ ਚੀਸਾਂ ਪੈਣੀਆਂ ਤੇ ਅਚਾਨਕ ਆ ਧਮਕੇ ਕਿਸੇ ਅਫ਼ਸਰ ਦੀਆਂ ਝਿੜਕਾਂ ਸੁਣਦਿਆਂ ਨਸਾਂ ਦੇ ਫਟ ਜਾਣ ਵਰਗੇ ਦੁਖਦ ਅਹਿਸਾਸ ਨੂੰ ਜ਼ਰਨਾ ਸੱਚਮੁੱਚ ਬੜਾ ਮੁਸ਼ਕਲ ਹੁੰਦਾ ਹੈ। ਇਹ ਸਾਰਾ ਕੁਝ ਹੋਣ ਦਾ ਕਾਰਨ ਪੂਰੇ ਭਾਰਤ ’ਚ ਵੱਖ-ਵੱਖ ਮਿਤੀਆਂ ’ਤੇ ਲੱਖਾਂ ਵੋਟਰਾਂ ਨੂੰ ਮਿੱਥੇ ਦਿਨ ਭੁਗਤਾਉਣਾ ਹੁੰਦਾ ਹੈ। ਵੋਟਿੰਗ ਦੌਰਾਨ ਬੂਥ ’ਤੇ ਪਿਛਲੀ ਰਾਤ ਹੋਈ ਤੁਹਾਡੀ ਰੋਟੀ-ਪਾਣੀ ਦੀ ਸੇਵਾ ਦਾ ਮੁੱਲ ਵਸੂਲਣ ਦਾ ਯਤਨ ਵੀ ਕੀਤਾ ਜਾਂਦਾ ਹੈ। ਇਹ ਵਰਤਾਰਾ ਕਈ ਵਾਰ ਡਿਊਟੀ ’ਤੇ ਤਾਇਨਾਤ ਸਟਾਫ ਲਈ ਵੱਡੀਆਂ ਕਾਨੂੰਨੀ ਮੁਸੀਬਤਾਂ ਦਾ ਕਾਰਨ ਵੀ ਬਣਦਾ ਹੈ। ਕਿਸੇ ਹਲਕੇ ਦੇ ਲੱਖਾਂ ਵੋਟਰਾਂ ਨੂੰ ਇੱਕੋ ਦਿਨ ਭੁਗਤਾਉਣ ਦੇ ਇਸ ਕਾਰਜ ਨੂੰ ਕੀ ਬਦਲਿਆ ਨਹੀਂ ਜਾ ਸਕਦਾ?

ਕੀ ਵਿਕਸਤ ਦੇਸ਼ਾਂ ਵਿੱਚ ਹੁੰਦੀਆਂ ਚੋਣਾਂ ਦੌਰਾਨ ਵੀ ਇਹ ਦ੍ਰਿਸ਼ ਵੇਖਣ ਨੂੰ ਮਿਲਦੇ ਹਨ? ਮੈਂ ਕੈਨੇਡਾ ਵਿੱਚ ਹਾਂ ਤੇ ਪਿਛਲੀਆਂ ਦੋ ਵਾਰ ਏਥੇ ਹੋਈਆਂ ਚੋਣਾਂ ਦੌਰਾਨ ਇੱਥੇ ਹਾਜ਼ਰ ਸਾਂ। ਉਸ ਤਜਰਬੇ ਦੇ ਆਧਾਰ ’ਤੇ ਕਹਿ ਸਕਦਾ ਹਾਂ ਕਿ ਇੱਥੇ ਚੋਣਾਂ ਦੌਰਾਨ ਵੱਡੀਆਂ ਚੋਣ ਰੈਲੀਆਂ ਨਹੀਂ ਹੁੰਦੀਆਂ। ਧੂੜ ਨਾਲ ਭਰੀਆਂ ਰਾਹਾਂ ’ਤੇ ਕਾਰਾਂ ਦੇ ਕਾਫ਼ਲੇ ਲੰਘਦੇ ਨਹੀਂ ਵੇਖੇ। ਬੱਸਾਂ, ਟਰੱਕਾਂ ਅੰਦਰ ਤੂਸੇ ਵੋਟਰਾਂ ਦੇ ਵਿਕਾਊ ਚਿਹਰੇ ਵੀ ਨਹੀਂ ਵੇਖੇ।

ਆਬਾਦੀ ਪੱਖੋਂ ਇਹ ਮੁਲਕ ਸਾਥੋਂ ਬਹੁਤ ਪਿੱਛੇ ਹੈ। ਸ਼ਾਇਦ ਇਸੇ ਲਈ ਵਿਕਾਸ ਪੱਖੋਂ ਬਹੁਤ ਅੱਗੇ ਹੈ। ਪਰ ਘੱਟ ਆਬਾਦੀ ਹੋਣ ਦੇ ਬਾਵਜੂਦ ਚੋਣ ਪ੍ਰਕਿਰਿਆ ਨੂੰ ਸਰਲ, ਸਹਿਜ ਤੇ ਰੌਲ਼ਾ ਮੁਕਤ ਕਰਨ ਲਈ ਬਹੁਤ ਸਾਰੇ ਸਾਰਥਕ ਉਪਰਾਲੇ ਕੀਤੇ ਹਨ। ਇੱਥੇ ਚਾਰ ਤਰ੍ਹਾਂ ਵੋਟਾਂ ਪੁਆਈਆਂ ਜਾਂਦੀਆਂ ਹਨ। ਵੋਟਾਂ ਵਾਲੇ ਦਿਨ ਤੋਂ ਇਲਾਵਾ ਉਸ ਦਿਨ ਤੋਂ ਪਹਿਲਾਂ ਐਡਵਾਂਸ ਪੋਲਿੰਗ ਹੁੰਦੀ ਹੈ ਜਿਸ ਲਈ ਚਾਰ ਦਿਨ ਨਿਰਧਾਰਤ ਹੁੰਦੇ ਹਨ। ਕੈਨੇਡਾ ਦੇ ਕਿਸੇ ਵੀ ਚੋਣ ਦਫ਼ਤਰ ਵਿੱਚ ਜਾ ਕੇ ਵੀ ਆਪਣੀ ਵੋਟ ਪਾਈ ਜਾ ਸਕਦੀ ਹੈ। ਮੇਲ ਰਾਹੀਂ ਯਾਨੀ ਈ-ਵੋਟਿੰਗ ਰਾਹੀਂ ਵੀ ਵੋਟਾਂ ਪਾਈਆਂ ਜਾਂਦੀਆਂ ਹਨ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਵੋਟਾਂ ਵਾਲੇ ਦਿਨ ਜਿਨ੍ਹਾਂ ਦੁਸ਼ਵਾਰੀਆਂ ਦਾ ਸਾਹਮਣਾ ਇੱਥੇ ਭਾਰਤ ਵਿੱਚ ਵੋਟਰਾਂ ਤੇ ਚੋਣ ਡਿਊਟੀ ਵਾਲੇ ਸਟਾਫ ਨੂੰ ਕਰਨਾ ਪੈਂਦਾ ਹੈ, ਉਸ ਤੋਂ ਬਚਾਅ ਹੋ ਜਾਂਦਾ ਹੈ। ਜ਼ਿੰਦਗੀ ਆਮ ਵਾਂਗ ਚੱਲਦੀ ਰਹਿੰਦੀ ਹੈ।

ਈ-ਵੋਟਿੰਗ ਦੀ ਵਰਤੋਂ ਅੱਜ ਦੁਨੀਆਂ ਦੇ ਵਿਕਸਤ ਲੋਕਤੰਤਰ ਕਰ ਰਹੇ ਹਨ। ਇਹ ਲੋੜ ’ਚੋਂ ਨਿਕਲਿਆ ਵਿਕਲਪ ਹੈ। ਇਸ ਵਿਧੀ ਰਾਹੀਂ ਵੋਟਰ ਆਪਣੀ ਵੋਟ ਬਿਨਾਂ ਕਿਸੇ ਡਰ-ਭੈਅ ਦੇ ਪਾ ਸਕਦਾ ਹੈ। ਵੈਸੇ ਵੀ ਹੁਣ ਇੰਟਰਨੈੱਟ ਦਾ ਜ਼ਮਾਨਾ ਹੈ। ਆਪਣੀ ਆਮ ਜ਼ਿੰਦਗੀ ਵਿੱਚ ਜਿਵੇਂ ਅਸੀਂ ਇਸ ਦੀ ਵਰਤੋਂ ਕਰ ਰਹੇ ਹਾਂ, ਚੋਣ ਪ੍ਰਕਿਰਿਆ ਦੌਰਾਨ ਵੀ ਚੋਣ-ਪ੍ਰਚਾਰ ਕਰਨ ਲਈ ਅਤੇ ਵੋਟਾਂ ਭੁਗਤਾਉਣ ਲਈ ਇਸ ਦੀ ਵਰਤੋਂ ਕਰਨੀ ਬਣਦੀ ਹੈ। ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਤਾਂ ਪਹਿਲਾਂ ਹੀ ਬਹੁਤ ਹੁੰਦਾ ਹੈ। ਵੱਡੀਆਂ ਰੈਲੀਆਂ ’ਤੇ ਪਾਬੰਦੀਆਂ ਲਾ ਕੇ ਉਸ ਦਾ ਬਦਲ ਇਸ ਵਿਕਸਤ ਤਕਨੀਕ ਦੀ ਵਰਤੋਂ ਕਰਕੇ ਕੀਤਾ ਜਾ ਸਕਦਾ ਹੈ। ਇਸ ਤਕਨੀਕ ਨਾਲ ਵੋਟਿੰਗ ਕਰਨ ਨਾਲ ਪਈਆਂ ਵੋਟਾਂ ਦੀ ਪ੍ਰਤੀਸ਼ਤ ਵੀ ਵਧੇਗੀ। ਬਹੁਤ ਸਾਰੇ ਧੰਨ ਅਤੇ ਸਮੇਂ ਦੀ ਬਰਬਾਦੀ ਵੀ ਨਹੀਂ ਹੋਵੇਗੀ। ਪ੍ਰਚਾਰ ਲਈ ਸਾਡੇ ਨੇਤਾ ਪਹਿਲਾਂ ਹੀ ਇੰਟਰਨੈੱਟ ਦਾ ਸਹਾਰਾ ਲੈਂਦੇ ਹਨ। ਫੇਸਬੁੱਕ, ਵ੍ਹਟਸਐਪ, ਯੂ-ਟਿਊਬ, ਇੰਸਟਾਗ੍ਰਾਮ ਆਦਿ ਵਰਗੀਆਂ ਪਾਪੂਲਰ ਸਾਈਟਸ ਦੀ ਵਰਤੋਂ ਪਹਿਲਾਂ ਹੀ ਬਹੁਤ ਹੁੰਦੀ ਹੈ।

(ਬਾਕੀ ਸਫ਼ਾ 31 ’ਤੇ)

# ਕਿਵੇਂ ਦੂਰ ਹੋਣ ਕਿਸਾਨੀ ਦੀਆਂ ਆਰਥਿਕ ਮੁਸ਼ਕਿਲਾਂ ?



ਡਾ. ਸ. ਸ. ਛੀਨਾ



ਦੁਨੀਆਂ ਭਰ ਵਿੱਚ ਕਿਸਾਨੀ ਆਰਥਿਕ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ ਜਿਸ ਦੀ ਵੱਡੀ ਵਜ੍ਹਾ ਇਹ ਹੈ ਕਿ ਖੇਤੀ ਉਪਜਾਂ ਨੂੰ ਵੇਚਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਦਕਿ ਖ਼ਰੀਦਣ ਵਾਲੇ ਬਹੁਤ ਥੋੜ੍ਹੇ ਹਨ। ਕਈ ਵਾਰ ਉਹ ਖ਼ਰੀਦਣ ਵਾਲੇ ਆਪਸ ਵਿੱਚ ਮਿਲ ਕੇ ਕਿਸਾਨਾਂ ਦਾ ਸ਼ੋਸ਼ਣ ਕਰਦੇ ਹਨ। ਇਹੋ ਕਾਰਨ ਹੈ ਕਿ ਪਿਛਲੇ ਦਿਨਾਂ ਵਿਚ ਯੂਰਪ ਦੇ ਬਹੁਤ ਵਿਕਸਤ ਦੇਸ਼ਾਂ ਵਿੱਚ ਕਿਸਾਨਾਂ ਵੱਲੋਂ ਟਰੈਕਟਰਾਂ ’ਤੇ ਚੜ੍ਹ ਕੇ ਵੱਖ-ਵੱਖ ਸ਼ਹਿਰਾਂ ਦੀਆਂ ਸੜਕਾਂ ’ਤੇ ਪ੍ਰਦਰਸ਼ਨ ਕਰਨ ਦੀਆਂ ਖ਼ਬਰਾਂ ਆਈਆ ਸਨ ਪਰ ਭਾਰਤ ਵਿੱਚ ਕਿਸਾਨੀ ਮੁਸ਼ਕਿਲਾਂ ਦੀ ਵਜ੍ਹਾ ਇਸ ਤੋਂ ਵੱਖਰੀ ਵੀ ਹੈ ਤੇ ਗੰਭੀਰ ਵੀ।

ਭਾਰਤ ਦੀ ਜ਼ਿਆਦਾਤਰ ਕਿਸਾਨੀ ਦੀ ਮੁਸ਼ਕਿਲ ਇਹ ਹੈ ਕਿ ਉਨ੍ਹਾਂ ਕੋਲ ਵੇਚਣ ਲਈ ਘੱਟ ਹੈ ਪਰ ਖੇਤੀ ਖੇਤਰ ਦੇ ਪੇਸ਼ੇ ’ਤੇ ਨਿਰਭਰਤਾ ਬਣੀ ਹੋਈ ਹੈ ਸਗੋਂ ਖੇਤੀ ’ਤੇ ਨਿਰਭਰ ਵਸੋਂ ਦੀ ਗਿਣਤੀ ਵਧਦੀ ਵੀ ਜਾ ਰਹੀ ਹੈ। ਉਸ ਕੋਲ ਖੇਤੀ ਵਿੱਚ ਓਨਾ ਰੁਜ਼ਗਾਰ ਵੀ ਨਹੀਂ। ਦਿਨ ਵਿੱਚ ਜ਼ਿਆਦਾ ਹਿੱਸਾ ਤੇ ਸਾਲ ਵਿੱਚ ਜ਼ਿਆਦਾ ਦਿਨ ਉਹ ਵਿਹਲੇ ਰਹਿੰਦੇ ਹਨ। ਕੰਮ ਕਰਨਾ ਵੀ ਚਾਹੁੰਦੇ ਹਨ ਪਰ ਕੰਮ ਹੈ ਨਹੀਂ। ਫਿਰ ਉਸ ਜੋਤ ਦੀ ਉਪਜ ਵਿੱਚੋਂ ਉਨ੍ਹਾਂ ਕਿਸਾਨ ਘਰਾਂ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ ਜਿਸ ਕਰਕੇ ਉਨ੍ਹਾਂ ਨੂੰ ਕਰਜ਼ੇ ਦਾ ਸਹਾਰਾ ਲੈਣਾ ਪੈਂਦਾ ਹੈ। ਸਮੇਂ ਦੇ ਨਾਲ ਉਹ ਕਰਜ਼ਾ ਇੰਨਾ ਬੋਝ ਬਣ ਜਾਂਦਾ ਹੈ ਕਿ ਉਨ੍ਹਾਂ ਕੋਲ ਉਪਲਬਧ ਸਾਧਨਾਂ ਤੋਂ ਉਹ ਉਤਾਰਿਆ ਵੀ ਨਹੀਂ ਜਾ ਸਕਦਾ ਜਿਸ ਕਰਕੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿੱਚ ਇਸ ਕਰਜ਼ੇ ਦੀ ਵਜ੍ਹਾ ਨਾਲ ਬੀਤੇ ਕਈ ਸਾਲਾਂ ਤੋਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ ਹਨ। ਅੱਜ-ਕੱਲ੍ਹ ਪ੍ਰਾਂਤਾਂ ਦੀਆਂ ਸਰਕਾਰਾਂ ਨੇ ਖੇਤੀ ਕਰਜ਼ੇ ਨਾਲ ਸਬੰਧਿਤ ਕੇਸਾਂ ਦੇ ਹੱਲ ਲਈ ਜ਼ਿਲ੍ਹਾ ਅਤੇ ਪ੍ਰਾਂਤ ਦੇ ਪੱਧਰ ’ਤੇ ਕਰਜ਼ਾ ਨਿਵਾਰਨ ਫੋਰਮ ਸਥਾਪਤ ਕੀਤੇ ਹਨ। ਇਨ੍ਹਾਂ ਫੋਰਮਾਂ ਕੋਲ ਕੇਸ ਨਿਪਟਾਰਾ ਕਰਨ ਲਈ ਸ਼ਕਤੀਆਂ ਹਨ। ਇਨ੍ਹਾਂ ਵੱਲੋਂ ਫਿਰ ਨਿਰਧਾਰਿਤ ਵਿਵਸਥਾ ’ਚ ਕਰਜ਼ਾ ਦੇਣ ਵਾਲੇ ਸ਼ਾਹੂਕਾਰਾਂ ਨੂੰ ਆਪਣੇ-ਆਪ ਨੂੰ ਦਰਜ ਕਰਾਉਣਾ ਪਵੇਗਾ। ਫਿਰ ਵਿਆਜ ਦੀ ਵੱਧ ਤੋਂ ਵੱਧ ਦਰ ਨਿਸ਼ਚਤ ਕੀਤੀ ਗਈ ਹੈ। ਜੇ ਕਿਸੇ ਕਰਜ਼ਾ ਲੈਣ ਵਾਲੇ ਨੇ ਮੂਲ ਰਕਮ ਤੋਂ ਦੁੱਗਣਾ ਭੁਗਤਾਨ ਕਰ ਦਿੱਤਾ ਹੈ ਤਾਂ ਉਸ ਕਰਜ਼ੇ ਦੇ ਕੇਸ ਨੂੰ ਜ਼ਿਲ੍ਹੇ ਦੇ ਫੋਰਮ ਦੇ ਸਾਹਮਣੇ ਲਿਆਂਦਾ ਜਾ ਸਕਦਾ ਹੈ। ਖੇਤੀ ਵਿੱਚ ਦਿਨ-ਬ-ਦਿਨ ਪ੍ਰਤੀ ਘਰ ਘਟਦੀ ਆਮਦਨ, ਵਧਦਾ ਕਰਜ਼ਾ ਅਤੇ ਵਧਦੇ ਖ਼ੁਦਕੁਸ਼ੀਆਂ ਦੇ ਕੇਸਾਂ ਕਰ ਕੇ ਇਸ ਤਰ੍ਹਾਂ ਦੀ ਵਿਵਸਥਾ ਬਹੁਤ ਜ਼ਰੂਰੀ ਸੀ ਪਰ ਇਹ ਸਮੁੱਚੀ ਸਮੱਸਿਆ ਦਾ ਸਥਾਈ ਹੱਲ ਨਹੀਂ ਭਾਵੇਂ ਕਿ ਕਿਸੇ ਕਿਸਾਨ ਦੇ ਘਰ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਥੋੜ੍ਹੇ ਸਮੇਂ ਲਈ ਉਹ ਰਾਹਤ ਦੇ ਸਕਦਾ ਹੈ।

ਭਾਵੇਂ ਯੂਰਪੀ ਅਤੇ ਦੁਨੀਆਂ ਦੇ ਹੋਰ ਵਿਕਸਤ ਦੇਸ਼ਾਂ ਵਿੱਚ ਕਿਸਾਨ ਘਰਾਂ ਦੀਆਂ ਵੱਡੀਆਂ ਮੁਸ਼ਕਿਲਾਂ ਹਨ, ਇਸ ਦੇ ਬਾਵਜੂਦ ਕਿ ਉਨ੍ਹਾਂ ਕੋਲ ਬਹੁਤ ਵੱਡੇ ਫਾਰਮ ਵੀ ਹਨ ਅਤੇ ਇਸ ਤਰ੍ਹਾਂ ਕਰਜ਼ੇ ਤੋਂ ਪੀੜਤ ਵੀ ਨਹੀਂ। ਇਸ ਦੀ ਮੁੱਖ ਵਜ੍ਹਾ ਭਾਰਤ ਵਿੱਚ ਖੇਤੀ ’ਤੇ ਵਸੋਂ ਦਾ ਵੱਡਾ ਭਾਰ ਹੈ। ਅਜੇ ਵੀ ਭਾਰਤ ਦੀ 60 ਫ਼ੀਸਦੀ ਵਸੋਂ ਖੇਤੀ ’ਤੇ ਹੀ ਨਿਰਭਰ ਕਰ ਰਹੀ ਹੈ ਜਦਕਿ ਵਿਕਸਤ ਦੇਸ਼ਾਂ ਵਿੱਚ ਇਹ ਕਿਤੇ ਵੀ 5 ਫ਼ੀਸਦੀ ਤੋਂ ਵੱਧ ਨਹੀਂ। ਭਾਰਤ ਦਾ ਵਿਕਾਸ ਅਸਾਵਾਂ ਹੋਇਆ ਹੈ। ਕਿਸੇ ਖੇਤਰ ਵਿੱਚ ਵੱਡਾ ਉਦਯੋਗਿਕ ਵਿਕਾਸ ਹੋਇਆ ਹੈ ਜਦਕਿ ਕਿਸੇ ਵਿੱਚ ਬਿਲਕੁਲ ਨਹੀਂ। ਸ਼ਹਿਰੀ ਤੇ ਪੇਂਡੂ ਵਿਕਾਸ ਦਾ ਫ਼ਰਕ ਸਪਸ਼ਟ ਨਜ਼ਰ ਆਉਂਦਾ ਹੈ। ਪਿੰਡਾਂ ਦੇ ਲੋਕਾਂ ਨੂੰ ਵੀ ਰੁਜ਼ਗਾਰ ਲਈ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ। ਪਿੰਡਾਂ ਦੇ ਨੌਜਵਾਨਾਂ ਦੀ ਮਜਬੂਰੀ ਹੈ ਕਿ ਉਹ ਸ਼ਹਿਰਾਂ ਵਿੱਚ ਜਾ ਕੇ ਰੁਜ਼ਗਾਰ ਲੱਭਦੇ ਹਨ ਕਿਉਂ ਜੋ ਪਿੰਡਾਂ ਵਿੱਚ ਖੇਤੀ ਤੋਂ ਇਲਾਵਾ ਹੋਰ ਖੇਤਰਾਂ ਵਿੱਚ ਕੋਈ ਰੁਜ਼ਗਾਰ ਵਿਕਸਤ ਹੀ ਨਹੀਂ ਹੋਇਆ। ਭਾਰਤ ਵਿੱਚ ਸੱਠਵਿਆਂ ਦੇ ਅਖ਼ੀਰ ਵਿੱਚ ਆਏ ਹਰੇ ਇਨਕਲਾਬ ਨੇ ਕੁਝ ਥੋੜ੍ਹੇ ਸਮੇਂ ਵਾਸਤੇ ਕਿਸਾਨਾਂ ਨੂੰ ਵੱਡੀ ਰਾਹਤ ਪਹੁੰਚਾਈ ਸੀ ਪਰ ਇਸ ਹਰੇ ਇਨਕਲਾਬ ਵਿੱਚ ਆਸਾਨ ਕਰਜ਼ੇ ਦੀ ਵਿਵਸਥਾ ਕਰਕੇ ਕਰਜ਼ਾ ਵਾਧਾ ਵੀ ਉਸ ਹੀ ਵਕਤ ਸ਼ੁਰੂ ਹੋਇਆ ਸੀ। ਇਹ ਹਰਾ ਇਨਕਲਾਬ ਜ਼ਿਆਦਾਤਰ ਰਸਾਇਣਾਂ ਦੀ ਵਰਤੋਂ ’ਤੇ ਨਿਰਭਰ ਕੀਤਾ ਤੇ ਉਨ੍ਹਾਂ ਖੇਤਰਾਂ ਵਿੱਚ ਜ਼ਿਆਦਾ ਕਾਮਯਾਬ ਹੋਇਆ ਜਿਨ੍ਹਾਂ ਵਿੱਚ ਸਿੰਚਾਈ ਦੀਆਂ ਸਹੂਲਤਾਂ ਜ਼ਿਆਦਾ ਸਨ। ਇਹੋ ਕਾਰਨ ਸੀ ਕਿ ਪੰਜਾਬ, ਹਰਿਆਣਾ ਤੇ ਯੂਪੀ ਵਿੱਚ ਉਹ ਬਾਕੀ ਪ੍ਰਾਂਤਾਂ ਤੋਂ ਜ਼ਿਆਦਾ ਸਫਲ ਹੋਇਆ ਸੀ ਪਰ ਹਰੇ ਇਨਕਲਾਬ ਦਾ ਪ੍ਰਭਾਵ ਵੀ ਥੋੜ੍ਹੇ ਸਮੇਂ ਤੱਕ ਰਿਹਾ ਅਤੇ ਕੁਝ ਸਮੇਂ ਪਿੱਛੋਂ ਫਿਰ ਕਿਸਾਨ ਵਾਧੂ ਉਪਜ ਜਿਸ ਲਈ ਦਿਨ-ਬ-ਦਿਨ ਲਾਗਤ ਵਧਦੀ ਜਾਂਦੀ ਸੀ, ਉਸ ਰਾਹਤ ਤੋਂ ਵਾਂਝਿਆਂ ਹੁੰਦਾ ਗਿਆ ਤੇ ਫਿਰ ਆਰਥਿਕ ਮੁਸ਼ਕਿਲਾਂ ਵਿੱਚ ਘਿਰਦਾ ਗਿਆ।

ਕਿਸਾਨੀ ਦੀ ਕਮਜ਼ੋਰ ਆਰਥਿਕ ਹਾਲਤ ਦਾ ਸਿੱਟਾ ਸੀ ਕਿ ਪਿੱਛੇ ਜਿਹੇ ਹੋਏ ਇੱਕ ਸਰਵੇ ਵਿੱਚ ਇਹ ਰਿਪੋਰਟ ਆਈ ਸੀ ਕਿ 40 ਫ਼ੀਸਦੀ ਕਿਸਾਨ ਖੇਤੀਬਾੜੀ ਨੂੰ ਆਪਣੀ ਮਰਜ਼ੀ ਨਾਲ ਛੱਡਣਾ ਚਾਹੁੰਦੇ ਸਨ ਅਤੇ ਹੋਰ ਪੇਸ਼ੇ ਅਪਣਾਉਣਾ ਚਾਹੁੰਦੇ ਸਨ ਪਰ ਮੁਸ਼ਕਿਲ ਇਹ ਸੀ ਕਿ ਵਿਕਲਪਕ ਪੇਸ਼ੇ ਮਿਲਦੇ ਨਹੀਂ ਸਨ ਅਤੇ ਖ਼ਾਸ ਕਰਕੇ ਪਿੰਡਾਂ ਵਿੱਚ ਜਿੱਥੇ ਖੇਤੀ ਮੁੱਖ ਤੌਰ ’ਤੇ ਕੀਤੀ ਜਾਂਦੀ ਹੈ, ਉੱਥੇ ਤਾਂ ਵਿਕਲਪਕ ਪੇਸ਼ਿਆਂ ਦੀ ਵੱਡੀ ਘਾਟ ਹੈ। ਸੰਨ 2016 ਵਿੱਚ ਕਰਾਈਮ ਰਿਕਾਰਡ ਦੀ ਇੱਕ ਰਿਪੋਰਟ ਵਿੱਚ ਇਹ ਦੱਸਿਆ ਗਿਆ ਸੀ ਕਿ 1997 ਤੋਂ ਲੈ ਕੇ 2016 ਤੱਕ 5 ਲੱਖ ਖ਼ੁਦਕੁਸ਼ੀਆਂ ਭਾਰਤ ਦੇ ਪੇਂਡੂ ਖੇਤਰਾਂ ਵਿੱਚ ਕਿਸਾਨੀ ਕਰਜ਼ੇ ਦੀ ਵਜ੍ਹਾ ਕਰ ਕੇ ਹੋਈਆਂ। ਭਾਵੇਂ ਪੰਜਾਬ ਬਹੁਤ ਵਿਕਸਤ ਹੈ ਜਿੱਥੇ ਭਾਰਤ ਦੇ ਸਾਰੇ ਪ੍ਰਾਂਤਾਂ ਤੋਂ ਵੱਧ 28 ਫ਼ੀਸਦੀ ਕੁੱਲ ਘਰੇਲੂ ਉਤਪਾਦਨ ਖੇਤੀ ਖੇਤਰ ਵਿੱਚ ਹਿੱਸਾ ਪਾਉਂਦਾ ਹੈ ਪਰ ਫਿਰ ਵੀ ਇਸ ਹੀ ਸਮੇਂ ਵਿੱਚ ਪੰਜਾਬ ਵਿੱਚ 3954 ਕਿਸਾਨਾਂ ਅਤੇ 2972 ਖੇਤੀ ਕਿਰਤੀਆਂ ਦੀਆਂ ਖ਼ੁਦਕੁਸ਼ੀਆਂ ਹੋਈਆਂ ਸਨ। ਪੰਜਾਬੀ ਯੂਨੀਵਰਸਿਟੀ ਨੇ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਲਈ ਇੱਕ ਸਰਵੇ ਕੀਤਾ ਸੀ ਜਿਸ ਵਿੱਚ ਦੱਸਿਆ ਗਿਆ ਸੀ ਕਿ ਪੰਜਾਬ ਦੇ 85.9 ਫ਼ੀਸਦੀ ਕਿਸਾਨ ਕਰਜ਼ੇ ਦੇ ਭਾਰ ਥੱਲੇ ਦੱਬੇ ਹੋਏ ਹਨ। ਕਿਸਾਨ ਘਰਾਂ ਵਿੱਚ 5.50 ਲੱਖ ਰੁਪਏ ਦਾ ਪ੍ਰਤੀ ਘਰ ਔਸਤ ਕਰਜ਼ਾ ਹੈ।

ਇਸ ਰਿਪੋਰਟ ਵਿੱਚ ਇੱਕ ਹੋਰ ਤੱਥ ਸਾਹਮਣੇ ਆਇਆ। ਕਰਜ਼ੇ ਅਤੇ ਭੂਮੀ ਜੋਤ ਦੇ ਆਕਾਰ ਦਾ ਆਪਸ ਵਿੱਚ ਵੱਡਾ ਸਬੰਧ ਹੈ ਜਿਸ ਦਾ ਅਰਥ ਹੈ ਕਿ ਜੇ ਕਿਸੇ ਕੋਲ ਭੂਮੀ ਜ਼ਿਆਦਾ ਹੈ ਤਾਂ ਉਸ ਸਿਰ ਕਰਜ਼ਾ ਵੀ ਜ਼ਿਆਦਾ ਹੈ ਜਿਹੜਾ ਕਿਸਾਨ ਦੀ ਕਰਜ਼ਾ ਲੈਣ ਦੀ ਸਮਰੱਥਾ ’ਤੇ ਨਿਰਭਰ ਕਰਦਾ ਹੈ। ਉਸ ਰਿਪੋਰਟ ਵਿੱਚ ਇਹ ਗੱਲ ਦੱਸੀ ਗਈ ਕਿ ਸੀਮਾਂਤ ਕਿਸਾਨ (2.5 ਏਕੜ ਤੋਂ ਘੱਟ) ਘਰਾਂ ਵਿੱਚ ਕਰਜ਼ਾ 2.76 ਲੱਖ ਰੁਪਏ ਹੈ ਜਦਕਿ ਵੱਡੇ ਪੈਮਾਨੇ ’ਤੇ ਕਿਸਾਨ ਘਰਾਂ ਵਿੱਚ ਜਿਨ੍ਹਾਂ ਦੀ ਜ਼ਮੀਨ 15 ਏਕੜ ਤੋਂ ਵੱਧ ਹੈ, ਉਨ੍ਹਾਂ ਸਿਰ 16.37 ਲੱਖ ਰੁਪਏ ਦਾ ਕਰਜ਼ਾ ਹੈ ਜਦਕਿ ਦਰਮਿਆਨੇ ਕਿਸਾਨ ਜਿਨ੍ਹਾਂ ਕੋਲ 10 ਏਕੜ ਭੂਮੀ ਹੈ, ਉਨ੍ਹਾਂ ਸਿਰ 6.84 ਲੱਖ ਰੁਪਏ ਦਾ ਕਰਜ਼ਾ ਹੈ ਅਤੇ 5 ਏਕੜ ਤੋਂ ਘੱਟ ਭੂਮੀ ਵਾਲੇ ਕਿਸਾਨਾਂ ਸਿਰ 5.57 ਲੱਖ ਰੁਪਏ ਦਾ ਕਰਜ਼ਾ ਹੈ। ਇਸ ਤਰ੍ਹਾਂ ਹੀ ਖੇਤੀ ਕਿਰਤੀਆਂ ਵਿੱਚ 80 ਫ਼ੀਸਦੀ ਕਿਰਤੀ ਕਰਜ਼ੇ ਦੇ ਬੋਝ ਥੱਲੇ ਹਨ ਪਰ ਉਨ੍ਹਾਂ ਸਿਰ ਪ੍ਰਤੀ ਘਰ 68330 ਰੁਪਏ ਕਰਜ਼ਾ ਹੈ। ਪਰ ਕਿਰਤੀਆਂ ਵਿੱਚੋਂ 92 ਫ਼ੀਸਦੀ ਗ਼ੈਰ-ਸੰਸਥਾਵਾਂ ਕੋਲੋਂ ਕਰਜ਼ਾ ਲੈਂਦੇ ਹਨ ਜਿਸ ਲਈ ਉਹੀ ਵਿਆਜ ਦਰ ਦਿੱਤੀ ਜਾਂਦੀ ਹੈ। (ਬਾਕੀ ਸਫ਼ਾ 31 ’ਤੇ)

# ਮੁੱਦਿਆਂ ਰਹਿਤ ਰਹੇਗੀ ਲੋਕ ਸਭਾ ਚੋਣ



ਗੁਰਮੀਤ ਸਿੰਘ ਪਲਾਹੀ
9815802070

ਦੇਸ਼ ਵਿੱਚ ਵਿਰੋਧੀਆਂ ਨੂੰ ਨੁਕਰੇ ਲਾਕੇ ਲੋਕ ਸਭਾ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰਨ ਦੇ ਮੌਜੂਦਾ ਹਾਕਮ ਧਿਰ ਦੇ ਯਤਨ ਲਗਾਤਾਰ ਜਾਰੀ ਹਨ। ‘ਕਾਂਗਰਸ ਮੁਕਤ’ ਭਾਰਤ ਦੇ ਵਿਚਾਰਾਂ ਤੋਂ ਅੱਗੇ ਤੁਰਦਿਆਂ, ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਦੇਸ਼ ਨੂੰ ‘ਆਪੋਜ਼ੀਸ਼ਨ ਮੁਕਤ ਭਾਰਤ’ ਬਨਾਉਣ ਦੀ ਮੁਹਿੰਮ ਆਰੰਭੀ ਹੋਈ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪਿਛਲੇ ਦਿਨੀਂ ਜੇਲ੍ਹ ਭੇਜ ਦਿੱਤੇ ਗਏ ਹਨ। ਉਹਨਾਂ ਨੂੰ ਕੇਂਦਰੀ ਏਜੰਸੀ ਈਡੀ (ਇਨਫ਼ੋਰਸਮੈਂਟ ਡਿਪਾਰਟਮੈਂਟ) ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੁਰੇਨ ਪਹਿਲਾਂ ਹੀ ਜੇਲ੍ਹ ਵਿੱਚ ਹਨ। ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣ ਤਾਰੀਖਾਂ ਮਿੱਥਣ ਉਪਰੰਤ ਕੀ ਨੇਤਾਵਾਂ ਨੂੰ ਜੇਲ੍ਹੀਂ ਡੱਕਣਾ ਜਾਇਜ਼ ਹੈ ? ਇਹ ਸਵਾਲ ਲਗਾਤਾਰ ਉੱਠ ਰਹੇ ਹਨ।

ਈ.ਡੀ. ਵੱਲੋਂ ਇੱਕ ਬਿਆਨ ਜਾਰੀ ਕੀਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਦਿੱਲੀ ਸ਼ਰਾਬ ਘੁਟਾਲੇ ਦਾ ਮੁੱਖ ਦੋਸ਼ੀ ਅਰਵਿੰਦ ਕੇਜਰੀਵਾਲ ਹੈ। ਦੇਸ਼ ਦੀ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਵੀ ਕਿਹਾ ਸੀ ਕਿ ਇਸ ਸ਼ਰਾਬ ਘੁਟਾਲੇ ਵਿੱਚ 300 ਕਰੋੜ ਤੋਂ ਵੱਧ ਦਾ ਲੈਣ-ਦੇਣ ਹੋਇਆ ਹੈ। ਆਮ ਆਦਮੀ ਪਾਰਟੀ, ਕਾਂਗਰਸ, ਆਰ.ਜੇ.ਡੀ. ਅਤੇ ਕਈ ਹੋਰ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਕੇਂਦਰੀ ਏਜੰਸੀਆਂ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕਾਰਵਾਈਆਂ ਕਰ ਰਹੀਆਂ ਹਨ ਜਾਂ ਉਹਨਾਂ ਨੂੰ ਗ੍ਰਿਫ਼ਤਾਰ ਕਰਦੀਆਂ ਹਨ ਪਰ ਸੱਤਾਧਾਰੀ ਭਾਜਪਾ ਦੇ ਆਗੂਆਂ ਵਿਰੁੱਧ ਉਹ ਕੋਈ ਅਜਿਹੀ ਕਾਰਵਾਈ ਨਹੀਂ ਕਰਦੀਆਂ।

ਇੱਕ ਅਨੁਮਾਨ ਅਨੁਸਾਰ ਭ੍ਰਿਸ਼ਟਾਚਾਰ ਦੀਆਂ ਕਾਰਵਾਈਆਂ ਰੋਕਣ ਸਬੰਧੀ ਕੇਂਦਰੀ ਏਜੰਸੀਆਂ ਵੱਲੋਂ ਦਰਜ ਕੀਤੇ ਕੁੱਲ ਕੇਸਾਂ ਵਿਚੋਂ 95 ਫ਼ੀਸਦੀ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਹੀ ਹਨ। ਇੰਝ ਭਾਜਪਾ ਵੱਲੋਂ ਵਿਰੋਧੀ ਪਾਰਟੀਆਂ ਨੂੰ ਭ੍ਰਿਸ਼ਟਾਚਾਰੀ, ਨਿਕੰਮੀਆਂ ਅਤੇ ਵਿਕਾਸ ਦੀਆਂ ਦੋਖੀ ਗਰਦਾਨਕੇ, ਲੋਕ ਕਟਿਹਰੇ ’ਚ ਉਹਨਾਂ ਦੀ ਦਿੱਖ ਖਰਾਬ ਕਰਨ ਲਈ ਪੂਰਾ ਟਿੱਲ ਲਾਇਆ ਜਾ ਰਿਹਾ ਹੈ।

ਦੂਜੇ ਪਾਸੇ ਦੇਸ਼ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਚੋਣ ਬਾਂਡ ਮਾਮਲੇ ਸਬੰਧੀ ਵੱਡੇ ਸਵਾਲ ਖੜੇ ਕੀਤੇ ਹਨ, ਕਿਉਂਕਿ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਚੋਣ ਬਾਂਡ ਸਬੰਧੀ ਭਾਜਪਾ ਨਿਸ਼ਾਨੇ ’ਤੇ ਰਹੀ। ਕਾਂਗਰਸ ਨੇ ਦੋਸ਼ ਲਾਇਆ ਕਿ ਚੋਣ ਬਾਂਡ ’ਚ ਘੁਟਾਲਾ ਹੋਇਆ ਹੈ ਅਤੇ ਇਹ ਚਾਰ ਤਰੀਕਿਆਂ ਨਾਲ ਕੀਤਾ ਗਿਆ ਹੈ। ਕਾਂਗਰਸ ਨੇਤਾਵਾਂ ਮੁਤਾਬਕ ਪਹਿਲਾ ਤਰੀਕਾ ‘ਚੰਦਾ ਦਿਓ, ਧੰਦਾ ਲਓ’ ਸੀ, ਭਾਵ ਇਹ ਪ੍ਰੀਪੇਡ ਰਿਸ਼ਵਤ ਸੀ। ਦੂਜਾ ਤਰੀਕਾ ‘ਠੇਕਾ ਲਓ, ਰਿਸ਼ਵਤ ਦਿਓ’ ਸੀ। ਇਹ ‘ਪੋਸਟਪੇਡ’ ਰਿਸ਼ਵਤ ਸੀ । ਤੀਜਾ ਤਰੀਕਾ ‘ਹਫ਼ਤਾ ਵਸੂਲੀ’ ਦਾ ਸੀ, ਯਾਨੀ ਛਾਪੇ ਮਾਰਨ ਤੋਂ ਬਾਅਦ ਰਿਸ਼ਵਤ। ਚੌਥਾ ਤਰੀਕਾ ਫ਼ਰਜ਼ੀ ਕੰਪਨੀਆਂ ਦਾ ਸੀ। ਕਾਂਗਰਸੀ ਦਾਅਵਾ ਕਰਦੇ ਹਨ ਕਿ 30 ਅਜਿਹੇ ਕਾਰਪੋਰੇਟ ਗਰੁੱਪਾਂ ਨੇ ਚੋਣ ਬਾਂਡ ਰਾਹੀਂ ਚੰਦਾ ਦਿੱਤਾ ਹੈ, ਜਿਹਨਾਂ ਨੂੰ ਕੇਂਦਰ ਜਾਂ ਭਾਜਪਾ ਦੀਆਂ ਸੂਬਾ ਸਰਕਾਰਾਂ ਤੋਂ 179 ਮੁੱਖ ਪ੍ਰਾਜੈਕਟ ਮਿਲੇ ਹਨ। ਕਾਂਗਰਸ ਦਾ ਦੋਸ਼ ਹੈ ਕਿ ਹਾਕਮ ਧਿਰ ਭ੍ਰਿਸ਼ਟਾਚਾਰ ਨੂੰ ਕਾਨੂੰਨੀ ਬਣਾ ਰਿਹਾ ਹੈ ਤੇ ਇਸ ਨੂੰ ਲੁਕਾਉਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ।

ਦੋਵੇਂ ਭੱਖਦੇ ਮਾਮਲਿਆਂ ਸਬੰਧੀ ਹਾਕਮ ਧਿਰ ਅਤੇ ਵਿਰੋਧੀ ਧਿਰ ਗੁੱਥਮ-ਗੁੱਥਾ ਹਨ ਅਤੇ ਇੱਕ-ਦੂਜੇ ਉਤੇ ਚਿੱਕੜ ਸੁੱਟ ਰਹੀਆਂ ਹਨ। ਭਾਵੇਂ ਕਿ ਹਮਾਮ ਵਿੱਚ ਸਭ ਕੁਝ ਨੰਗਾ ਹੀ ਨੰਗਾ ਹੈ।

ਆਮ ਤੌਰ ’ਤੇ ਚੋਣ ਸਮੇਂ ਦੌਰਾਨ ਸਿਆਸੀ ਪਾਰਟੀਆਂ ਆਪਣੇ ਮੈਨੀਫ਼ੈਸਟੋ ਜਾਰੀ ਕਰਦੀਆਂ ਹਨ। ਹਾਕਮ ਧਿਰ ਆਪਣੀਆਂ ਪ੍ਰਾਪਤੀਆਂ ਨੂੰ ਲੋਕਾਂ ਸਾਹਵੇਂ ਪੇਸ਼ ਕਰਦੀਆਂ ਹਨ ਅਤੇ ਤਵੱਕੋ ਰੱਖਦੀਆਂ ਹਨ ਕਿ ਲੋਕ ਉਹਨਾਂ ਨੂੰ ਵੋਟ ਪਾਉਣ। ਆਪੋਜ਼ੀਸ਼ਨ, ਹਾਕਮ ਧਿਰ ਦੀ ਅਲੋਚਨਾ ਕਰਦੀ ਹੈ, ਉਸ ਵੱਲੋਂ ਕੀਤੇ ਗਲਤ ਕੰਮਾਂ ਦੀ ਵਿਆਖਿਆ ਕਰਦੀ ਹੈ। ਲੋਕ ਮੁੱਦੇ ਉਠਾਉਂਦੀ ਹੈ ਅਤੇ ਵੋਟਾਂ ਦੀ ਮੰਗ ਕਰਦੀ ਹੈ।

ਪਰ ਅੱਜ ਸਥਿਤੀ ਕੀ ਹੈ ? ਭਾਜਪਾ ਵਿਕਾਸ ਅਤੇ ਤਬਦੀਲੀ ਦੇ ਨਾਂਅ ਉਤੇ ਵੋਟਾਂ ਮੰਗਣ ਤੋਂ ਪਹਿਲਾਂ ਧਰਮ ਅਧਾਰਿਤ ਰਾਜਨੀਤੀ ਦਾ ਪੱਤਾ ਸੁੱਟ ਚੁੱਕੀ ਹੈ। ਉਸ ਵੱਲੋਂ ਅਯੋਧਿਆ ਮੰਦਰ ਦੇ ਨਿਰਮਾਣ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਿਆ ਜਾ ਰਿਹਾ ਹੈ। ਧਾਰਾ 370 ਦੇ ਖ਼ਾਤਮੇ, ਸੀ.ਏ.ਏ.(ਨਾਗਰਿਕ ਕਾਨੂੰਨ) ਨੂੰ ਲਾਗੂ ਕਰਨ ਨੂੰ ਲੋਕ ਹਿੱਤ ’ਚ ਕਿਹਾ ਜਾ ਰਿਹਾ ਹੈ।

ਨਰਿੰਦਰ ਮੋਦੀ ਪ੍ਰਧਾਨ ਮੰਤਰੀ ਵੱਲੋਂ ਵੋਟਾਂ ਲੈਣ ਲਈ ‘ਗਰੰਟੀਆਂ ਦੇਣ ਦਾ ਕਾਰੋਬਾਰ’ ਹਰ ਪੱਧਰ ਉਤੇ ਭਾਵ ਪਾਰਟੀ ਪੱਧਰ, ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਅਤੇ ਇਸ਼ਤਿਹਾਰਾਂ ਰਾਹੀਂ ਧੂੰਆਧਾਰ ਢੰਗ ਨਾਲ ਪ੍ਰਚਾਰਿਆ ਜਾ ਰਿਹਾ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ 80 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਦਿੱਤਾ ਜਾ ਰਿਹਾ ਹੈ। ਕਿ ਭਾਰਤ ਵਿਸ਼ਵਗੁਰੂ ਬਣ ਰਿਹਾ ਹੈ। ਪਰ ਗਰੀਬੀ, ਬੇਰੁਜ਼ਗਾਰੀ, ਅਸਮਾਨਤਾ, ਸਬੰਧੀ ਭਾਜਪਾ ਦੀ ਚੁੱਪੀ ਰੜਕਦੀ ਹੈ। ਕੀ ਦੇਸ਼ ਵਿੱਚ ਵਿਕਾਸ ਤੇ ਪਰਿਵਰਤਨ ਦਿਖਦਾ ਹੈ। ਰਤਾ ਪੇਂਡੂ ਭਾਰਤ ਦੀ ਇੱਕ ਝਾਤੀ ਤਾਂ ਮਾਰੋ। ਹਾਂ ਸੜਕਾਂ ਬਣੀਆਂ ਹਨ, ਇੰਟਰਨੈਟ ਨੇ ਧੁੰਮ ਮਚਾ ਰੱਖੀ ਹੈ। ਪਰ ਗਰੀਬੀ ਰੇਖਾ ਤੋਂ ਥੱਲੇ ਵਾਲੇ ਲੋਕ ਦੋ ਅਮਰੀਕੀ ਡਾਲਰ(160 ਰੁਪਏ) ਨਾਲ ਹੀ ਜੀਵਨ ਵਸਰ ਕਰਦੇ ਹਨ।

ਇੱਕ ਕੌਮਾਂਤਰੀ ਅਧਿਐਨ ਅਨੁਸਾਰ ਭਾਰਤ ਦੇ ਇੱਕ ਫ਼ੀਸਦੀ ਧਨਾਢਾਂ ਕੋਲ 40 ਫ਼ੀਸਦੀ ਦੌਲਤ ਹੈ। ਅਰਬਪਤੀ ਵਿਅਕਤੀਆਂ ਦੀ ਗਿਣਤੀ ’ਚ ਵਾਧਾ ਹੋਇਆ ਹੈ। ਸਾਲ 1991 ’ਚ ਅਰਬਪਤੀਆਂ ਦੀ ਗਿਣਤੀ ਸਿਰਫ਼ ਇੱਕ ਸੀ ਜੋ 2022 ’ਚ ਵਧਕੇ 162 ਹੋ ਗਈ। ਭਾਰਤ ਦੇ 10,000 ਸਭ ਤੋਂ ਅਮੀਰ ਵਿਅਕਤੀਆਂ ਕੋਲ ਔਸਤਨ 2260 ਕਰੋੜ ਰੁਪਏ ਦੀ ਧਨ ਸੰਪਤੀ ਹੈ, ਜੋ ਦੇਸ਼ ਦੀ ਔਸਤ ਪ੍ਰਤੀ ਜੀਅ ਦੀ ਸੰਪਤੀ ਦਾ 16,763 ਗੁਣਾ ਹੈ। ਇਸ ਤਰ੍ਹਾਂ ਦੀ ਅਸਮਾਨਤਾ ਦਾ ਦੌਰ ਭਾਜਪਾ ਰਾਜ ’ਚ ਸਭ ਤੋਂ ਵੱਧ ਹੈ।

ਕਾਂਗਰਸ ਇਸ ਸਬੰਧੀ ਕਿੰਤੂ ਪਰੰਤੂ ਕਰਦਿਆਂ ਇਹ ਤਾਂ ਆਖਦੀ ਹੈ ਕਿ ਅੱਜ ਦਾ ਰਾਜ, ਅਰਬਪਤੀ ਰਾਜ ਹੈ ਅਤੇ ਬਰਤਾਨੀਆਂ ਰਾਜ ਨਾਲੋਂ ਵਧੇਰੇ ਨਾ ਬਰਾਬਰੀ ਵਾਲਾ ਹੈ, ਪਰ ਗਰੀਬੀ, ਅਸਮਾਨਤਾ, ਬੇਰੁਜ਼ਗਾਰੀ ਰੋਕਣ ਲਈ ਵਿਰੋਧੀ ਧਿਰ ਵਜੋਂ ਉਸਨੇ ਲੋਕ ਸਭਾ ਜਾਂ ਸੂਬਿਆਂ ਦੀ ਵਿਰੋਧੀ ਧਿਰ ’ਚ ਬੈਠਕੇ ਕੀ ਰੋਲ ਅਦਾ ਕੀਤਾ ? ਕੀ ਉਸ ਵੱਲੋਂ ਦੇਸ਼ ’ਚ ਲੋਕਾਂ ਦੇ ਮਸਲਿਆਂ ਸਬੰਧੀ ਲੋਕ ਲਹਿਰ ਚਲਾਈ ? ਲੋਕਾਂ ਨੂੰ ਉਹਨਾਂ ਨਾਲ ਹੁੰਦੀ ਬੇਇਨਸਾਫ਼ੀ ਪ੍ਰਤੀ ਜਾਗਰੂਕ ਕੀਤਾ ? ਹਜ਼ਾਰਾਂ ਬੁੱਧੀਜੀਵੀ ਜੇਲ੍ਹਾਂ ਅੰਦਰ ਡੱਕ ਦਿੱਤੇ ਗਏ। ਦੇਸ਼ ’ਚ ਬੁਲਡੋਜ਼ਰ ਦੀ ਨੀਤੀ ਅਪਨਾਈ ਗਈ। ਕਾਂਗਰਸ ਨੇ ਵਿਰੋਧ ’ਚ ਦੇਸ਼ ਵਿਆਪੀ ਕੋਈ ਅੰਦੋਲਨ ਛੇੜਿਆ ? ਸਿਰਫ਼ ਲੋਕ ਸਭਾ ’ਚ ਕੁਝ ਮੁੱਦੇ ਚੁੱਕ ਕੇ ਅਤੇ ਬਾਈਕਾਟ ਕਰਕੇ ਹੀ ਉਹ ਆਪਣਾ ਵਿਰੋਧੀ ਧਿਰ ਦਾ ਰੋਲ ਅਦਾ ਕੀਤੇ ਜਾਣ ਨੂੰ ਹੀ ਪੂਰਿਆਂ ਹੋ ਗਿਆ ਸਮਝਦੀ ਹੈ ?

ਕੀ ਦੇਸ਼ ਵਿਚੋਂ ਆਰਥਿਕਤਾ ਦਾ ਮੁੱਦਾ ਮੁੱਕ ਗਿਆ ਹੈ ? ਕੀ ਸਿਹਤ ਤੇ ਸਿੱਖਿਆ ਨਾਲ ਸਬੰਧਤ ਮੁੱਦੇ ਖ਼ਤਮ ਹੋ ਗਏ ਹਨ। ਦੇਸ਼ ’ਚ ਅੱਛੀ ਸਿੱਖਿਆ ਨਹੀਂ। ਆਧੁਨਿਕ ਸਿਹਤ ਸਹੂਲਤਾਂ ਨਹੀਂ। ਕਰੋਨਾ ਕਾਲ ’ਚ ਲੋਕਾਂ ਦੀ ਹੋਈ ਦੁਰਦਸ਼ਾ ਹਾਲੇ ਵੀ ਲੋਕ ਚੇਤਿਆਂ ’ਚ ਹੈ। ਲੋਕਾਂ ਨੂੰ ਰੁਜ਼ਗਾਰ ਲਈ ਆਪਣੇ ਘਰ ਛੱਡਕੇ ਦੂਰ ਸ਼ਹਿਰਾਂ ’ਚ ਜਾਣਾ ਪੈਂਦਾ ਹੈ, ਕੀ ਇਹ ਆਪੋਜ਼ੀਸ਼ਨ ਕੋਲ ਵੱਡਾ ਮੁੱਦਾ ਨਹੀਂ ? ਕੀ ਕੁਦਰਤੀ ਸੋਮਿਆਂ ਦੀ ਲੁੱਟ ਅਤੇ ਵਾਤਾਵਰਨ ਨਾਲ ਸਬੰਧਿਤ ਮੁੱਦੇ ਉਠਾਉਣਾ ਹੁਣ ਤਰਕਸੰਗਤ ਨਹੀਂ ਰਿਹਾ ? ਕੀ ਨਸ਼ਿਆਂ, ਗੈਂਗਸਟਰਾਂ, ਮਾਫ਼ੀਏ ਦੀ ਗੱਲ ਕਰਨੀ ਸਿਆਸਤਦਾਨ ਭੁੱਲੀ ਬੈਠੇ ਹਨ ? ਉਂਜ ਭੁੱਲਣ ਵੀ ਕਿਉਂ ਨਾ ਵੱਡੀ ਗਿਣਤੀ ’ਚ ਮਾਫ਼ੀਏ, ਨਸ਼ਿਆਂ ਦੇ ਵਪਾਰੀਆਂ ਦੇ ਭਾਈਵਾਲ ਤਾਂ (ਬਾਕੀ ਸਫ਼ਾ 31 ’ਤੇ)

# ਜ਼ਹਿਰੀਲੀ ਸ਼ਰਾਬ ਦਾ ਦੁਖਾਂਤ







## ਪੰਜਾਬ ਵਿੱਚ ਸਕੂਲਾਂ ਨਾਲੋਂ ਠੇਕਿਆਂ ਦੀ ਗਿਣਤੀ ਜ਼ਿਆਦਾ

ਪੰਜਾਬ ਦੇ ਦ੍ਵਿੜਬਾ ਨੇੜਲੇ ਪਿੰਡ ਗੁੱਜਰਾ ਵਿੱਚ ਲੰਘੇ ਦਿਨੀਂ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਕੁਝ ਵਿਅਕਤੀਆਂ ਦੀ ਮੌਤ ਅਤੇ ਕਈ ਵਿਅਕਤੀਆਂ ਦੇ ਬਿਮਾਰ ਹੋਣ ਦੀ ਖ਼ਬਰ ਨੇ ਜ਼ਹਿਰੀਲੀ ਸ਼ਰਾਬ ਦੇ ਦੁਖਾਂਤ ਨੂੰ ਇੱਕ ਵਾਰ ਫੇਰ ਉਜਾਗਰ ਕੀਤਾ ਹੈ। ਇਸ ਤੋਂ ਪਹਿਲਾਂ ਵੀ ਪਿਛਲੇ ਸਮੇਂ ਦੌਰਾਨ ਸ਼ਰਾਬ ਕਾਰਨ ਕਈ ਪਿੰਡਾਂ, ਸ਼ਹਿਰਾਂ, ਕਸਬਿਆਂ ਵਿੱਚ ਅਨੇਕਾਂ ਸੱਥਰ ਵਿਛ ਚੁੱਕੇ ਨੇ, ਮਾਤਮ ਛਾ ਚੁਕਿਐ, ਵੈਣ ਪੈ ਚੁੱਕੇ ਨੇ । ਸ਼ਰਾਬ ਕਾਰਨ ਅਨੇਕਾਂ ਹੀ ਚੂੜੇ ਵਾਲੀਆਂ ਮੁਟਿਆਰਾਂ ਹੱਥਾਂ ਤੋਂ ਸ਼ਗਨਾਂ ਦੀ ਮਹਿੰਦੀ ਉੱਤਰਨ ਤੋਂ ਪਹਿਲਾਂ ਹੀ ਵਿਧਵਾ ਹੋ ਚੁੱਕੀਆਂ ਨੇ। ਅਨੇਕਾਂ ਹੀ ਭੈਣਾਂ ਦੇ ਨੌਜਵਾਨ ਵੀਰ ਇਸ ਸ਼ਰਾਬ ਦੀ ਬੋਤਲ ਵਿੱਚ ਹੀ ਡੁੱਬ ਮੋਏ ਹਨ। ਇਹ ਸ਼ਰਾਬ ਹੀ ਹੈ, ਜਿਸ ਨੂੰ ਪੀ ਕੇ ਅਨੇਕਾਂ ਹੀ ਵਿਅਕਤੀ ਆਪਣੇ ਬੱਚਿਆਂ ਨੂੰ ਲਾਵਾਰਸ ਛੱਡ ਹਮੇਸ਼ਾ ਲਈ ਇਸ ਦੁਨੀਆਂ ਤੋਂ ਤੁਰ ਗਏ ਨੇ।

ਭਾਵੇਂ ਕਿ ਸ਼ਰਾਬ ਕਾਰਨ ਅਨੇਕਾਂ ਦੁਖਾਂਤ ਵਰਤ ਚੁੱਕੇ ਹਨ ਪਰ ਸਰਕਾਰਾਂ ਲਈ ਸ਼ਰਾਬ ਦਾ ਧੰਦਾ ਇੱਕ ਲਾਹੇਵੰਦ ਕਿੱਤਾ ਬਣ ਚੁੱਕਿਆ ਹੈ। ਇਹਨਾਂ ਸਰਕਾਰਾਂ ਨੇ ਸੂਬਿਆਂ ਵਿੱਚ ਸ਼ਰਾਬਬੰਦੀ ਤਾਂ ਕੀ ਕਰਨੀ ਸੀ ਸਗੋਂ ਇਸ ਧੰਦੇ ਨੂੰ ਆਪਣੀ ਮੋਟੀ ਕਮਾਈ ਦਾ ਸਾਧਨ ਬਣਾਇਆ ਹੋਇਆ ਹੈ। ਇਸੇ ਕਾਰਨ ਹੀ ਪੰਜ ਦਰਿਆਵਾਂ ਦੀ ਧਰਤੀ ਪੰਜਾਬ ’ਤੇ ਸ਼ਰਾਬ ਦਾ ਛੇਵਾਂ ਦਰਿਆ ਵਹਿ ਰਿਹਾ ਹੈ।

ਇਹ ਸ਼ਰਾਬ ਹੀ ਹੈ ਜਿਸ ਕਾਰਨ ਕਈ ਘਰਾਂ ਵਿੱਚ ਚੁੱਲ੍ਹਾ ਵੀ ਨਹੀਂ ਜਲਦਾ, ਅਜਿਹੇ ਘਰਾਂ ਦਾ ਮਾਲਕ ਆਪਣੀ ਦਿਹਾੜੀ ਜਾਂ ਦਿਨ ਭਰ ਦੀ ਕਮਾਈ ਦੀ ਦਾਰੂ ਪੀ ਜਾਂਦੈ, ਪਤਨੀ ਵੱਲੋਂ ਪੈਸੇ ਮੰਗਣ ’ਤੇ ਉਸ ਦੀ ਕੁੱਟਮਾਰ ਕਰਦੈ। ਇਹ ਕੁਝ ਹਰ ਸ਼ਹਿਰ, ਪਿੰਡ , ਕਸਬੇ ਵਿੱਚ ਹਰ ਦਿਨ ਹੀ ਸਾਨੂੰ ਵੇਖਣ ਨੂੰ ਮਿਲ ਜਾਂਦੈ। ਪੰਜਾਬ ਵਿੱਚ ਤਾਂ ਹਾਲ ਇਹ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਉੱਪਰ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਛੇਵਾਂ ਦਰਿਆ ਹੀ ਵਹਿ ਰਿਹਾ ਹੈ। ਇਸ ਨਸ਼ੀਲੇ ਦਰਿਆ ਵਿੱਚ ਨੌਜਵਾਨਾਂ ਤੇ ਅੱਧਖੜ ਉਮਰ ਦੇ ਬੰਦਿਆਂ ਤੋਂ ਲੈ ਕੇ ਸਕੂਲੀ ਬੱਚੇ ਵੀ ਡੁੱਬ ਮੋਏ ਹਨ। ਇਸ ਨਸ਼ੀਲੇ ਦਰਿਆ ਵਿੱਚ ਤਾਂ ਹੁਣ ਕੁੜੀਆਂ ਵੀ ਤਾਰੀ ਲਗਾਉਣ ਲੱਗ ਪਈਆਂ ਨੇ, ਉਹਨਾਂ ਨੂੰ ਇਹ ਨਹੀਂ ਪਤਾ ਕਿ ਜੋ ਵਿਅਕਤੀ ਇਸ ਦਰਿਆ ਵਿੱਚ ਤਾਰੀ ਲਗਾਉਣ ਲਈ ਉੱਤਰਿਆ ਤਾਂ ਉਹ ਮੁੜ੍ਹਕੇ ਇਸ ਦਰਿਆ ਵਿਚੋਂ ਬਾਹਰ ਹੀ ਨਹੀਂ ਨਿਕਲ ਸਕਿਆ। ਇਸ ਨਸ਼ੀਲੇ ਦਰਿਆ ਦਾ ਇੱਕ ਘੁੱਟ ਪਾਣੀ ਵੀ ਜਿਸ ਨੇ ਪੀ ਲਿਆ, ਉਹ ਫਿਰ ਇਸ ਦਰਿਆ ਜੋਗਾ ਹੀ ਹੋ ਕੇ ਰਹਿ ਗਿਆ।



ਜਿਥੋਂ ਤੱਕ ਸਰਕਾਰ ਦਾ ਸਵਾਲ ਹੈ ਤਾਂ ਉਸਨੇ ਸ਼ਰਾਬ ਉਪਰ ਪਾਬੰਦੀ ਤਾਂ ਕੀ ਲਾਉਣੀ ਸੀ ਸਗੋਂ ਹਰ ਸਾਲ ਹੀ ਉਹ ਸ਼ਰਾਬ ਦੇ ਸਿਰੋਂ ਲੱਖਾਂ ਕਰੋੜਾਂ ਦਾ ਮਾਲੀਆ ਇਕੱਠਾ ਕਰਦੀ ਹੈ । ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਦੇਸੀ ਸ਼ਰਾਬ ਦਾ ਉਤਪਾਦਨ 1993 ਵਿੱਚ 17 ਹਜ਼ਾਰ 657 ਲੀਟਰ ਸੀ, ਜੋ ਕਿ 2010 ਵਿੱਚ ਵੱਧ ਕੇ 29 ਹਜ਼ਾਰ 445 ਲੀਟਰ ਹੋ ਗਿਆ। ਇਸ ਤਰਾਂ ਦੇਸੀ ਸ਼ਰਾਬ ਦੇ ਉਤਪਾਦਨ ਵਿੱਚ 66-77 ਫੀਸਦੀ ਦਾ ਵਾਧਾ ਹੋਇਆ ਜਦੋਂ ਕਿ ਇਸ ਦੇ ਉਲਟ ਬਚਿਆਂ ਦੇ ਖਾਣ ਲਈ ਬਣਨ ਵਾਲੇ ਪਦਾਰਥਾਂ ਵਿੱਚ ਸਿਰਫ਼ 60 ਫੀਸਦੀ ਦਾ ਵਾਧਾ ਹੋਇਆ। ਪੰਜਾਬ ਵਿੱਚ ਬੀਅਰ ਦਾ ਉਤਪਾਦਨ ਵੀ ਨਵੇਂ ਰਿਕਾਰਡ ਪੈਦਾ ਕਰ ਚੁੱਕਿਆ ਹੈ, ਬੀਅਰ ਦੇ ਉਤਪਾਦਨ ਵਿੱਚ ਪਿਛਲੇ 17 ਸਾਲਾਂ ਦੇ ਅਰਸੇ ਦੌਰਾਨ 209 ਫੀਸਦੀ ਦਾ ਭਾਰੀ ਵਾਧਾ ਹੋਇਆ ਹੈ, ਜੋ ਕਿ ਇੱਕ ਰਿਕਾਰਡ ਹੀ ਹੈ। 1993-94 ਵਿੱਚ ਬੀਅਰ ਦੀ ਪੈਦਾਵਾਰ 15 ਹਜ਼ਾਰ 365 ਲੀਟਰ ਸੀ, ਜੋ ਕਿ 2009-10 ਦੇ ਅਰਸੇ ਤੱਕ ਵੱਧ ਕੇ 47 ਹਜ਼ਾਰ 496 ਲੀਟਰ ਤੱਕ ਪੁੱਜ ਗਈ ਸੀ। ਸ਼ਰਾਬ ਦੇ ਮੁਕਾਬਲੇ ਪੰਜਾਬ ’ਚ ਦੁੱਧ ਦੇ ਉਤਪਾਦਨ ਵਿੱਚ ਘੱਟ ਵਾਧਾ ਹੋਇਆ।

ਭਾਰਤ ਵਿੱਚ ਸ਼ਰਾਬ ਦਾ ਉਦਯੋਗ ਸਾਲਾਨਾ 30 ਫੀਸਦੀ ਦਰ ਦੇ ਨਾਲ ਵੱਧ ਰਿਹਾ ਹੈ। ਭਾਰਤ ਇੱਕ ਅਜਿਹਾ ਦੇਸ਼ ਹੈ ,ਜੋ ਕਿ ਵਿਸ਼ਵ ਵਿੱਚ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਸ਼ਰਾਬ ਬਾਜ਼ਾਰਾਂ ਵਿਚੋਂ ਇੱਕ ਹੈ ਤੇ ਵਿਸਕੀ ਦਾ ਸਭ ਤੋਂ ਵੱਡਾ ਖਪਤਕਾਰ ਹੈ। ਕੁਝ ਸ਼ਰਾਬ ਬਾਜ਼ਾਰਾਂ ਵਿੱਚ ਵਿਸਕੀ ਦੀ ਭਾਈਵਾਲੀ ਕਰੀਬ 80 ਫੀਸਦੀ ਹੈ। ਜਰਮਨੀ ਵਿੱਚ ਪ੍ਰਤੀ ਵਿਅਕਤੀ ਸ਼ੁੱਧ ਅਲਕੋਹਲ ਦੀ ਵਰਤੋ ਦਰ ਕਰੀਬ 12 ਲੀਟਰ ਸਾਲਾਨਾ ਹੈ। 12 ਲੀਟਰ ਸ਼ੁੱਧ ਅਲਕੋਹਲ ਯਾਨੀ 500 ਬੋਤਲ ਬੀਅਰ ਪ੍ਰਤੀ ਵਿਅਕਤੀ। ਯੂ.ਕੇ. ਯਾਨੀ ਯੂਨਾਈਟਿਡ ਕਿੰਗਡਮ ਅਤੇ ਸਲੋਵੇਨਿਆ ਵਿੱਚ ਪ੍ਰਤੀ ਵਿਅਕਤੀ ਸ਼ੁੱਧ ਅਲਕੋਹਲ ਖਪਤ 11.6 ਲੀਟਰ ਸਾਲਾਨਾ ਹੈ। ਆਇਰਲੈਂਡ ਅਤੇ ਲਕਜਮਵਰਗ ਦੇ ਲੋਕ ਜਰਮਨੀ ਨਾਲੋਂ ਵੀ ਜਿਆਦਾ ਅਲਕੋਹਲ ਪੀਂਦੇ ਹਨ। ਬੇਲਾਰੂਸ ਦਾ ਨੰਬਰ ਤਾਂ ਪਹਿਲਾ ਹੀ ਹੈ, ਉਥੇ ਸਾਲ ਭਰ ਵਿੱਚ ਇੱਕ ਵਿਅਕਤੀ 17.5 ਲੀਟਰ ਸ਼ੁੱਧ ਅਲਕੋਹਲ ਪੀਂਦਾ ਹੈ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਸ਼ੁੱਧ ਅਲਕੋਹਲ ਦੀ ਵਰਤੋ ਵਿੱਚ ਪਾਕਿਸਤਾਨ, ਕੂਵੈਤ, ਲੀਬੀਆ ਅਤੇ ਮਾਰੀਤਾਨਿਆ ਸਭ ਤੋਂ ਹੇਠਾਂ ਹਨ ਉਥੇ ਪ੍ਰਤੀ ਵਿਅਕਤੀ ਸ਼ੁੱਧ ਅਲਕੋਹਲ ਦੀ ਵਰਤੋ ਦਰ 100 ਮਿਲੀਲੀਟਰ ਪ੍ਰਤੀ ਸਾਲ ਹੈ।

ਸ਼ਰਾਬ ਕਈ ਕਰੋੜਪਤੀਆਂ ਨੂੰ ਕੰਗਾਲਪਤੀ ਵੀ ਬਣਾ ਚੁੱਕੀ ਹੈ। ਮੱਧ ਵਰਗ ਵੀ ਇਸ ਸ਼ਰਾਬ ਦੀ ਲਪੇਟ ਵਿੱਚ ਬੁਰੀ ਤਰਾਂ ਆ ਚੁਕਿਐ, ਅਮੀਰਾਂ ਦੀ ਰੀਸ ਕਰਕੇ ਮਹਿੰਗੀਆਂ ਤੇ ਵਿਦੇਸ਼ੀ ਸ਼ਰਾਬਾਂ ਪੀਣ ਦੇ ਚੱਕਰ ਵਿੱਚ ਆਮ ਲੋਕ ਘਰ ਦੀ ਕੱਢੀ ਪੀਣ ਜੋਗੇ ਵੀ ਨਹੀਂ ਰਹਿੰਦੇ, ਫਿਰ ਸਸਤੀ ਸ਼ਰਾਬ ਦੇ ਚੱਕਰ ਵਿੱਚ ਜ਼ਹਿਰੀਲੀ ਸ਼ਰਾਬ ਦੇ ਸ਼ਿਕਾਰ ਹੋ ਜਾਂਦੇ ਹਨ। ਪੰਜਾਬ ਵਿੱਚ ਘਰ, ਖੇਤ, ਮੋਟਰ ਉੱਪਰ ਬਣਾਈ ਸ਼ਰਾਬ ਨੂੰ ਘਰ ਦੀ ਕੱਢੀ ਜਾਂ ਕੱਚੀ ਦਾਰੂ, ਰੂੜੀ ਮਾਰਕਾ ਆਖਿਆਂ ਜਾਂਦੈ, ਗੋਆ ਵਿੱਚ ਕੱਚੀ ਸ਼ਰਾਬ ਨੂੰ ਫੇਨੀ ਅਤੇ ਮੁੰਬਈ ਵਿੱਚ ਕੱਚੀ ਸ਼ਰਾਬ ਨੂੰ ਠਰ੍ਹਾ ਕਿਹਾ ਜਾਂਦੈ। ਜਿਸ ਤਰਾਂ ਦਰਿਆਵਾਂ ਦੇ ਵੱਖ ਵੱਖ ਇਲਾਕਿਆਂ ਵਿੱਚ ਵੱਖ ਵੱਖ ਨਾਮ ਹੁੰਦੇ ਹਨ, ਉਸੇ ਤਰਾਂ ਹੀ ਕੱਚੀ ਸ਼ਰਾਬ ਦੇ ਵੀ ਵੱਖ-ਵੱਖ ਇਲਾਕਿਆਂ ਵਿੱਚ ਵੱਖ- ਵੱਖ ਨਾਮ ਹਨ ਤੇ ਇਹਨਾਂ ਨੂੰ ਬਣਾਉਣ ਦਾ ਤਰੀਕਾ ਵੀ ਵੱਖ- ਵੱਖ ਹੈ।

ਇਥੇ ਇਹ ਜ਼ਿਕਰ ਯੋਗ ਹੈ ਕਿ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਸਮੇਂ ਸਮੇਂ ਉੱਪਰ ਸ਼ਰਾਬ ਵਿਰੁੱਧ ਪ੍ਰਦਰਸ਼ਨ ਵੀ ਹੁੰਦੇ ਰਹਿੰਦੇ ਹਨ। ਕੁਝ ਸਾਲ ਪਹਿਲਾਂ ਮਹਾਰਾਸ਼ਟਰ ਦੇ ਚੰਦਰਪੁਰ ਇਲਾਕੇ ਵਿੱਚ ਸ਼ਰਾਬ ਉਪਰ ਰੋਕ ਲਗਾਉਣ ਦੀ ਮੰਗ ਅਧੀਨ ਅੰਦੋਲਨ ਕਰ ਰਹੀਆਂ ਔਰਤਾਂ ਨੇ ਆਪਣੇ ਸਿਰ ਦੇ ਵਾਲ ਕਟਵਾ ਕੇ ਮੁੰਡਨ ਹੀ ਕਰਵਾ ਲਿਆ ਸੀ । ਹਰਿਆਣਾ ਵਿੱਚ ਵੀ ਕੁਝ ਸਾਲ ਪਹਿਲਾਂ ਔਰਤਾਂ ਨੇ ਸ਼ਰਾਬ ਵਿਰੁੱਧ ਝੰਡਾ ਚੁੱਕਿਆ ਸੀ ਅਤੇ ਉਸ ਸਮੇਂ ਦੀ ਸਰਕਾਰ ਨੇ ਹਰਿਆਣਾ ਵਿੱਚ ਸ਼ਰਾਬ ਬੰਦੀ ਕਰ ਦਿੱਤੀ ਸੀ ਪਰ ਉਸ ਫੈਸਲੇ ਦੇ ਦੋ ਕੁ ਸਾਲਾਂ ਬਾਅਦ ਹੀ ਸਰਕਾਰ ਨੂੰ ਸ਼ਰਾਬ ਬੰਦੀ ਵਾਲਾ ਫੈਸਲਾ ਵਾਪਸ ਲੈਣਾ ਪਿਆ ਸੀ ਕਿਉਂਕਿ ਇਕ ਤਾਂ ਸਰਕਾਰ ਦੀ ਆਮਦਨ ਘਟ ਗਈ ਸੀ ਤੇ ਸਰਕਾਰ ਨੇ ਲੋਕਾਂ ਉੱਪਰ ਟੈਕਸ ਬਹੁਤ ਲਗਾ ਦਿੱਤੇ ਸਨ ਅਤੇ ਦੂਜੇ ਪਾਸੇ ਨਕਲੀ ਤੇ ਸਮਗਲਿੰਗ ਹੋਈ ਸ਼ਰਾਬ ਹਰਿਆਣਾ ਵਿੱਚ ਵਿਕਣ ਲੱਗ ਪਈ ਸੀ। ਪੰਜਾਬ ਵਿੱਚ ਵੀ ਕਦੇ ਕਦਾਈਂ ਸ਼ਰਾਬ ਵਿਰੁੱਧ ਪ੍ਰਦਰਸ਼ਨ ਹੋ ਜਾਂਦੇ ਹਨ ਪਰ ਇਸ ਦਾ ਲੋੜੀਂਦਾ ਨਤੀਜਾ ਕਦੇ ਨਹੀਂ ਨਿਕਲਿਆ। ਸ਼ਰਾਬ ਪੀਣਾ ਇੱਕ ਸਮਾਜਿਕ ਬੁਰਾਈ ਹੈ, ਇਸ ਲਈ ਇਸ ਤੋਂ ਦੂਰ ਰਹਿਣਾ ਹੀ ਚੰਗਾ ਹੈ।





### ਪੰਜਾਬ ਸਰਕਾਰ ਦੀ ਨਵੀਂ ਆਬਕਾਰੀ ਨੀਤੀ

ਲੰਘੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੰਡੀਗੜ੍ਹ ਵਿਖੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵਿੱਤੀ ਵਰ੍ਹੇ 2024-25 ਲਈ ਨਵੀਂ ਆਬਕਾਰੀ ਨੀਤੀ ਨੂੰ ਪ੍ਰਵਾਨਗੀ ਦਿੱਤੀ ਗਈ । ਨਵੀਂ ਨੀਤੀ ਅਨੁਸਾਰ ਦਰਾਮਦ ਕੀਤੀ ਜਾਣ ਵਾਲੀ ਵਿਦੇਸ਼ੀ ਸ਼ਰਾਬ ਦੀਆਂ ਕੀਮਤਾਂ ਵਿੱਚ ਕਟੌਤੀ ਹੋਵੇਗੀ, ਜਦੋਂ ਕਿ ਦੇਸੀ ਸ਼ਰਾਬ ਦੇ ਭਾਅ ਵਿੱਚ ਕੋਈ ਵਾਧਾ ਨਹੀਂ ਹੋਵੇਗਾ। ਪੰਜਾਬ ਸਰਕਾਰ ਨੇ ਵਿੱਤੀ ਵਰ੍ਹੇ 2024-25 ਵਿੱਚ ਆਬਕਾਰੀ ਤੋਂ 10 ਹਜ਼ਾਰ ਕਰੋੜ ਰੁਪਏ ਮਾਲੀਆ ਇਕੱਠਾ ਕਰਨ ਦਾ ਟੀਚਾ ਮਿੱਥਿਆ ਹੈ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਾਧੂ ਮਾਲੀਆ ਜੁਟਾਉਣ ਤੇ ਦੇਸੀ ਸ਼ਰਾਬ ਦੀ ਲੋੜੀਂਦੀ ਮਾਤਰਾ ਯਕੀਨੀ ਬਣਾਉਣ ਲਈ ਵਿੱਤੀ ਵਰ੍ਹੇ 2024-25 ਵਿੱਚ ਦੇਸੀ ਸ਼ਰਾਬ (ਪੀਐੱਮਐੱਲ) ਦੇ ਕੋਟੇ ਵਿੱਚ ਪਿਛਲੇ ਸਾਲ ਨਾਲੋਂ ਤਿੰਨ ਫੀਸਦੀ ਭਾਵ 8.286 ਕਰੋੜ ਪਰੂਫ ਲਿਟਰ ਦਾ ਵਾਧਾ ਕੀਤਾ ਗਿਆ ਹੈ ਅਤੇ ਸਾਲ 2024-25 ਵਿੱਚ ਦੇਸੀ ਸ਼ਰਾਬ ਦੇ ਭਾਅ ਨਹੀਂ ਵਧਾਏ ਜਾਣਗੇ। ਸ੍ਰੀ ਚੀਮਾ ਨੇ ਕਿਹਾ ਕਿ ਬੀਤੇ ਦੋ ਸਾਲਾਂ ਦੌਰਾਨ ਕਰ ਤੇ ਆਬਕਾਰੀ ਵਿਭਾਗ ਵੱਲੋਂ ਸ਼ੁਰੂ ਕੀਤੇ ਗਏ ਸੁਧਾਰਾਂ ਨੂੰ ਜਾਰੀ ਰੱਖਦਿਆਂ ਪ੍ਰਚੂਨ ਵਿਕਰੀ ਲਾਇਸੈਂਸ ਐੱਲ-2 ਤੇ ਐੱਲ-14 ਏ ਦੀ ਤਾਜ਼ਾ ਅਲਾਟਮੈਂਟ ਡਰਾਅ ਰਾਹੀਂ ਕੀਤੀ ਜਾਵੇਗੀ। ਦੂਜੇ ਪਾਸੇ ਲਾਇਸੈਂਸਾਂ ਲਈ ਸਮੂਹ ਦਾ ਆਕਾਰ ਘਟਾ ਦਿੱਤਾ ਗਿਆ ਹੈ ਅਤੇ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਇੱਕ ਅਨੁਕੂਲ ਲਾਇਸੈਂਸ ਫੀਸ ਦੀ ਸ਼ੁਰੂਆਤ ਕੀਤੀ ਗਈ ਹੈ।



# ਪ੍ਰਦੂਸ਼ਣ, ਕਰਜ਼ਿਆਂ, ਕੈਂਸਰ, ਪਾਣੀ ਦੀ ਘਾਟ ਨਾਲ ਜਕੜਿਆ ਪੰਜਾਬ

ਖੁਸ਼ਵਿੰਦਰ ਸਿੰਘ





ਇਹ ਪੰਜਾਬ ਹੀ ਹੈ, ਜਿਸ ਨੇ ਯੂਨਾਨ ਤੋਂ ਆਏ ਸਿਕੰਦਰ ਨੂੰ ਵੀ ਝੱਲਿਆ ਅਤੇ ਤੁਰਕੀ ਤੋਂ ਆਏ ਗਜ਼ਨਵੀ ਨੂੰ ਵੀ। ਇਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਇਆ ਸਿੱਖ ਧਰਮ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਤੱਕ ਆਉਂਦੇ-ਆਉਂਦੇ ਇੱਕ ਵਿਸ਼ਾਲ ਸਿੱਖ ਰਾਜ ਵਿੱਚ ਬਦਲ ਗਿਆ, ਜਿਸ ਦੀ ਸਰਹੱਦ ਅਫ਼ਗਾਨਿਸਤਾਨ ਤੱਕ ਜਾ ਲਗਦੀ ਸੀ। ਆਜ਼ਾਦੀ ਦੇ ਸੰਘਰਸ਼ ਦੌਰਾਨ ਵੀ ਪੰਜਾਬੀਆਂ, ਖ਼ਾਸ ਕਰਕੇ ਸਿੱਖ ਭਾਈਚਾਰੇ ਨੇ ਵੱਡਾ ਯੋਗਦਾਨ ਪਾਇਆ। ਫਿਰ ਉਹ ਦੌਰ ਵੀ ਆਇਆ ਜਦੋਂ ਭਾਰਤ ਪਾਕਿਸਤਾਨ ਦੀ ਵੰਡ ਦੀ ਅਸਲ ਕੀਮਤ ਪੰਜਾਬ ਨੂੰ ਚੁਕਾਉਣੀ ਤੇ ਹੰਢਾਉਣੀ ਪਈ ਤੇ ਅਸਲ ਵੰਡ ਵੀ ਪੰਜਾਬ ਦੀ ਹੀ ਹੋਈ। ਪਰ ਫਿਰ ਵੀ ਆਜ਼ਾਦੀ ਮਗਰੋਂ ਨਾ ਸਿਰਫ਼ ਪੰਜਾਬੀ ਜਵਾਨਾਂ ਨੇ ਦੇਸ਼ ਦੀ ਸੁਰੱਖਿਆ ਲਈ ਫੌਜ ਵਿੱਚ ਵੱਡੀਆਂ ਕੁਰਬਾਨੀਆਂ ਦਿੱਤੀਆਂ ਬਲਕਿ ਪੰਜਾਬ ਦੇ ਕਿਸਾਨਾਂ ਨੇ ਵੀ ਹਰੇ ਇੰਨਕਲਾਬ ਰਾਹੀਂ ਜੀ ਜਾਨ ਲਾ ਕੇ ਭਾਰਤ ਨੂੰ ਅਨਾਜ ਦੇ ਮਾਮਲੇ ਵਿੱਚ ਪੈਰਾਂ ਸਿਰ ਕਰ ਦਿੱਤਾ। ਨੱਬੇ ਦੇ ਦਹਾਕੇ ਵਿੱਚ ਪੰਜਾਬ ਨੇ ਕਾਲੇ ਦੌਰ ਨੂੰ ਹੰਢਾਇਆ ਤੇ ਅਸਥਿਰਤਾ ਦਾ ਲੰਬਾ ਦੌਰ ਚੱਲਿਆ। ਉਤਰਾਅ-ਚੜ੍ਹਾਅ ਪੰਜਾਬ ਦੀ ਕਿਸਮਤ ਬਣ ਚੁੱਕਿਆ ਹੈ ਪਰ ਜਿਸ ਤਰ੍ਹਾਂ ਦੀ ਢਹਿੰਦੀ ਕਲਾ ਪੰਜਾਬ ਅੱਜ ਦੇ ਦੌਰ ਵਿੱਚ ਵੇਖ ਰਿਹਾ ਹੈ ਇਹ ਨਿਵੇਕਲੀ ਕਿਸਮ ਦੀ ਹੈ।

ਅੱਜ ਪੰਜਾਬ ਇਕ ਪਾਸੇ ਜਿੱਥੇ ਹਰੇ ਇਨਕਲਾਬ ਦੇ ਕਾਰਨ ਪੈਦਾ ਹੋਏ ਨਾਂਹ-ਪੱਖੀ ਨਤੀਜੇ ਇਕੱਲਾ ਭੁਗਤ ਰਿਹਾ ਹੈ, ਓਥੇ ਅੱਜ ਦੇ ਮਾੜੇ ਦੌਰ ਵਿਚ ਕੇਂਦਰ ਸਰਕਾਰ ਵੀ ਮਤਰੇਈ ਮਾਂ ਵਰਗੇ ਸਲੂਕ ਨੂੰ ਝੱਲ ਰਿਹਾ ਹੈ। ਆਰਥਿਕ ਤੌਰ 'ਤੇ ਟੁੱਟ ਰਹੇ ਪੰਜਾਬ ਦੀ ਨੌਜਵਾਨੀ ਨਿਰਾਸ਼ ਹੋ ਕੇ ਅੱਜ ਜਾਂ ਤਾਂ ਦੇਸ਼ ਛੱਡ ਬਾਹਰਲੇ ਦੇਸ਼ਾਂ ਨੂੰ ਭੱਜ ਰਹੀ ਹੈ ਜਾਂ ਨਸ਼ੇ ਦੇ ਚੁੰਗਲ 'ਚ ਫਸ ਕੇ ਕਾਲ ਦੇ ਮੂੰਹ ਵਿੱਚ ਜਾ ਰਹੀ ਹੈ। ਇਸ ਨਾਲ ਅੱਗੇ ਹੋਰ ਨਵੀਆਂ ਸਮਾਜਿਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਕਿਸੇ ਸਮੇਂ ਸਿੱਖ ਰਾਜ ਦੇ ਰੂਪ ਵਿੱਚ ਆਪਣਾ ਸਿਖਰ ਵੇਖਣ ਵਾਲੇ ਤੇ ਫਿਰ ਵੰਡ ਮਗਰੋਂ ਵੀ ਕੁਰਬਾਨੀਆਂ ਦੇਣ ਦਾ ਮਾਦਾ ਰੱਖਣ ਵਾਲੇ ਤੇ ਪੂਰੇ ਦੇਸ਼ ਦਾ ਭਾਰ ਇਕੱਲੇ ਚੁੱਕਣ ਵਾਲੇ ਪੰਜਾਬ ਦੀ ਰੀੜ੍ਹ ਆਖ਼ਰ ਅੱਜ ਆਪਣਾ ਹੀ ਭਾਰ ਚੁੱਕਣ ਤੋਂ ਅਸਮਰੱਥ ਕਿਉਂ ਹੋ ਗਈ ਹੈ? ਇਹ ਇਕ ਗੰਭੀਰ ਸਵਾਲ ਹੈ।

1981 ਵਿੱਚ ਜੀ.ਡੀ.ਪੀ. ਪ੍ਰਤੀ ਜੀਅ ਦੇ ਹਿਸਾਬ ਨਾਲ ਪੰਜਾਬ ਭਾਰਤ ਦਾ ਨੰਬਰ ਇਕ ਸੂਬਾ ਸੀ। ਉਸ ਸਮੇਂ ਪੰਜਾਬ ਦੀ ਪ੍ਰਤੀ ਜੀਅ ਆਮਦਨ ਦਾ ਅੰਕੜਾ ਲਗਭਗ 3500 ਸੀ ਜਦਕਿ ਉਸ ਮੁਕਾਬਲੇ ਨੈਸ਼ਨਲ ਔਸਤ 2280 ਸੀ। 2001 ਵਿਚ ਸੀ.ਏ.ਜੀ ਦੀ ਰਿਪੋਰਟ ਮੁਤਾਬਿਕ ਪੰਜਾਬ ਭਾਰਤ ਦਾ ਦੂਜਾ ਅਮੀਰ ਰਾਜ ਸੀ ਪਰ ਪਿਛਲੇ ਦੋ ਦਹਾਕਿਆਂ ਵਿੱਚ ਹੀ ਪੰਜਾਬ ਦੇ ਹਾਲਾਤ ਐਨੇ ਵਿਗੜ ਗਏ ਕਿ 2019-20 ਆਉਂਦੇ-ਆਉਂਦੇ ਪੰਜਾਬ ਇਸ ਲਿਸਟ ਵਿੱਚ 19ਵੇ ਨੰਬਰ 'ਤੇ ਆ ਡਿੱਗਿਆ। ਅੱਜ ਕਈ ਰਿਪੋਰਟਾਂ ਵਿੱਚ ਤਾਂ ਪੰਜਾਬ ਦੀ ਤੁਲਨਾ ਆਰਥਿਕ ਤੌਰ 'ਤੇ ਦੀਵਾਲੀਆ ਹੋ ਚੁੱਕੇ ਸ੍ਰੀਲੰਕਾ ਨਾਲ ਵੀ ਕੀਤੀ ਜਾ ਰਹੀ ਹੈ। ਅੱਜ ਪੰਜਾਬ ਦਾ ਕਰਜ਼ਾ ਉਸ ਦੀ ਕੁੱਲ ਜੀ.ਡੀ.ਪੀ ਦਾ ਲਗਭਗ 49.6 ਪ੍ਰਤੀਸ਼ਤ ਭਾਵ ਲਗਭਗ ਅੱਧਾ ਹੈ ਜੋ ਪੰਜਾਬ ਦੇ ਸਾਲ 22-23 ਦੇ ਕੁੱਲ ਰੈਵਿਨਿਊ ਦਾ ਲਗਭਗ ਸਵਾ ਤਿੰਨ ਗੁਣਾ ਬਣਦਾ ਹੈ। 2023 ਦੀ ਤਾਜ਼ਾ ਰਿਪੋਰਟ ਮੁਤਾਬਿਕ ਪੰਜਾਬ ਦਾ ਕਰਜ਼ਾ 3.12 ਲੱਖ ਕਰੋੜ ਦਾ ਅੰਕੜਾ ਪਾਰ ਕਰ ਚੁੱਕਾ ਹੈ। ਭਾਂਵੇ ਪੰਜਾਬ ਦੀ ਮੌਜੂਦਾ ਸਰਕਾਰ ਵਿਰਾਸਤ ਵਿੱਚ ਮਿਲੇ ਇਸ ਕਰਜ਼ੇ ਦੇ ਪਹਾੜ ਨੂੰ ਛੋਟਾ ਕਰਨ ਲਈ ਪੂਰੀ ਸੰਜੀਦਗੀ ਨਾਲ ਇਸ ਸਮੱਸਿਆ ਨੂੰ ਹੱਲ ਕਰਨ ਲਈ ਵਚਨਬੱਧ ਹੋਣ ਦਾ ਦਾਅਵਾ ਵਾਰ-ਵਾਰ ਕਰਦੀ ਹੈ ਪਰ ਕਰਜ਼ਾ ਐਨਾ ਵੱਧ ਚੁੱਕਾ ਹੈ ਕਿ ਕਰਜ਼ੇ ਦੇ ਵਿਆਜ ਦੀ ਸਾਲਾਨਾ ਕਿਸ਼ਤ ਮੂਲ ਰਕਮ ਦੀ ਕਿਸ਼ਤ ਨਾਲੋਂ ਵੀ ਵੱਡੀ ਹੋ ਰਹੀ ਹੈ। ਹਾਲ ਹੀ ਵਿੱਚ ਸਾਲ 2022-23 ਵਿੱਚ ਪੰਜਾਬ ਸਰਕਾਰ ਨੇ 15946 ਕਰੋੜ ਦੀ ਮੂਲ ਦੀ ਕਿਸ਼ਤ ਨਾਲ 20,100 ਕਰੋੜ ਰੁਪਏ ਦੀ ਵਿਆਜ ਦੀ ਸਾਲਾਨਾ ਕਿਸ਼ਤ ਮੋੜੀ ਹੈ ਤੇ ਆਰਥਿਕ ਸਾਲ 2023-24 ਵਿਚ 16,620 ਕਰੋੜ ਦੀ ਮੂਲ ਅਤੇ 22,000 ਕਰੋੜ ਦੀ ਸਾਲਾਨਾ ਵਿਆਜ ਦੀ ਕਿਸ਼ਤ ਮੋੜਨ ਦਾ ਟੀਚਾ ਹੈ ਪਰ ਫਿਰ ਵੀ ਦੂਜੇ ਪਾਸੇ ਸੀ.ਏ.ਜੀ ਦੀ ਇੱਕ ਰਿਪੋਰਟ ਵਿੱਚ ਪੰਜਾਬ ਦਾ ਕਰਜ਼ਾ 2031-32 ਤੱਕ 5 ਲੱਖ ਕਰੋੜ ਨੂੰ ਵੀ ਪਾਰ ਕਰ ਜਾਣ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ। ਰਿਜ਼ਰਵ ਬੈਂਕ ਨੇ ਵੀ ਇਸ ਸਥਿਤੀ 'ਤੇ ਚਿੰਤਾ ਜ਼ਾਹਿਰ ਕੀਤੀ ਹੈ ਕਿ ਪੰਜਾਬ ਨੂੰ ਆਪਣੇ ਕਰਜ਼ੇ ਮੋੜਨ ਲਈ ਵੀ ਕਰਜ਼ੇ ਲੈਣੇ ਪੈ ਰਹੇ ਹਨ। ਇਸ ਦੇ ਬਾਵਜੂਦ ਪੰਜਾਬ ਦੀ ਰਾਜਨੀਤੀ ਵਿੱਚ ਮੁਫ਼ਤ ਸਕੀਮਾਂ ਦਾ ਬੋਲਬਾਲਾ ਦਹਾਕਿਆਂ ਤੋਂ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਹੀ ਬਾਦਸਤੂਰ ਚਲਦਾ ਆ ਰਿਹਾ ਹੈ ਭਾਵੇਂ ਇਹ ਵੀ ਇਕ ਤੱਥ ਹੈ ਕਿ ਐਨੇ ਵੱਡੇ ਕਰਜ਼ੇ ਸਿਰਫ਼ ਮੁਫ਼ਤ ਸਕੀਮਾਂ ਕਰਕੇ ਨਹੀਂ ਬਲਕਿ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਦੇ ਭ੍ਰਿਸ਼ਟਾਚਾਰ ਕਰਕੇ ਚੜ੍ਹੇ ਹਨ। 13ਵੇਂ ਆਰਥਿਕ ਕਮਿਸ਼ਨ ਤੇ ਉਸ ਤੋਂ ਅਗਲੇ ਕਮਿਸ਼ਨਾਂ ਨੇ ਵੀ ਕੇਂਦਰ ਸਰਕਾਰ ਨੂੰ ਇਹ ਸੁਝਾਅ ਦਿੱਤੇ ਸਨ ਕਿ ਪੰਜਾਬ ਨੂੰ ਇਸ ਨਿੱਘਰਦੇ ਗੰਭੀਰ ਆਰਥਿਕ ਹਾਲਾਤ 'ਚੋਂ ਕੱਢਣ ਲਈ ਕੋਈ ਆਰਥਿਕ ਪੈਕੇਜ ਦਿੱਤਾ ਜਾਵੇ, ਕਿਉਂਕਿ ਪੰਜਾਬ ਨੇ ਸਰਹੱਦੀ ਸੂਬਾ ਹੋਣ ਦਾ ਵੀ ਸੰਤਾਪ ਹੰਢਾਇਆ ਹੈ, ਪਰ ਕੇਂਦਰ ਦੀਆਂ ਸਰਕਾਰਾਂ ਨੇ ਅੱਜ ਤੱਕ ਇਸ 'ਤੇ ਕੋਈ ਗੌਰ ਨਹੀਂ ਕੀਤਾ। ਪੰਜਾਬ ਦੇ ਇਸ ਆਰਥਿਕ ਪਤਨ ਦੇ ਕਈ ਕਾਰਨ ਹਨ ਜਿਨ੍ਹਾਂ ਨੂੰ ਜੇਕਰ ਸਮੇਂ ਦੀਆਂ ਸਰਕਾਰਾਂ ਸਮੇਂ ਸਿਰ ਦੂਰ ਕਰਦੀਆਂ ਤਾਂ ਅੱਜ ਹਾਲਾਤ ਬਿਲਕੁਲ ਵੱਖਰੇ ਹੁੰਦੇ।

ਪੰਜਾਬ ਭਾਵੇਂ ਭੂਗੋਲਿਕ ਪੱਖੋਂ ਭਾਰਤ ਦਾ 1.54 ਪ੍ਰਤੀਸ਼ਤ ਹੈ ਪਰ ਹਰੇ ਇਨਕਲਾਬ ਵੇਲੇ ਇਹ ਕਣਕ ਤੇ ਚੌਲਾਂ ਦਾ ਦੇਸ਼ ਦੇ ਕੇਂਦਰੀ ਭੰਡਾਰ ਵਿਚ 50 ਪ੍ਰਤੀਸ਼ਤ ਦੀ ਹਿੱਸੇਦਾਰੀ ਪਾਉਂਦਾ ਸੀ। ਇਸੇ ਲਈ ਪੰਜਾਬ ਨੂੰ ਭਾਰਤ ਦੀ ਭੋਜਨ ਦੀ ਕਟੋਰੀ ਵੀ ਕਿਹਾ ਜਾਣ ਲੱਗਾ। ਅੱਜ ਵੀ ਪੰਜਾਬ ਭਾਰਤ ਦੀ ਕਣਕ ਦੀ ਕੁੱਲ ਉਪਜ ਦਾ 17 ਪ੍ਰਤੀਸ਼ਤ ਤੇ ਚੌਲਾਂ ਵਿੱਚ 9 ਪ੍ਰਤੀਸ਼ਤ ਹਿੱਸੇਦਾਰੀ ਪਾਉਂਦਾ ਹੈ। ਮਾਹਿਰਾਂ ਮੁਤਾਬਿਕ ਪੰਜਾਬ ਵਿੱਚ ਚੱਲ ਰਹੇ ਖੇਤੀ ਸੰਕਟ ਕਰਕੇ ਹੁਣ ਇਹ ਸਥਿਤੀ ਵੀ ਜ਼ਿਆਦਾ ਦੇਰ ਨਹੀਂ ਰਹਿਣੀ। 1980-90 ਵਿੱਚ ਪੰਜਾਬ ਦੀ ਖੇਤੀਬਾੜੀ ਵਿੱਚ ਵਾਧਾ ਦਰ ਔਸਤ 5 ਪ੍ਰਤੀਸ਼ਤ ਸੀ ਜਦਕਿ ਬਾਕੀ ਭਾਰਤ ਦੀ 2 ਪ੍ਰਤੀਸ਼ਤ ਸੀ। 1990 ਮਗਰੋਂ ਇਹ ਵਾਧਾ ਦਰ ਡਿੱਗ ਕੇ 3 ਪ੍ਰਤੀਸ਼ਤ ਤੇ ਪਿਛਲੇ ਦਹਾਕੇ ਵਿਚ ਹੋਰ ਡਿੱਗ ਕੇ 1.6 ਪ੍ਰਤੀਸ਼ਤ ਹੀ ਰਹਿ ਗਈ। ਕਿਸੇ ਸਮੇਂ ਖੇਤੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਸੀ ਤੇ ਰੁਜ਼ਗਾਰ ਪੈਦਾ ਕਰਨ ਦਾ ਦਾ ਸਭ ਤੋਂ ਵੱਡਾ ਸਰੋਤ ਸੀ ਪਰ ਹੁਣ ਹਾਲਾਤ ਬਹੁਤ ਨਿਘਾਰ ਵੱਲ ਹਨ। ਖੇਤੀ ਨਾਲ ਜੁੜੇ 86 ਪ੍ਰਤੀਸ਼ਤ ਕਿਸਾਨ ਤੇ ਖੇਤ ਮਜ਼ਦੂਰ ਕਰਜ਼ੇ ਹੇਠ ਦੱਬੇ ਹਨ। 2000-2015 ਤੱਕ 16,606 ਕਿਸਾਨ ਤੇ ਉਸ ਨਾਲ ਜੁੜੇ ਕਿਰਤੀ ਖ਼ੁਦਕੁਸ਼ੀ ਕਰ ਗਏ। ਮਾਹਰ ਅੱਜ ਖੇਤੀ ਵਿਚ ਆਏ ਇਸ ਨਿਘਾਰ ਦੀ ਸਥਿਤੀ ਦੀਆਂ ਜੜ੍ਹਾਂ ਹਰੇ ਇਨਕਲਾਬ 'ਚੋਂ ਹੀ ਖੋਜਦੇ ਹਨ। ਹਰਾ ਇਨਕਲਾਬ ਆਉਣ ਤੋਂ ਪਹਿਲਾਂ 1960 ਵਿੱਚ ਪੰਜਾਬ ਵਿੱਚ ਲਗਭਗ 21 ਤਰ੍ਹਾਂ ਦੀਆਂ ਫ਼ਸਲਾਂ ਉਗਾਈਆਂ ਜਾਂਦੀਆਂ ਸਨ ਤੇ ਇਹ ਘੇਰਾ 1990-91 ਆਉਂਦੇ-ਆਉਂਦੇ ਫ਼ਸਲਾਂ ਤੱਕ ਸੁੰਗੜ ਗਿਆ। ਭਾਵੇਂ ਹਰੇ ਇਨਕਲਾਬ ਦਾ ਦੇਸ਼ ਨੂੰ ਬਹੁਤ ਲਾਭ ਮਿਲਿਆ ਤੇ ਦੇਸ਼ ਅਨਾਜ ਦੇ ਮਾਮਲੇ ਵਿੱਚ ਆਤਮਨਿਰਭਰ ਹੋ ਗਿਆ ਪਰ ਇਸ ਵਿੱਚ ਸੱਚੇ ਦਿਲੋਂ ਯੋਗਦਾਨ ਪਾਉਣ ਵਾਲੇ ਪੰਜਾਬ ਦੀ ਇਸ ਵਿਚ ਇਕ ਤਰ੍ਹਾਂ ਨਾਲ ਬਲੀ ਜਿਹੀ ਹੀ ਚੜ੍ਹ ਗਈ। ਸੁਭਾਵਿਕ ਸੀ ਕਿ ਸਮਰਥਨ ਮੁੱਲ ਹੋਣ ਕਾਰਨ ਕਣਕ-ਝੋਨੇ ਤੋਂ ਬਿਨਾਂ ਹੋਰ ਫਸਲਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤੇ ਸਮੇਂ ਦੇ ਨਾਲ-ਨਾਲ ਪੰਜਾਬ ਵਿੱਚ ਕਣਕ ਝੋਨੇ ਦਾ ਹੀ ਫ਼ਸਲੀ ਚੱਕਰ ਸਥਾਪਿਤ ਹੋ ਗਿਆ ਪਰ ਹੋਰ ਰਾਜਾਂ ਵਿਚ ਕਣਕ-ਝੋਨੇ ਦੀ ਉਪਜ ਵਧ ਜਾਣ ਮਗਰੋਂ ਪੰਜਾਬ ਨੂੰ ਕੇਂਦਰ ਸਰਕਾਰਾਂ ਨੇ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ। ਦੋ ਫ਼ਸਲੀ ਚੱਕਰ ਨੇ ਪੰਜਾਬ ਦੇ ਵਾਤਾਵਰਨ, ਜ਼ਮੀਨ ਦੀ ਉਪਜਾਊ ਸ਼ਕਤੀ ਤੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਦਾ ਜ਼ਬਰਦਸਤ ਨੁਕਸਾਨ ਕੀਤਾ ਜਿਸ ਦੀ ਸਮੇਂ ਸਿਰ ਨਾ ਰਾਜ ਸਰਕਾਰਾਂ ਨੇ ਤੇ ਨਾ ਕੇਂਦਰੀ ਸਰਕਾਰਾਂ ਨੇ ਹੀ ਸਾਰ ਲਈ। ਅੱਜ ਨੀਤੀ ਆਯੋਗ ਦੀ ਰਿਪੋਰਟ ਦੱਸਦੀ ਹੈ ਕਿ ਪੰਜਾਬ ਦੇ 133 ਵਿਚੋਂ 109 ਬਲਾਕ ਡਾਰਕ ਜ਼ੋਨ ਵਿੱਚ ਪੈਂਦੇ ਹਨ। ਦੂਜੇ ਪਾਸੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀ ਇਕ ਰਿਪੋਰਟ ਅਨੁਸਾਰ 2039 ਤੱਕ ਪੰਜਾਬ ਦੀ ਜ਼ਮੀਨ ਹੇਠਲੇ ਪਾਣੀ ਦਾ ਪੱਧਰ 300 ਮੀਟਰ ਤੋਂ ਵੀ ਹੇਠਾਂ ਚਲਾ ਜਾਵੇਗਾ। ਵਿਗਿਆਨਕ ਖੋਜਾਂ ਮੁਤਾਬਿਕ ਜ਼ਮੀਨ ਦੇ ਪਹਿਲੇ 100 ਮੀਟਰ ਜਾਂ 328 ਫੁੱਟ ਤੱਕ ਦਾ ਪਾਣੀ ਹੀ ਪੀਣਯੋਗ ਤੇ ਚੰਗੀ ਕਵਾਲਟੀ ਦੇ ਤੱਤਾਂ ਵਾਲਾ ਹੁੰਦਾ ਹੈ। 300 ਮੀਟਰ ਤੋਂ ਹੇਠਲਾ ਪਾਣੀ ਬੁਰੀ ਤਰ੍ਹਾਂ ਦੂਸ਼ਿਤ ਤੇ ਨੁਕਸਾਨਦੇਹ ਹੈ, ਜਿਸ ਵਿੱਚ ਫਲੋਰਾਇਡ, ਕਲੋਰਾਇਡ, ਨਾਇਟ੍ਰੇਟ ਤੇ ਯੂਰੇਨੀਅਮ ਵਰਗੇ ਭਾਰੇ ਤੱਤ ਪਾਏ ਜਾਂਦੇ ਹਨ। ਇਹ ਪਾਣੀ ਨਾ ਪੀਣ ਲਈ ਤੇ ਨਾ ਸਿੰਚਾਈ ਲਈ ਯੋਗ ਹੈ। 2029 ਤੱਕ ਪੰਜਾਬ ਦੇ ਪਹਿਲੇ 100 ਮੀਟਰ ਦਾ ਪਾਣੀ ਖ਼ਤਮ ਹੋ ਜਾਵੇਗਾ ਤੇ 2039 ਤੱਕ ਭਾਵ ਅਗਲੇ 17 ਸਾਲ ਵਿੱਚ ਇਹ ਪੱਧਰ 300 ਮੀਟਰ ਤੋਂ ਵੀ ਹੇਠਾਂ ਡਿਗ ਜਾਵੇਗਾ। ਅਜਿਹਾ ਪਾਣੀ ਪੀਣ ਨੂੰ ਤਾਂ ਦੂਰ ਫ਼ਸਲਾਂ ਦੀ ਸਿੰਚਾਈ ਲਈ ਵੀ ਯੋਗ ਨਹੀ ਹੁੰਦਾ ਤੇ ਇਸ ਤੋਂ ਪੈਦਾ ਹੋਈ ਫਸਲ ਵੀ ਮਨੁੱਖੀ ਖਪਤ ਦੇ ਯੋਗ ਨਹੀ ਹੁੰਦੀ। ਜੇਕਰ ਪੰਜਾਬ ਦੀ ਧਰਤੀ ਹੀ ਬੰਜਰ ਹੋ ਗਈ ਤਾਂ ਇਸ ਦਾ ਅਸਰ ਪੰਜਾਬ ਦੇ ਨਾਲ-ਨਾਲ ਦੇਸ਼ ਦੀ ਖੁਰਾਕ ਸੁਰੱਖਿਆ 'ਤੇ ਪੈਣਾ ਲਾਜ਼ਮੀ ਹੈ। ਇਸੇ ਲਈ ਇਸ ਮਸਲੇ ਨਾਲ ਸਬੰਧਿਤ ਰਿਪੋਰਟਾਂ ਵਿਚ ਉੱਚ ਪਾਣੀ ਦੀ ਖਪਤ ਵਾਲੀ ਫ਼ਸਲ ਝੋਨੇ ਦੇ ਬਦਲ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਇਕ ਕਿਲੋ ਚੌਲ ਦੇ ਉਤਪਾਦਨ ਲਈ 5000 ਲੀਟਰ ਪਾਣੀ ਦੀ ਖਪਤ ਹੁੰਦੀ ਹੈ। 1970-71 ਵਿੱਚ ਪੰਜਾਬ ਦਾ 9.62 ਪ੍ਰਤੀਸ਼ਤ ਰਕਬਾ ਝੋਨੇ ਹੇਠ ਸੀ ਜੋ ਅੱਜ ਲਗਭਗ 87 ਪ੍ਰਤੀਸ਼ਤ ਤੱਕ ਆ ਚੁੱਕਾ ਹੈ ਪਰ ਫਿਰ ਵੀ ਇਸ ਸਮੱਸਿਆ ਦਾ ਕੋਈ ਠੋਸ ਬਦਲ ਸਮੇਂ ਦੀਆਂ ਸਰਕਾਰਾਂ ਪੇਸ਼ ਨਹੀ ਕਰ ਸਕੀਆਂ। ਝੋਨਾ ਇਕ ਉੱਚ ਭੁਗਤਾਨ ਵਾਲੀ ਫ਼ਸਲ ਹੈ ਤੇ ਇਸ 'ਤੇ ਸਮਰਥਨ ਮੁੱਲ ਦੀ ਵੀ ਸਹੂਲਤ ਹੈ ਜਿਸ ਕਰਕੇ ਇਸ ਦੇ ਬਰਾਬਰ ਦਾ ਬਦਲ ਪੇਸ਼ ਕਰਨਾ ਅੱਜ ਸਰਕਾਰਾਂ ਲਈ ਵੱਡੀ ਚੁਣੌਤੀ ਬਣ ਚੁੱਕਾ ਹੈ।

ਇਸ ਤੋਂ ਇਲਾਵਾ ਪੰਜਾਬ ਸ਼ੁਰੂ ਤੋਂ ਹੀ ਇਕ ਖੇਤੀ ਪ੍ਰਧਾਨ ਸੂਬਾ ਰਿਹਾ ਹੈ ਪਰ ਸਮੇਂ ਨਾਲ ਇਥੇ ਉਦਯੋਗਿਕ ਸੈਕਟਰ ਦਾ ਵਿਕਾਸ ਨਹੀਂ ਹੋ ਸਕਿਆ। ਪੰਜਾਬ ਦੀ ਲੈਂਡਲਾਕ ਸਥਿਤੀ ਭਾਵ ਕਿਸੇ ਵੀ ਪਾਸੇ ਸਮੁੰਦਰ ਨਾਲ ਨਾ ਲੱਗਣ ਕਰਕੇ ਵੀ ਕੱਚੇ ਤੇ ਤਿਆਰ ਮਾਲ ਦੀ ਢੋਆ-ਢੁਆਈ ਮਹਿੰਗੀ ਪੈਣ ਕਰਕੇ ਵੱਡੇ ਉਦਯੋਗ ਇਥੇ ਨਹੀਂ ਆਏ ਤੇ ਛੋਟੇ ਉਦਯੋਗ ਤੇ ਫਾਰਮਾਂ ਕੰਪਨੀਆਂ ਵੀ ਸਮੇਂ ਦੀਆਂ ਸਰਕਾਰਾਂ ਦੀ ਅਲਗਰਜ਼ੀ ਤੇ ਸਹੂਲਤਾਂ ਦੀ ਘਾਟ ਕਰਕੇ ਗੁਆਂਢੀ ਸੂਬਿਆਂ ਵੱਲ ਪ੍ਰਵਾਸ ਕਰ ਗਈਆਂ। ਅੱਜ ਆਈ.ਟੀ ਸੈਕਟਰ ਤੇ ਸਟਾਰਟ ਅੱਪ ਕਲਚਰ ਦੇ ਦੌਰ ਵਿੱਚ ਪੰਜਾਬ ਬੰਗਲੌਰ, ਹੈਦਰਾਬਾਦ, ਪੂਨੇ ਜਾਂ ਨੋਇਡਾ ਵਰਗੀ ਕੋਈ ਵੀ ਆਈ.ਟੀ ਸਿਟੀ ਵਿਕਸਤ ਨਹੀਂ ਕਰ ਸਕਿਆ। 2018 ਵਿੱਚ ਭਾਵੇਂ ਮੁਹਾਲੀ ਵਿੱਚ ਇਸ ਤਰ੍ਹਾਂ ਦਾ ਹੱਬ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਇਹ ਪਹਿਲ ਕਾਲ ਸੈਂਟਰਾਂ ਦੀਆਂ ਘੱਟ ਤਨਖਾਹ ਵਾਲੀਆਂ ਨੌਕਰੀਆਂ ਤੱਕ ਹੀ ਸਿਮਟ ਗਈ ਤੇ ਉੱਚ ਤਨਖਾਹ ਦੇਣ ਵਾਲੀਆਂ ਕੰਪਨੀਆਂ ਇਥੇ ਨਹੀਂ ਆਈਆਂ ਜਿਸ ਕਾਰਨ ਉੱਚ ਟੈਕਨੀਕਲ ਸਿੱਖਿਆ ਪ੍ਰਾਪਤ ਵਿਦਿਆਰਥੀ ਵੀ ਨੌਕਰੀ ਲਈ ਇਥੋਂ ਬਾਹਰ ਭੱਜ ਰਹੇ ਹਨ ਤੇ ਦੂਜੇ ਪਾਸੇ ਨਿੱਘਰਦੀ ਖੇਤੀ ਕਾਰਨ ਪਿੰਡਾਂ ਦੇ ਪਿੰਡ ਕੈਨੇਡਾ, ਆਸਟ੍ਰੇਲਿਆ ਅਤੇ ਹੋਰ ਪੱਛਮੀ ਮੁਲਕਾਂ ਵੱਲ ਰੁਜ਼ਗਾਰ ਦੀ ਭਾਲ ਵਿੱਚ ਪ੍ਰਵਾਸ ਕਰਕੇ ਖਾਲੀ ਹੋ ਰਹੇ ਹਨ। ਜੋ ਨੌਜਵਾਨ ਇੱਥੇ ਹਨ ਉਨ੍ਹਾਂ ਵਿਚੋਂ ਵੀ ਕਈ ਨਿਰਾਸ਼ ਹੋ ਕੇ ਨਸ਼ਿਆਂ ਦੇ ਦਲ-ਦਲ ਵਿੱਚ ਲਗਾਤਾਰ ਫਸ ਰਹੇ ਹਨ। ਭਾਵ ਹਰ ਪਾਸੇ ਬਰਬਾਦੀ ਪਸਰ ਰਹੀ ਹੈ ਫਿਰ ਚਾਹੇ ਉਹ ਖੇਤੀ ਜਾਂ ਕਾਰੋਬਾਰਾਂ ਦੇ ਅਸਫ਼ਲ ਹੋਣ ਕਰਕੇ ਹੋਵੇ ਜਾਂ ਬੰਜਰ ਹੁੰਦੀ ਧਰਤੀ ਤੇ ਦੂਸ਼ਿਤ ਪਾਣੀ ਕਾਰਨ ਕੈਂਸਰ ਵਰਗੀਆਂ ਬਿਮਾਰੀਆਂ ਦੇ ਰੂਪ ਵਿੱਚ ਜਾਂ ਵੱਡੇ ਪੱਧਰ ਤੇ ਪ੍ਰਵਾਸ ਜਾਂ ਫਿਰ ਨਸ਼ੇ ਦੇ ਕਹਿਰ ਦੇ ਰੂਪ ਵਿੱਚ ਹੋਵੇ। ਇੰਝ ਜਾਪਦਾ ਹੈ ਕਿ ਪੰਜਾਬ ਹਰ ਪੱਖੋਂ ਗਰਕ ਜਾਵੇਗਾ। ਰਾਜਨੀਤਕ ਲੋਕ, ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ, ਜੋ ਵਾਰ-ਵਾਰ ਪੰਜਾਬ ਦੇ ਪੁੱਤਰ, ਰਾਖੇ ਤੇ ਫਿਕਰਮੰਦ ਹੋਣ ਦਾ ਦਾਅਵਾ ਕਰਦੇ ਹਨ, ਕਿਉਂ ਨਹੀਂ ਅਜਿਹੀ ਉਸਾਰੂ ਰਾਜਨੀਤੀ ਕਰਦੇ ਜੋ ਪੰਜਾਬ ਨੂੰ ਢਹਿੰਦੀ ਕਲਾ ਤੋਂ ਚੜ੍ਹਦੀ ਕਲਾ ਵੱਲ ਲਿਜਾ ਸਕੇ ਅੱਜ ਪੰਜਾਬ ਖੂਹ ਦੀ ਮੌਣ 'ਤੇ ਖੜ੍ਹਾ ਹੈ ਤੇ ਲੋੜ ਹੈ ਅਜਿਹੀ ਸਿਆਸਤ ਤੇ ਸਿਆਸਤਦਾਨਾਂ ਦੀ ਜੋ ਪੰਜਾਬ ਨੂੰ ਇਥੋਂ ਵਾਪਿਸ ਮੋੜ ਲਿਆਉਣ। ਜੇਕਰ ਅਜਿਹੀ ਉਸਾਰੂ ਸਿਆਸਤ ਕਰਨ ਵਾਲਾ ਕੋਈ ਸਿਆਸਤਦਾਨ ਪੰਜਾਬ ਵਿੱਚ ਹੈ ਤਾਂ ਉਸ ਨੂੰ ਇਹ ਸਾਬਿਤ ਕਰਨਾ ਹੋਵੇਗਾ ਤੇ ਪੰਜਾਬ ਦੀ ਬਾਂਹ ਫੜਨੀ ਹੋਵੇਗੀ ਤਾਂ ਜੋ ਪੰਜਾਬ ਨੂੰ ਮੁੜ ਘੱਟੋ ਘੱਟ ਰਹਿਣ ਯੋਗ ਥਾਂ ਬਣਾਇਆ ਜਾ ਸਕੇ।





# ਆਲੀਸ਼ਾਨ ਵਿਆਹ ਕਰਨ ਲਈ 75 ਤੋਂ 80 ਫ਼ੀਸਦੀ ਲੋਕ ਲੈਂਦੇ ਨੇ ਕਰਜ਼

## ਖ਼ਰਚੀਲੇ ਵਿਆਹਾਂ ਨੇ ਕਰਜ਼ਾਈ ਕੀਤੇ ਲੋਕ

ਨਰਿੰਦਰ



ਇਨ੍ਹੀਂ ਦਿਨੀਂ ਪੂਰੀ ਦੁਨੀਆਂ ਵਿੱਚ ਮੁਕੇਸ਼ ਅੰਬਾਨੀ ਦੇ ਬੇਟੇ ਅਨੰਤ ਦੇ ਵਿਆਹ ਦੀ ਚਰਚਾ ਹੈ। ਹਾਲੇ ਵਿਆਹ ਨਹੀਂ ਹੋਇਆ, ਸਿਰਫ਼ ਵਿਆਹ ਤੋਂ ਪਹਿਲਾਂ ਹੋਣ ਵਾਲਾ ਪ੍ਰੀ-ਵੈਡਿੰਗ ਵਾਲੀਆਂ ਰਸਮਾਂ ਹੀ ਹੋਈਆਂ ਹਨ ਅਤੇ ਇਸ ਨਾਲ ਸੰਬੰਧਿਤ ਪ੍ਰੋਗਰਾਮਾਂ ਵਿੱਚ ਜੋ ਪੂਰੀ ਦੁਨੀਆ ਦੇ ਮੀਡੀਆ ਵਿੱਚ ਚਰਚਾ ਹੋਈ ਹੈ। ਗੱਲ ਅੰਬਾਨੀ ਪਰਿਵਾਰ ਦੇ ਵਿਆਹ ਦੀ ਹੀ ਨਹੀਂ, ਸਗੋਂ ਦੇਸ਼ ਭਰ ਵਿੱਚ ਹੋਰ ਲੋਕਾਂ ਵਲੋਂ ਵੀ ਰਿਜ਼ਾਰਟਾਂ ਵਿੱਚ ਬੇਹੱਦ ਮਹਿੰਗੇ ਵਿਆਹ ਕੀਤੇ ਜਾਂਦੇ ਹਨ।

ਪਿਛਲੇ ਕਈ ਸਾਲਾਂ ਤੋਂ ਦੇਸ਼ ਦੇ ਕਈ ਸਮਾਜ ਸੁਧਾਰਕ ਇਹ ਕਹਿਣ ਲੱਗੇ ਹਨ ਕਿ ਰਿਜ਼ਾਰਟ ਵਿੱਚ ਹੁੰਦੇ ਵਿਆਹ ਨਵੇਂ ਜ਼ਮਾਨੇ ਦੀ ਬੁਰਾਈ ਹੈ। ਵਿਆਹ-ਸ਼ਾਦੀ 'ਤੇ ਬੁਲਾਏ ਗਏ ਲੋਕਾਂ ਵਲੋਂ ਹੁੰਦੇ ਖੁੱਲ੍ਹੇ ਖ਼ਰਚ ਵੱਲ ਦੇਖ ਕੇ ਦਰਮਿਆਨੇ ਤਬਕੇ ਦੇ ਲੋਕ ਵੀ ਰੀਸ ਕਰਨ ਲਗਦੇ ਹਨ। ਦੇਖੋ-ਦੇਖੀ ਅਜਿਹਾ ਕਰਦਿਆਂ ਉਹ ਕਰਜ਼ੇ ਦੇ ਜਾਲ 'ਚ ਫਸ ਜਾਂਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਭਾਰਤ ਵਿੱਚ ਜ਼ਿਆਦਾ ਖ਼ਰਚ ਹਮੇਸ਼ਾ ਤੋਂ ਇੱਕ ਸਮਾਜਿਕ ਬੁਰਾਈ ਦੇ ਦਾਇਰੇ ਵਿੱਚ ਹੀ ਰਿਹਾ ਹੈ। ਆਜ਼ਾਦੀ ਤੋਂ ਬਾਅਦ ਜਦੋਂ ਭਾਰਤ ਵਿੱਚ ਇਸ ਕਦਰ ਗ਼ਰੀਬੀ ਸੀ ਕਿ 30 ਤੋਂ 40 ਫ਼ੀਸਦੀ ਤੱਕ ਲੋਕ ਰੋਜ਼ ਭਰ ਪੇਟ ਭੋਜਨ ਨਹੀਂ ਖਾ ਸਕਦੇ ਸਨ, ਉਦੋਂ ਉਨ੍ਹਾਂ ਦਿਨਾਂ ਵਿੱਚ ਸਿੱਖ ਧਾਰਮਿਕ ਆਗੂਆਂ ਅਤੇ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ ਅਤੇ ਰਾਜਸਥਾਨ ਵਿੱਚ ਪ੍ਰਭਾਵਸ਼ਾਲੀ ਖਾਪ ਪੰਚਾਇਤਾਂ ਸਮਾਜ ਸੁਧਾਰ ਦੇ ਨਾਂਅ 'ਤੇ ਸਭ ਤੋਂ ਪਹਿਲਾਂ ਜਿਸ ਸਰਗਰਮੀ ਨੂੰ ਫ਼ਜ਼ੂਲਖਰਚੀ ਦੱਸਿਆ ਕਰਦੀਆਂ ਸਨ, ਉਹ ਕੁਝ ਹੋਰ ਨਹੀਂ ਇਹ ਵਿਆਹ ਹੀ ਹੋਇਆ ਕਰਦੇ ਸਨ। ਸਾਲ 1965 ਤੋਂ ਬਾਅਦ ਜਦੋਂ ਭਾਰਤ ਨੂੰ ਪਾਕਿਸਤਾਨ ਨਾਲ ਇੱਕ ਹੋਰ ਯੁੱਧ ਲੜਨਾ ਪਿਆ ਅਤੇ ਦੇਸ਼ ਵੱਡੇ ਪੱਧਰ 'ਤੇ ਅਨਾਜ ਸੰਕਟ ਦਾ ਸ਼ਿਕਾਰ ਸੀ, ਉਨ੍ਹੀਂ ਦਿਨੀਂ ਵਿਆਹਾਂ ਲਈ ਸਰਕਾਰ ਵੱਲੋਂ ਗਾਈਡ ਲਾਈਨ ਬਣਾਈ ਗਈ ਸੀ, ਜਿਸ ਅਨੁਸਾਰ ਕਿਸੇ ਵੀ ਵਿਆਹ ਵਿੱਚ 25 ਤੋਂ ਜ਼ਿਆਦਾ ਮਹਿਮਾਨ ਨਹੀਂ ਸ਼ਾਮਿਲ ਹੋ ਸਕਦੇ ਸਨ। ਬਾਅਦ ਵਿੱਚ ਜਿਵੇਂ-ਜਿਵੇਂ ਸਾਡੀ ਖੇਤੀ ਦੀ ਪੈਦਾਵਾਰ ਅਤੇ ਦੂਜੇ ਖੇਤਰਾਂ ਵਿੱਚ ਆਰਥਿਕ ਤਰੱਕੀ ਹੋਣ ਲੱਗੀ ਉਵੇਂ-ਉਵੇਂ ਹੀ ਇਹ ਸਮਾਜਿਕ ਨਿਯਮ ਟੁੱਟਣੇ ਸ਼ੁਰੂ ਹੋ ਗਏ।



ਭਾਰਤ ਵਿੱਚ ਵਿਆਹਾਂ ਦਾ ਸਾਲਾਨਾ ਬਾਜ਼ਾਰ ਕਰੀਬ 3 ਲੱਖ 80 ਹਜ਼ਾਰ ਕਰੋੜ ਰੁਪਏ ਦਾ ਹੈ। ਉਂਝ ਅਰਥਵਿਵਸਥਾ ਵਿੱਚ ਕੋਈ ਵੀ ਖ਼ਰਚ ਕਦੀ ਵੀ ਨੁਕਸਾਨਦਾਇਕ ਨਹੀਂ ਹੁੰਦਾ, ਉਸ ਨਾਲ ਕਈ ਲੋਕਾਂ ਨੂੰ ਆਰਥਿਕ ਫ਼ਾਇਦੇ ਵੀ ਹੁੰਦੇ ਹਨ ਅਤੇ ਸਮਾਜ ਵਿੱਚ ਆਰਥਿਕ ਸਰਗਰਮੀਆਂ ਵੀ ਵਧਦੀਆਂ ਹਨ। ਪਰ ਵਿਆਹਾਂ ਵਿੱਚ 30 ਫ਼ੀਸਦੀ ਤੋਂ ਜ਼ਿਆਦਾ ਖ਼ਰਚ ਖਾਣਪੀਣ 'ਤੇ ਹੁੰਦਾ ਹੈ ਅਤੇ ਇਸ ਖਾਣ-ਪੀਣ ਦੀ ਵਿਵਸਥਾ ਵਿੱਚ ਜਿੰਨਾ ਕੁਝ ਖਾਧਾ ਜਾਂਦਾ ਹੈ, ਉਸ ਤੋਂ ਜ਼ਿਆਦਾ ਬਰਬਾਦ ਵੀ ਹੁੰਦਾ ਹੈ। ਇਸ ਲਈ ਇਸ ਬਰਬਾਦੀ ਦਾ ਫ਼ਾਇਦਾ ਕਿਸੇ ਨੂੰ ਨਹੀਂ ਹੁੰਦਾ। ਇਸੇ ਤਰ੍ਹਾਂ ਵਿਆਹਾਂ ਵਿੱਚ 20 ਫ਼ੀਸਦੀ ਖ਼ਰਚ ਗਿਫ਼ਟ ਆਦਿ ਦਾ ਹੁੰਦਾ ਹੈ। ਇਹ ਖ਼ਰਚ ਵੀ ਅਰਥ ਵਿਵਸਥਾ ਵਿੱਚ ਢੇਰ ਸਾਰੇ ਮਿਲੇ ਗਿਫ਼ਟਾਂ 'ਤੇ ਹੁੰਦਾ ਹੈ ਜੋ ਅਕਸਰ ਡੰਪ ਹੋ ਜਾਂਦੇ ਹਨ, ਜਿਨ੍ਹਾਂ ਦੀ ਕੋਈ ਵਰਤੋਂ ਨਹੀਂ ਹੁੰਦੀ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਸ਼ਾਨੋ-ਸ਼ੌਕਤ ਨਾਲ ਭਰੇ ਵਿਆਹ ਦੇਖ ਕੇ ਦੂਜੇ ਲੋਕ ਵੀ ਇਸੇ ਰਾਹ 'ਤੇ ਚੱਲਣ ਨੂੰ ਮਜਬੂਰ ਹੋ ਜਾਂਦੇ ਹਨ। ਚਾਹੇ ਇਸ ਨੂੰ ਉਨ੍ਹਾਂ ਦੀ ਆਪਣੀ ਸਮਾਜਿਕ ਹੈਸੀਅਤ ਬਣਾਈ ਰੱਖਣ ਦੀ ਤਾਕਤ ਕਹੋ ਜਾਂ ਕੁਝ ਹੋਰ ਪਰ ਸੱਚਾਈ ਇਹੀ ਹੈ ਕਿ ਐਸ਼ੋ-ਇਸ਼ਰਤ ਨਾਲ ਹੁੰਦੇ ਵਿਆਹ ਉਨ੍ਹਾਂ ਲੋਕਾਂ ਲਈ ਗਲੇ ਦਾ ਫੰਦਾ ਬਣ ਜਾਂਦੇ ਹਨ, ਜਿਨ੍ਹਾਂ ਕੋਲ ਪੈਸੇ ਤਾਂ ਨਹੀਂ ਹੁੰਦੇ ਪਰ ਇਨ੍ਹਾਂ ਨੂੰ ਦੇਖ ਕੇ ਖ਼ੁਦ ਵੀ ਇਸ ਤਰ੍ਹਾਂ ਕਰਨ ਦੀ ਸੋਚਦੇ ਹਨ।



ਭਾਰਤੀ ਫਿਲਮਾਂ ਵਿੱਚ ਹੋਣ ਵਾਲੇ ਆਲੀਸ਼ਾਨ ਵਿਆਹ ਇਸੇ ਭਾਰਤ, ਇਸ ਦੇਸ਼ ਦੇ ਮੱਧਵਰਗ 'ਤੇ ਜ਼ਬਰਦਸਤ ਦਬਾਅ ਅਤੇ ਤਣਾਅ ਵਧਾਉਂਦੇ ਹਨ, ਕਿਉਂਕਿ ਇਸ ਵਰਗ ਦੀ ਨਵੀਂ ਪੀੜ੍ਹੀ ਖ਼ੁਦ ਵੀ ਇਸ ਤਰ੍ਹਾਂ ਦੇ ਵਿਆਹ ਕਰਨਾ ਚਾਹੁੰਦੀ ਹੈ, ਜਿਸ ਦਾ ਬੋਝ ਮਾਂ-ਬਾਪ ਦੇ ਨਾਲ-ਨਾਲ ਉਨ੍ਹਾਂ ਨੂੰ ਵੀ ਲੰਮੇ ਸਮੇਂ ਤੱਕ ਉਠਾਉਣਾ ਪੈਂਦਾ ਹੈ। ਇਹ ਸਭ ਅਚਾਨਕ ਨਹੀਂ ਹੁੰਦਾ। ਭਾਰਤ ਵਿੱਚ ਲਏ ਜਾਣ ਵਾਲੇ ਸਭ ਤਰ੍ਹਾਂ ਦੇ ਕਰਜ਼ਿਆਂ ਵਿੱਚ 80 ਫ਼ੀਸਦੀ ਕਰਜ਼ ਇਕੱਲੇ ਵਿਆਹਾਂ ਲਈ ਲਏ ਜਾਂਦੇ ਹਨ। ਲੋਕ ਆਪਣੀ ਜ਼ਿੰਦਗੀ ਭਰ ਦੀ ਕਮਾਈ ਦਾ 20 ਫ਼ੀਸਦੀ ਤੋਂ ਵੀ ਜ਼ਿਆਦਾ ਹਿੱਸਾ ਇਨ੍ਹਾਂ ਵਿਆਹਾਂ 'ਤੇ ਖ਼ਰਚ ਕਰ ਦਿੰਦੇ ਹਨ। ਜਿਨ੍ਹਾਂ ਕੋਲ ਠੀਕ-ਠਾਕ ਪੈਸੇ ਹੁੰਦੇ ਹਨ, ਉਨ੍ਹਾਂ ਨੂੰ ਇਸ ਦਾ ਕਾਫ਼ੀ ਦਬਾਅ ਝੱਲਣਾ ਪੈਂਦਾ ਹੈ। ਭਾਰਤੀ ਵਿਆਹਾਂ ਦਾ ਸਭ ਤੋਂ ਜ਼ਿਆਦਾ ਅਸਰ ਸਿਰਫ਼ ਸ਼ਹਿਰਾਂ ਵਿੱਚ ਹੀ ਨਹੀਂ, ਪਿੰਡਾਂ 'ਤੇ ਵੀ ਪੈਂਦਾ ਹੈ। ਜਦੋਂ ਸ਼ਹਿਰਾਂ ਵਿੱਚ ਆਮ ਵਿਆਹ 4 ਤੋਂ 5 ਲੱਖ ਵਿੱਚ ਹੋ ਜਾਂਦੇ ਸਨ, ਉਦੋਂ ਪਿੰਡਾਂ ਵਿੱਚ ਇਸ ਤਰ੍ਹਾਂ ਦੇ ਵਿਆਹ 50 ਹਜ਼ਾਰ ਤੋਂ 1 ਲੱਖ ਰੁਪਏ ਦਰਮਿਆਨ ਹੋ ਜਾਂਦੇ ਸਨ। ਅੱਜ ਸ਼ਹਿਰੀ ਮੱਧਵਰਗ ਨੂੰ ਆਪਣੇ ਵਿਆਹਾਂ ਵਿੱਚ ਔਸਤਨ 20 ਲੱਖ ਰੁਪਏ ਖ਼ਰਚ ਕਰਨੇ ਪੈਂਦੇ ਹਨ ਜਿਸ ਕਾਰਨ ਪਿੰਡਾਂ ਵਿੱਚ ਹੋਣ ਵਾਲੇ ਵਿਆਹਾਂ ਦਾ ਖ਼ਰਚ ਵੀ ਔਸਤਨ 4 ਤੋਂ 7 ਲੱਖ ਤੱਕ ਹੋ ਗਿਆ ਹੈ। ਜੇਕਰ ਇਸ ਪੈਸੇ ਦੀ ਆਸਾਨੀ ਨਾਲ ਸਭ ਨੂੰ ਪ੍ਰਾਪਤੀ ਹੋ ਜਾਵੇ ਤਾਂ ਭਲਾ ਮਹਿੰਗੇ ਵਿਆਹ ਕਿਉਂ ਨੁਕਸਾਨਦਾਇਕ ਹੋਣ? ਪਰ ਹਕੀਕਤ ਇਹ ਹੈ ਕਿ ਸਭ ਜੱਦੋ-ਜਹਿਦ ਕਰਨ ਤੋਂ ਬਾਅਦ ਵੀ 75 ਤੋਂ 80 ਫ਼ੀਸਦੀ ਲੋਕ ਵਿਆਹਾਂ ਲਈ ਕਰਜ਼ ਲੈਂਦੇ ਹਨ, ਉਧਾਰ ਲੈਂਦੇ ਹਨ ਅਤੇ ਫਿਰ ਜ਼ਿੰਦਗੀ ਦਾ ਇਕ ਵੱਡਾ ਹਿੱਸਾ ਇਸ ਲਈ ਲਏ ਕਰਜ਼ੇ ਨੂੰ ਲਾਹੁਣ ਵਿਚ ਲਗਾ ਦਿੰਦੇ ਹਨ।

ਜਿਸ ਤਰ੍ਹਾਂ ਅੱਜ ਕਲ੍ਹ ਵਿਆਹਾਂ ਤੋਂ ਪਹਿਲਾਂ ਦੀਆਂ ਮਹਿਜ਼ ਕੁਝ ਰਸਮਾਂ ਵਿੱਚ ਲੱਖਾਂ ਰੁਪਏ ਪਾਣੀ ਦੀ ਤਰ੍ਹਾਂ ਵਹਾਏ ਜਾਂਦੇ ਹਨ, ਉਸ ਨੂੰ ਦੇਖ ਕੇ ਲਗਦਾ ਹੈ ਕਿ ਔਸਤ ਆਮਦਨ ਵਾਲੇ ਲੋਕਾਂ ਲਈ ਇਹ ਬੜਾ ਔਖਾ ਹੈ। ਚਾਹੀਦਾ ਤਾਂ ਇਹ ਹੈ ਕਿ ਭਾਵੇਂ ਤੁਸੀਂ ਆਪਣਾ ਹੀ ਪੈਸਾ ਖ਼ਰਚ ਕਰੋ, ਪਰ ਇਸ ਤਰ੍ਹਾਂ ਦਾ ਖ਼ਰਚ ਦੂਜਿਆਂ ਨੂੰ ਪ੍ਰਭਾਵਿਤ ਜ਼ਰੂਰ ਕਰਦਾ ਹੈ। ਇਸ ਲਈ ਨਿਸ਼ਚਿਤ ਰੂਪ ਨਾਲ ਵਿਆਹਾਂ 'ਤੇ ਖ਼ਰਚ ਕਰਨ ਦੇ ਸਮਾਜਿਕ ਅਤੇ ਸ਼ਾਸਕੀ ਦਿਸ਼ਾ ਨਿਰਦੇਸ਼ ਹੋਣੇ ਚਾਹੀਦੇ ਹਨ ਤਾਂ ਕਿ ਨਾ ਤਾਂ ਕਿਸੇ ਦੀ ਇੱਛਾ ਵਿੱਚ ਕੋਈ ਕਸਰ ਰਹਿ ਜਾਵੇ ਅਤੇ ਨਾ ਹੀ ਮਨਮਰਜ਼ੀ ਦਾ ਖ਼ਰਚ ਹੋਵੇ, ਇਸ ਲਈ ਜ਼ਰੂਰੀ ਹੈ ਕਿ ਇਸ ਤਰ੍ਹਾਂ ਦੇ ਵਿਆਹਾਂ ਦੇ ਸਮਾਗਮਾਂ 'ਤੇ ਖ਼ਰਚ ਸੰਬੰਧੀ ਕੋਈ ਢੁਕਵੀਂ ਪਹੁੰਚ ਬਣਾਈ ਜਾਵੇ ਤੇ ਗ਼ਰੀਬ ਲੋਕਾਂ ਨੂੰ ਵੀ ਵਿਆਹ 'ਤੇ ਖ਼ਰਚ ਕਰਨ ਲਈ ਅੱਡੀਆਂ ਚੁੱਕ ਕੇ ਫਾਹਾ ਨਾ ਲੈਣਾ।



# ਖ਼ਤਰੇ 'ਚ ਹੈ ਨੈਨੀਤਾਲ ਦੀ ਕੁਦਰਤੀ ਸੁੰਦਰਤਾ

## ਪਹਾੜੀ ਸੈਰ-ਸਪਾਟਾ ਸਥਾਨਾਂ ਨੂੰ ਉਨ੍ਹਾਂ ਦੀ ਸਮਰੱਥਾ ਅਨੁਸਾਰ ਵਿਕਸਤ ਕਰਨ ਦੀ ਲੋੜ





ਨੈਨੀਤਾਲ ਉੱਤਰਾਖੰਡ ਦਾ ਇੱਕ ਮਨਮੋਹਕ ਸੈਰ-ਸਪਾਟਾ ਸਥਾਨ ਹੈ, ਜੋ ਕਿ 1939 ਮੀਟਰ ਦੀ ਉਚਾਈ 'ਤੇ ਸਥਿਤ ਹੈ। ਨੈਨੀ ਝੀਲ ਦੇ ਆਲੇ-ਦੁਆਲੇ ਫੈਲੀਆਂ ਪਹਾੜੀਆਂ ਕਾਰਨ ਇਹ ਕਟੋਰੇ ਦੇ ਆਕਾਰ ਦਾ ਸ਼ਹਿਰ ਹੈ। ਇਸ ਖ਼ੂਬਸੂਰਤ ਸ਼ਹਿਰ ਨੂੰ ਕੁਝ ਅੰਗਰੇਜ਼ਾਂ ਨੇ 1839 ਵਿੱਚ ਲੱਭਿਆ ਸੀ ਜਦੋਂ ਉਹ ਕਿਸੇ ਕੰਮ ਲਈ ਇੱਥੇ ਪਹੁੰਚੇ ਸਨ। ਸੰਨ 1841 ਵਿੱਚ ਬੈਂਟਨ ਅਤੇ ਬੈਰਨ ਨਾਂ ਦੇ ਦੋ ਅੰਗਰੇਜ਼ਾਂ ਨੇ ਇਸ ਨੂੰ ਵਸਾਉਣ ਦਾ ਕੰਮ ਸ਼ੁਰੂ ਕੀਤਾ ਅਤੇ 1842 ਵਿੱਚ ਸਥਾਨਕ ਸਮੱਗਰੀ ਨਾਲ ਇੱਥੇ 10 ਘਰ ਬਣਾਏ। ਇੱਥੋਂ ਦੀ ਕੁਦਰਤੀ ਸੁੰਦਰਤਾ ਤੋਂ ਆਕਰਸ਼ਿਤ ਹੋ ਕੇ ਅੰਗਰੇਜ਼ ਹੌਲੀ-ਹੌਲੀ ਇੱਥੇ ਵੱਸਣ ਲੱਗੇ ਅਤੇ 1901 ਤੱਕ ਇੱਥੋਂ ਦੀ ਆਬਾਦੀ 7500 ਦੇ ਕਰੀਬ ਪਹੁੰਚ ਗਈ। ਇਸ ਸਮੇਂ ਇਸ ਦੀ ਆਬਾਦੀ 80 ਹਜ਼ਾਰ ਦੇ ਕਰੀਬ ਹੈ ਅਤੇ ਗਰਮੀਆਂ ਦੇ ਮੌਸਮ ਵਿੱਚ ਹਰ ਹਫ਼ਤੇ ਇੰਨੀ ਹੀ ਗਿਣਤੀ ਵਿੱਚ ਸੈਲਾਨੀ ਇੱਥੇ ਆਉਂਦੇ ਹਨ।

ਪ੍ਰਸਿੱਧ ਭੂ-ਵਿਗਿਆਨੀ ਪ੍ਰੋ. ਸੀ.ਸੀ. ਪੰਤ ਅਨੁਸਾਰ ਨੈਨੀਤਾਲ ਸ਼ਹਿਰ ਦੀ ਭੂਗੋਲਿਕ ਸਥਿਤੀ ਇੱਥੋਂ ਦੇ ਹੋਰਨਾਂ ਸ਼ਹਿਰਾਂ ਨਾਲੋਂ ਵੱਖਰੀ ਹੈ। ਇਹ ਸ਼ਹਿਰ ਭੂ-ਵਿਗਿਆਨਕ ਤੌਰ 'ਤੇ ਬਹੁਤ ਸੰਵੇਦਨਸ਼ੀਲ ਹੈ। ਇਹ ਭੂਚਾਲਾਂ ਲਈ ਬਣਾਏ ਗਏ 'ਜ਼ੋਨ 04' ਵਿੱਚ ਆਉਂਦਾ ਹੈ। ਭੂ-ਵਿਗਿਆਨਕ ਗਤੀਵਿਧੀਆਂ ਕਾਰਨ ਇੱਥੇ ਪਹਾੜਾਂ 'ਤੇ ਭੂਚਾਲ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ।

1867 ਤੋਂ ਇੱਥੋਂ ਦੀਆਂ ਪਹਾੜੀਆਂ 'ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਇਸ ਤੋਂ ਬਾਅਦ 1880, 1886, 1924, 1962 ਅਤੇ 1970 ਵਿੱਚ ਵੀ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰੀਆਂ। ਇਹ ਵੀ ਪਤਾ ਲੱਗਾ ਹੈ ਕਿ 1962 ਤੋਂ ਬਾਅਦ ਇੱਥੇ ਜ਼ਮੀਨ ਖਿਸਕਣ ਦੀ ਰਫ਼ਤਾਰ ਵੱਧ ਗਈ ਸੀ। ਕਿਤੇ ਕਿਤੇ ਇਹ ਵੀ ਦੱਸਿਆ ਗਿਆ ਹੈ ਕਿ 1880 ਵਿੱਚ ਕਿਸੇ ਭੂਚਾਲ ਦੀ ਗਤੀਵਿਧੀ ਕਾਰਨ, ਮੱਲੀਟਲ ਝੀਲ ਇੱਕ ਮੈਦਾਨ ਵਿੱਚ ਤਬਦੀਲ ਹੋ ਗਈ ਸੀ। ਢੋਆ-ਢੁਆਈ ਦੀ ਸਮਰੱਥਾ ਤੋਂ ਵੱਧ ਉਸਾਰੀ ਦੇ ਕੰਮ, ਜੰਗਲਾਂ ਦੀ ਤਬਾਹੀ, ਮਾਈਨਿੰਗ ਦਾ ਕੰਮ, ਕਮਜ਼ੋਰ ਸੀਵਰੇਜ ਸਿਸਟਮ ਆਦਿ ਕਾਰਨ ਇਸ ਸਮੇਂ ਸ਼ਹਿਰ ਦੇ ਤਿੰਨੋਂ ਪਾਸਿਆਂ ਦੀਆਂ ਪਹਾੜੀਆਂ/ ਢਿੱਗਾਂ ਡਿੱਗਣ ਕਾਰਨ ਤਰੇੜਾਂ ਆ ਰਹੀਆਂ ਹਨ, ਜਿਸ ਕਾਰਨ ਸ਼ਹਿਰ ਨੂੰ ਖਤਰਾ ਬਣਿਆ ਹੋਇਆ ਹੈ।

ਸਾਲ 1900 ਵਿੱਚ ਜਦੋਂ ਇਸ ਸਥਾਨ ਦੀ ਢੋਆ-ਢੁਆਈ ਦੀ ਸਮਰੱਥਾ ਜਾਣਨ ਦੀ ਮੰਗ ਉਠਾਈ ਗਈ ਤਾਂ ਅਧਿਐਨ ਦੇ ਆਧਾਰ 'ਤੇ ਇਸ ਨੂੰ 5000 ਦੀ ਆਬਾਦੀ ਲਈ ਢੁਕਵਾਂ ਦੱਸਿਆ ਗਿਆ। ਕਈ ਮਾਮਲਿਆਂ ਵਿੱਚ, ਸੁਪਰੀਮ ਕੋਰਟ ਅਤੇ ਰਾਜ ਹਾਈ ਕੋਰਟ ਨੇ ਝੀਲ ਦੇ ਆਲੇ ਦੁਆਲੇ ਪਹਾੜੀਆਂ ਦੀਆਂ ਕਮਜ਼ੋਰ ਢਲਾਣਾਂ 'ਤੇ ਨਿਰਮਾਣ ਕਾਰਜਾਂ 'ਤੇ ਪਾਬੰਦੀ ਲਗਾਉਣ ਲਈ ਕਿਹਾ ਸੀ। ਕੁਮਾਊ ਯੂਨੀਵਰਸਿਟੀ ਨੇ 2016 ਵਿੱਚ ਆਪਣੇ ਇੱਕ ਅਧਿਐਨ ਵਿੱਚ ਕਿਹਾ ਸੀ ਕਿ 2005 ਤੋਂ 2015 ਦਰਮਿਆਨ 50 ਫੀਸਦੀ ਜ਼ਿਆਦਾ ਨਿਰਮਾਣ ਕਾਰਜ ਪਾਬੰਦੀਸ਼ੁਦਾ ਖੇਤਰਾਂ ਵਿੱਚ ਹੋਏ। 2017 ਵਿੱਚ, ਰਾਜ ਹਾਈ ਕੋਰਟ ਨੇ ਨਾਗਪੁਰ ਦੇ 'ਨੈਸ਼ਨਲ ਐਨਵਾਇਰਮੈਂਟਲ ਇੰਜੀਨੀਅਰਿੰਗ ਇੰਸਟੀਚਿਊਟ' (ਨੀਰੀ) ਨੂੰ ਇਸ ਜਗ੍ਹਾ ਦੀ 'ਕੈਰਿੰਗ ਸਮਰੱਥਾ' ਦਾ ਮੁੜ ਅਧਿਐਨ ਕਰਨ ਲਈ ਕਿਹਾ ਸੀ।



ਸਾਲ 2023 'ਚ ਮਾਲ ਰੋਡ, ਟਿਫਿਨ ਟਾਪ ਅਤੇ ਵਿਊਪੁਆਇੰਟ ਅਤੇ ਅਲਮਾ ਹਿੱਲ 'ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਚਿਤਾਵਨੀ ਦਿੰਦੀਆਂ ਹਨ ਕਿ ਨੈਨੀਤਾਲ ਵੀ ਜੋਸ਼ੀਮਠ ਦੇ ਰਸਤੇ 'ਤੇ ਵਧ ਰਿਹਾ ਹੈ। ਇੱਥੋਂ ਦੀ ਮਸ਼ਹੂਰ ਮਾਲ ਰੋਡ 'ਤੇ 23 ਫਰਵਰੀ ਨੂੰ ਇੱਕ ਲੰਬੀ ਦਰਾੜ ਦੇਖਣ ਨੂੰ ਮਿਲੀ। ਸਾਲ 2004 ਅਤੇ 2018 ਵਿੱਚ ਜ਼ਮੀਨ ਖਿਸਕਣ ਕਾਰਨ ਲੋਅਰ ਮਾਲ ਰੋਡ ਦਾ ਵੱਡਾ ਹਿੱਸਾ ਢਹਿ ਗਿਆ ਅਤੇ ਝੀਲ ਵਿੱਚ ਡਿੱਗ ਗਿਆ। ਆਈ.ਆਈ.ਟੀ. ਅਤੇ ਹੋਰ ਸੰਸਥਾਵਾਂ ਅਨੁਸਾਰ ਮਾਲ ਰੋਡ ਦੇ ਖੇਤਰ ਵਿੱਚ ਜ਼ਮੀਨ ਹੇਠਾਂ ਸਖ਼ਤ ਚੱਟਾਨਾਂ ਦੀ ਘਾਟ ਕਾਰਨ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਪਿਛਲੇ ਸਾਲ ਮਈ ਮਹੀਨੇ ਵਿੱਚ ਟਿਫਨ ਟਾਪ ਅਤੇ ਵਿਊ ਪੁਆਇੰਟ ਦੇ ਆਲੇ-ਦੁਆਲੇ ਪਹਾੜੀਆਂ ਵਿੱਚ ਤਰੇੜਾਂ ਆਉਣ ਕਾਰਨ ਸੈਲਾਨੀਆਂ ਦੀ ਆਵਾਜਾਈ ਬੰਦ ਹੋ ਗਈ ਸੀ।

ਸਤੰਬਰ ਵਿੱਚ ਅਲਮਾ ਹਿੱਲ ਦੀਆਂ ਦਰਾਰਾਂ ਤੋਂ ਚਾਰ ਘਰ ਢਹਿ ਗਏ ਸਨ ਅਤੇ ਇਸ ਕਾਰਨ ਸਥਾਨਕ ਪ੍ਰਸ਼ਾਸਨ ਨੇ ਤੁਰੰਤ 250 ਹੋਰ ਘਰਾਂ ਨੂੰ ਖਾਲੀ ਕਰਵਾਇਆ ਸੀ। ਇਸ ਪਹਾੜੀ ਨੂੰ ਵਧੇਰੇ ਸੰਵੇਦਨਸ਼ੀਲ ਕਿਹਾ ਜਾਂਦਾ ਹੈ ਕਿਉਂਕਿ ਇਹ ਝੀਲ ਦੇ ਖੱਬੇ ਪਾਸੇ ਖੜ੍ਹੀ ਹੈ ਅਤੇ ਹੇਠਾਂ ਤੋਂ ਭੁਰਭੁਰੀ ਹੈ। ਪ੍ਰਸ਼ਾਸਨ ਵੱਲੋਂ ਧਿਆਨ ਨਾ ਦਿੱਤੇ ਜਾਣ ਕਾਰਨ ਪਿਛਲੇ 25-30 ਸਾਲਾਂ ਤੋਂ ਇੱਥੇ ਬਹੁਤ ਸਾਰੇ ਨਿਰਮਾਣ ਕਾਰਜ ਹੋਏ ਹਨ ਅਤੇ ਇਸ ਵੇਲੇ ਇੱਥੇ 10 ਹਜ਼ਾਰ ਦੇ ਕਰੀਬ ਲੋਕ ਰਹਿ ਰਹੇ ਹਨ।

1880 ਵਿੱਚ ਅੰਗਰੇਜ਼ਾਂ ਦੇ ਰਾਜ ਦੌਰਾਨ ਇਸ ਪਹਾੜੀ ਉੱਤੇ ਇੱਕ ਵੱਡੀ ਜ਼ਮੀਨ ਖਿਸਕਣ ਵਿੱਚ 42-43 ਅੰਗਰੇਜ਼ਾਂ ਸਮੇਤ 150 ਦੇ ਕਰੀਬ ਲੋਕ ਮਾਰੇ ਗਏ ਸਨ। ਜ਼ਮੀਨ ਖਿਸਕਣ ਦਾ 150 ਸਾਲ ਪੁਰਾਣਾ ਇਤਿਹਾਸ ਰੱਖਣ ਵਾਲੀ ਬਲੀਆ ਨਾਲਾ ਪਹਾੜੀ ਵੀ ਤਰੇੜਾਂ ਪਾ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਇੱਥੇ ਜ਼ਮੀਨ ਖਿਸਕਣ ਦੀ ਰਫ਼ਤਾਰ ਵਧੀ ਹੈ, ਜੋ ਸ਼ਹਿਰ ਅਤੇ ਝੀਲ ਦੋਵਾਂ ਲਈ ਖ਼ਤਰਨਾਕ ਹੈ। ਝੀਲ ਦਾ ਵਾਧੂ ਪਾਣੀ ਇਸ ਪਹਾੜੀ ਦੀ ਤਲਹਟੀ ਰਾਹੀਂ ਜੀਓਲੀਕੋਟ ਵੱਲ ਜਾਂਦਾ ਹੈ। ਸਾਲ 2018 'ਚ ਇਸ ਪਹਾੜੀ 'ਤੇ ਜ਼ਮੀਨ ਖਿਸਕਣ ਤੋਂ ਬਾਅਦ ਇੱਥੋਂ ਦੀ ਕ੍ਰਿਸ਼ਨਪੁਰਾ ਕਾਲੋਨੀ ਦੇ ਹਜ਼ਾਰਾਂ ਲੋਕਾਂ ਦਾ ਸੜਕੀ ਸੰਪਰਕ ਟੁੱਟ ਗਿਆ ਸੀ। ਕੁਮਾਊ ਯੂਨੀਵਰਸਿਟੀ ਦੇ ਅਧਿਐਨ ਅਨੁਸਾਰ ਨੈਨਾ ਪੀਕ ਪਹਾੜੀ ਦੇ ਦੱਖਣ-ਪੱਛਮ ਵਾਲੇ ਪਾਸੇ 65 ਮੀਟਰ ਲੰਬੀਆਂ, 1.5 ਮੀਟਰ ਚੌੜੀ ਅਤੇ 2.5 ਮੀਟਰ ਡੂੰਘੀਆਂ ਤਰੇੜਾਂ ਦੇਖੀਆਂ ਗਈਆਂ ਹਨ। ਮਾਰਚ 1987 ਅਤੇ ਜੁਲਾਈ 1988 ਵਿੱਚ ਇਸ ਪਹਾੜੀ ਉੱਤੇ ਜ਼ਮੀਨ ਖਿਸਕਣ ਕਾਰਨ 500 ਪਰਿਵਾਰ ਪ੍ਰਭਾਵਿਤ ਹੋਏ ਸਨ। ਭੂ-ਵਿਗਿਆਨੀ ਡਾ.ਕੇ.ਐਸ.ਵਾਲਡੀਆ ਨੇ ਇਸ ਪਹਾੜੀ 'ਤੇ ਹੋ ਰਹੇ ਢਿੱਗਾਂ ਦਾ ਡੂੰਘਾਈ ਨਾਲ ਅਧਿਐਨ ਕਰਨ ਤੋਂ ਬਾਅਦ ਸੁਰੱਖਿਆ ਲਈ ਛੇ ਉਪਾਅ ਸੁਝਾਏ ਸਨ, ਜਿਨ੍ਹਾਂ 'ਤੇ ਕੋਈ ਕੰਮ ਨਹੀਂ ਹੋਇਆ।



ਪੀਣ ਵਾਲੇ ਪਾਣੀ ਦਾ ਮੁੱਖ ਸਰੋਤ ਨੈਨੀ ਝੀਲ ਵੀ ਖ਼ਤਰੇ ਵਿੱਚ ਹੈ। ਬਰਸਾਤ ਦੇ ਮੌਸਮ ਦੌਰਾਨ ਆਲੇ-ਦੁਆਲੇ ਦੀਆਂ ਪਹਾੜੀਆਂ ਤੋਂ ਲਿਆਂਦੀ ਮਿੱਟੀ ਅਤੇ ਛੋਟੀਆਂ-ਛੋਟੀਆਂ ਜ਼ਮੀਨਾਂ ਦੇ ਮਲਬੇ ਕਾਰਨ ਇਹ ਨੀਵੀਂ ਹੁੰਦੀ ਜਾ ਰਹੀ ਹੈ ਅਤੇ ਪ੍ਰਦੂਸ਼ਣ ਵੀ ਵਧ ਰਿਹਾ ਹੈ। ਸਾਲ 2017 'ਚ ਪਾਣੀ ਦੀ ਜ਼ਿਆਦਾ ਦੁਰਵਰਤੋਂ ਕਾਰਨ ਝੀਲ 'ਚ ਪਾਣੀ ਦਾ ਪੱਧਰ 17-18 ਫੁੱਟ ਹੇਠਾਂ ਚਲਾ ਗਿਆ ਸੀ। ਜੇਕਰ ਜ਼ਮੀਨ ਖਿਸਕਣ ਨਾਲ ਝੀਲ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਇਸ ਦਾ ਪਾਣੀ 45 ਕਿਲੋਮੀਟਰ ਦੂਰ ਹਲਦਵਾਨੀ 'ਚ ਹੜ੍ਹ ਲਿਆ ਸਕਦਾ ਹੈ। ਭੂ-ਵਿਗਿਆਨੀਆਂ ਅਨੁਸਾਰ ਨੈਨੀ ਝੀਲ ਤੋਂ 400 ਮੀਟਰ ਦੂਰ ਇੱਕ ਭੂਮੀਗਤ ਝੀਲ ਵੀ ਬਣੀ ਹੈ ਜੋ 200 ਮੀਟਰ ਲੰਬੀ ਅਤੇ 5 ਮੀਟਰ ਡੂੰਘੀ ਹੈ। ਇਸ ਝੀਲ ਵਿੱਚ ਹੋ ਰਹੀ ਭੂ-ਵਿਗਿਆਨਕ ਲਹਿਰ ਦਾ ਅਸਰ ਆਲੇ-ਦੁਆਲੇ ਦੀਆਂ ਪਹਾੜੀਆਂ 'ਤੇ ਵੀ ਪੈ ਰਿਹਾ ਹੈ। ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਨੈਨੀਤਾਲ ਅਤੇ ਹੋਰ ਪਹਾੜੀ ਸੈਰ-ਸਪਾਟਾ ਸਥਾਨਾਂ ਨੂੰ ਉਨ੍ਹਾਂ ਦੀ ਸਮਰੱਥਾ ਅਨੁਸਾਰ ਵਿਕਸਤ ਕੀਤਾ ਜਾਵੇ, ਨਹੀਂ ਤਾਂ ਖ਼ਤਰੇ ਫੈਲਦੇ ਰਹਿਣਗੇ।

# ਵਿਦੇਸ਼ਾਂ ਵਿੱਚ ਜ਼ਿੰਦਾ ਹੈ ਪੰਜਾਬੀਅਤ ਤੇ ਵਿਰਸਾ



ਪਰਮਜੀਤ ਕੌਰ ਸਰਹਿੰਦ





ਅੱਜ ਪਰਵਾਸ ਪੰਜਾਬੀਆਂ ਦੇ ਮੱਥੇ ਦੀ ਲਕੀਰ ਬਣ ਕੇ ਰਹਿ ਗਿਆ ਹੈ। ਪਿੰਡ ਹੈ ਜਾਂ ਸ਼ਹਿਰ, ਕੋਈ ਘਰ ਅਜਿਹਾ ਨਹੀਂ ਦਿਸਦਾ ਜਿਸ ਵਿਚੋਂ ਕੋਈ ਪਰਦੇਸ ਨਾ ਗਿਆ ਹੋਵੇ। ਕਈ ਘਰ ਤਾਂ ਪੂਰੇ ਦੇ ਪੂਰੇ ਹੀ ਖ਼ਾਲੀ ਹੋਏ ਦਿਸਦੇ ਹਨ। ਕੁਝ ਲੋਕ ਪਹਿਲਾਂ-ਪਹਿਲਾਂ ਖੱਟੀ ਕਮਾਈ ਲਈ ਗਏ, ਕੁੱਝ ਮੁੰਡੇ-ਕੁੜੀਆਂ ਸੰਯੋਗ ਵੱਸ, ਕੁਝ ਦੇਖਾ-ਦੇਖੀ ਤੇ ਹੁਣ ਪੜ੍ਹਾਈ ਤੇ ਰੁਜ਼ਗਾਰ ਲਈ ਪੰਜਾਬ ਦੀ ਜਵਾਨੀ ਪਰਦੇਸਾਂ ਵਿੱਚ ਜਾ ਰਹੀ ਹੈ। ਬਹੁਤ ਪਹਿਲਾਂ ਲੋਕਾਂ ਨੇ ਪਰਦੇਸ ਵਿੱਚ ਦੌਲਤ ਕਮਾ ਕੇ ਆਪਣੇ ਮੁਲਕ, ਆਪਣੇ ਥਾਵਾਂ-ਗਰਾਵਾਂ ਵਿੱਚ ਤਕੜੀਆਂ ਜ਼ਮੀਨਾਂ-ਜਾਇਦਾਦਾਂ ਬਣਾਈਆਂ ਪਰ ਅੱਜ ਦੀ ਤ੍ਰਾਸਦੀ ਹੈ ਕਿ ਹੁਣ ਪੰਜਾਬੀ ਜੱਦੀ-ਪੁਸ਼ਤੈਨੀ ਜਾਇਦਾਦਾਂ ਵੇਚ ਕੇ ਪਰਦੇਸਾਂ ਨੂੰ ਜਾ ਰਹੇ ਹਨ। ਪੰਜਾਬ ਦੇ ਮਾੜੇ ਹਾਲਾਤ ਤੇ ਬੇਰੁਜ਼ਗਾਰੀ ਇਸ ਦਾ ਵੱਡਾ ਕਾਰਨ ਬਣੇ ਹਨ।

ਵਿਚਾਰਨਯੋਗ ਮੁੱਦਾ ਇਹ ਵੀ ਹੈ ਕਿ ਮਿਹਨਤ-ਮਜ਼ਦੂਰੀ ਕਰਨ ਵਾਲੇ ਹੋਣ ਜਾਂ ਕੋਈ ਵੱਡੇ ਕਾਰੋਬਾਰੀ, ਇਨ੍ਹਾਂ ਦੇ ਮਨਾਂ ਵਿੱਚ ਆਪਣੇ ਵਤਨ ਦੀ ਮਿੱਟੀ ਦਾ ਮੋਹ ਤੇ ਜੜ੍ਹਾਂ ਦੀ ਖਿੱਚ ਬਰਕਰਾਰ ਰਹਿੰਦੀ ਹੈ। ਜਦੋਂ ਵੀ ਅਸੀਂ ਆਪਣੇ ਧੀ-ਜਵਾਈ ਤੇ ਦੋਹਤੇ-ਦੋਹਤੀਆਂ ਕੋਲ ਨਾਰਵੇ ਜਾਂ ਇੰਗਲੈਂਡ ਆਉਂਦੇ ਹਾਂ ਤਾਂ ਇੱਥੇ ਪਰਦੇਸ ਵਿੱਚ ਇਨ੍ਹਾਂ ਗੱਲਾਂ ਦਾ ਬੜੀ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ। ਅਜੋਕੇ ਸਮੇਂ ਤਾਂ ਹਰ ਮੁਲਕ ਵਿੱਚ ਪੰਜਾਬੀ ਵਸਦੇ ਹਨ ਪਰ ਕੁਝ ਸਮਾਂ ਪਹਿਲਾਂ ਅਜਿਹਾ ਨਹੀਂ ਸੀ ਖ਼ਾਸ ਕਰਕੇ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਵਾਲੇ ਮੁਲਕ ਨਾਰਵੇ ਵਿੱਚ। ਇੱਥੇ ਅਜੇ ਵੀ ਪੰਜਾਬੀਆਂ ਦੀ ਗਿਣਤੀ ਬਹੁਤ ਘੱਟ ਹੈ। ਤਾਜ਼ਾ ਅੰਕੜਿਆਂ ਅਨੁਸਾਰ ਨਾਰਵੇ ਵਿੱਚ ਤਕਰੀਬਨ ਸਤਾਰਾਂ ਹਜ਼ਾਰ ਭਾਰਤੀ ਹਨ ਜਿਨ੍ਹਾਂ ਵਿਚੋਂ ਲਗਪਗ ਪੰਜ ਹਜ਼ਾਰ ਸਿੱਖ ਹਨ। ਵੱਡਾ ਕਾਰਨ ਹੈ ਕਿ ਇਸ ਮੁਲਕ ਦੀ ਭਾਸ਼ਾ ਨੌਰਵੀਯੀਅਨ ਹੈ। ਕਿਸੇ ਵੀ ਪੜ੍ਹਾਈ ਜਾਂ ਕਿੱਤੇ ਦੇ ਹਿਸਾਬ ਨਾਲ ਪਹਿਲਾਂ ਇੱਥੋਂ ਦੀ ਭਾਸ਼ਾ ਸਿੱਖਣੀ ਲਾਜ਼ਮੀ ਹੈ। ਆਮ ਪੱਧਰ ਦੀ ਪੜ੍ਹਾਈ ਕਰ ਕੇ ਮਰਦ-ਮੁੰਡੇ ਬੱਸ ਡਰਾਈਵਰ ਦਾ ਕਿੱਤਾ ਅਪਨਾ ਲੈਂਦੇ ਹਨ। ਕੁਝ ਹੱਥੀਂ ਕਰਨ ਵਾਲਾ ਕੰਮ ਕਰਦੇ ਹਨ ਜਿਵੇਂ ਰਾਜ ਮਿਸਤਰੀ ਤੇ ਲੱਕੜ ਮਿਸਤਰੀ। ਇਹ ਪੀਜ਼ਾ ਹੱਟ, ਦੁਕਾਨਾਂ ਜਾਂ ਕਿਸੇ 'ਸ਼ਾਪਿੰਗ ਮਾਲ' ਵਿੱਚ ਕੰਮ ਕਰਨ ਲੱਗਦੇ ਹਨ। ਜਿਹੜੇ ਭਾਰਤੀ/ਪੰਜਾਬੀ ਉੱਚ ਵਿੱਦਿਆ ਹਾਸਲ ਕਰਨ ਉਪਰੰਤ ਆਉਂਦੇ ਹਨ ਉਹ ਇੱਥੇ ਹੋਰ ਪੜ੍ਹਾਈ ਕਰਨ ਤੋਂ ਬਾਅਦ ਉੱਚ ਅਹੁਦਿਆਂ 'ਤੇ ਵੀ ਜਾ ਪੁੱਜਦੇ ਹਨ।

ਇਹ ਆਪਣੇ ਵਤਨ ਦਾ ਮਾਣ ਬਣਦੇ ਹਨ। ਇਸ ਔਖੀ ਭਾਸ਼ਾ ਵਾਲੇ ਮੁਲਕ ਵਿੱਚ ਉਹ ਸਿਆਸੀ ਰੁਤਬੇ ਵੀ ਹਾਸਲ ਕਰਦੇ ਹਨ। ਇਹ ਪੰਜਾਬੀ ਹਿੰਮਤੀ ਕਿਸੇ ਕਮਿਸ਼ਨਰ ਜਾਂ ਡਾਕਟਰ ਦੇ ਅਹੁਦੇ 'ਤੇ ਵੀ ਪੁੱਜਦੇ ਹਨ ਅਤੇ ਤਕੜੇ ਕਾਰੋਬਾਰੀ ਵੀ ਹਨ। ਹੈਰਾਨੀਜਨਕ ਗੱਲ ਹੈ ਕਿ ਇਨ੍ਹਾਂ ਹਿੰਮਤੀ ਪੰਜਾਬੀ ਪੁੱਤਰਾਂ ਨੇ ਖੇਤੀਬਾੜੀ ਦੇ ਧੰਦੇ ਨੂੰ ਲਾਹੇਵੰਦ ਕਿੱਤਾ ਬਣਾਉਣ ਦੀ ਕਮਾਲ ਵੀ ਕਰ ਦਿਖਾਈ ਹੈ। ਵਰਤਮਾਨ ਸਮੇਂ ਭਾਰਤੀ ਮੂਲ ਦੀਆਂ ਕੁੜੀਆਂ ਜਾਂ ਔਰਤਾਂ ਇੱਥੇ ਸਹਾਇਕ ਨਰਸਾਂ ਦੇ ਕੰਮ ਲਈ ਆ ਰਹੀਆਂ ਹਨ। ਇਨ੍ਹਾਂ ਨੂੰ ਵੀ ਪਹਿਲਾਂ ਨੌਰਵੀਯੀਅਨ ਭਾਸ਼ਾ ਸਿੱਖਣੀ ਪੈਂਦੀ ਹੈ। ਇਨ੍ਹਾਂ ਨੂੰ 'ਯੈਲਪੇ ਪਲਈਅਰ' ਕਿਹਾ ਜਾਂਦਾ ਹੈ। ਜੇਕਰ ਕੋਈ ਭਾਰਤ ਤੋਂ ਨਰਸਿੰਗ ਦਾ ਕੋਰਸ ਕਰ ਕੇ ਵੀ ਆਉਂਦੀ ਹੈ ਉਹ ਵੀ ਇੱਥੇ ਸਹਾਇਕ ਨਰਸ ਦਾ ਕੰਮ ਹੀ ਕਰਦੀ ਹੈ।

ਇਨ੍ਹਾਂ ਦਾ ਕੰਮ ਜ਼ਿਆਦਾਤਰ ਬਜ਼ੁਰਗਾਂ ਦੀ ਸਾਂਭ-ਸੰਭਾਲ ਕਰਨਾ ਹੀ ਹੁੰਦਾ ਹੈ। ਅਫ਼ਸੋਸ ਦੀ ਗੱਲ ਹੈ ਕਿ ਬਹੁਤ ਘੱਟ ਲੋਕ ਮਿਹਨਤੀ ਹੁੰਦੇ ਹਨ ਤੇ ਇਹ ਉਸੇ ਛੋਟੇ ਜਿਹੇ ਦਾਇਰੇ ਵਿੱਚ ਰਹਿ ਕੇ ਕੰਮ ਕਰੀ ਜਾਂਦੇ ਹਨ। ਮਿਹਨਤੀ ਤੇ ਸਿਰੜੀ ਲੋਕ ਹੀ ਉੱਚ ਮੁਕਾਮ ਹਾਸਲ ਕਰਦੇ ਹਨ। ਜਦੋਂ 2005 ਵਿੱਚ ਸਾਡੀ ਧੀ ਨੂੰ ਸੰਯੋਗ ਇਸ ਬਰਫਾਨੀ ਧਰਤੀ ਉੱਤੇ ਚੋਗ ਚੁਗਣ ਲਈ ਲੈ ਆਇਆ ਤਾਂ ਸਾਨੂੰ ਵੀ ਇੱਥੇ ਆਉਣ ਦੇ ਕਈ ਮੌਕੇ ਮਿਲੇ। ਸਾਡੀ ਇਹ ਨੌਰਵੇ ਦੀ ਛੇਵੀਂ ਫੇਰੀ ਹੈ। ਪਹਿਲਾਂ-ਪਹਿਲ ਕਿਸੇ 'ਸ਼ਾਪਿੰਗ ਸੈਂਟਰ' ਵਿੱਚ ਕੋਈ ਪੰਜਾਬੀ ਦਿਸਦਾ ਤਾਂ ਮੈਨੂੰ ਉਹ ਆਪਣਾ-ਆਪਣਾ ਲੱਗਦਾ। ਇਹ ਸਾਂਝਾਂ, ਪੰਜਾਬੀ ਸਕੂਲ, ਪੰਜਾਬੀ ਮੇਲਿਆਂ ਜਾਂ ਗੁਰਦੁਆਰਾ ਸਾਹਿਬ ਵਿਖੇ ਮਿਲਣ ਨਾਲ ਵੀ ਬਣ ਜਾਂਦੀਆਂ ਹਨ। ਮਨ ਬਹੁਤ ਖ਼ੁਸ਼ ਹੁੰਦਾ ਹੈ ਜਦੋਂ ਇਹ ਲੋਕ ਪੰਜਾਬ ਤੋਂ ਆਏ ਇਕ-ਦੂਜੇ ਦੇ ਮਾਪਿਆਂ ਜਾਂ ਭੈਣ-ਭਰਾਵਾਂ ਨੂੰ ਮੋਹ ਭਰੇ ਸੱਦੇ ਦੇ ਕੇ ਆਪਣੇ ਘਰੀਂ ਖਾਣੇ 'ਤੇ ਬੁਲਾਉਂਦੇ ਹਨ। ਇਹ ਆਪਣੇ ਵਤਨ ਪ੍ਰਤੀ ਇਨ੍ਹਾਂ ਦਾ ਵੈਰਾਗ ਜਾਂ ਪ੍ਰੇਮ ਹੀ ਤਾਂ ਹੁੰਦਾ ਹੈ। ਇਨ੍ਹਾਂ ਪ੍ਰੇਮ-ਮਿਲਣੀਆਂ ਮੌਕੇ ਤੋਹਫ਼ਿਆਂ ਦਾ ਲੈਣ-ਦੇਣ ਵੀ ਹੁੰਦਾ ਹੈ। ਮੈਂ ਇਨ੍ਹਾਂ ਮੁਹੱਬਤੀ ਜਿਊੜਿਆਂ ਲਈ ਪਟਿਆਲੇ ਤੋਂ ਫੁਲਕਾਰੀਆਂ ਤੇ ਸੀਸੇ-ਮੋਤੀ ਜੜੀਆਂ ਪਰਾਂਦੀਆਂ ਜ਼ਰੂਰ ਲੈ ਕੇ ਜਾਂਦੀ ਹਾਂ।

ਪੰਜਾਬੀ ਜਾਂ ਭਾਰਤੀ ਮੂਲ ਦੇ ਬੱਚਿਆਂ ਨੂੰ ਸਕੂਲ-ਕਾਲਜ ਤੋਂ ਲੈ ਕੇ ਆਮ ਜੀਵਨ ਵਰਤਾਰੇ 'ਚ ਵੀ ਨਸਲੀ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਰਾਣੇ ਬਜ਼ੁਰਗਾਂ ਦਾ ਨਜ਼ਰੀਆ ਪਰਵਾਸੀਆਂ ਪ੍ਰਤੀ ਨਾਂਹ-ਪੱਖੀ ਹੈ। ਦਰਅਸਲ ਅਸਲੀਅਤ ਇਹ ਹੈ ਕਿ ਇਹ ਲੋਕ ਸਾਡੇ ਮਿਹਨਤੀ ਲੋਕਾਂ ਨੂੰ ਤਰੱਕੀਆਂ ਕਰਦੇ ਤੇ ਬੁਲੰਦੀਆਂ 'ਤੇ ਪੁੱਜਦੇ ਬਰਦਾਸ਼ਤ ਨਹੀਂ ਕਰਦੇ। ਅਜੋਕੇ ਸਮੇਂ ਵੀ ਭਾਵੇਂ ਇਹ ਸਮੱਸਿਆ ਆੜੇ ਆ ਰਹੀ ਹੈ ਪਰ ਅਗਲੀਆਂ ਪੀੜ੍ਹੀਆਂ ਦੇ ਦ੍ਰਿਸ਼ਟੀਕੋਣ ਵਿੱਚ ਉਨ੍ਹਾਂ ਨਾਲੋਂ ਕੁਝ ਅੰਤਰ ਹੈ।

ਮੂਲ ਕਾਰਨ ਇਹ ਵੀ ਹੈ ਕਿ ਪੰਜਾਬੀ ਪਰਿਵਾਰਾਂ ਦੀ ਤੀਜੀ ਪੀੜ੍ਹੀ ਵੀ ਗੋਰੇ ਸੱਭਿਆਚਾਰ 'ਚ ਰਚ-ਮਿਚ ਨਹੀਂ ਸਕੀ। ਪੰਜਾਬੀ ਪਰਿਵਾਰਾਂ ਦੇ ਬੱਚੇ ਜੇਕਰ ਵਿਦੇਸ਼ੀ ਦੋਸਤਾਂ ਵਾਲਾ ਰਹਿਣ-ਸਹਿਣ ਅਪਨਾ ਲੈਂਦੇ ਹਨ ਤਾਂ ਉਹ ਸਾਡੇ ਵੱਡਿਆਂ ਨੂੰ ਵਾਰਾ ਨਹੀਂ ਖਾਂਦਾ। ਇਸ ਹਾਲਤ 'ਚ ਬੱਚੇ ਮਾਪਿਆਂ ਤੋਂ ਬਾਗ਼ੀ ਹੋ ਜਾਂਦੇ ਹਨ ਤੇ ਘਰਾਂ 'ਚ ਕਲੇਸ਼ ਹੁੰਦਾ ਹੈ। ਜੇ ਕੋਈ ਪੂਰਾ ਪਰਿਵਾਰ ਇਹ ਵਿਦੇਸ਼ੀ ਸੱਭਿਆਚਾਰ (ਕਲਚਰ) ਅਪਨਾ ਲੈਂਦਾ ਹੈ ਤਾਂ ਉੱਥੇ ਇਹ ਸੰਕਟ ਪੈਦਾ ਨਹੀਂ ਹੁੰਦਾ ਪਰ ਇਹ ਬਹੁਤ ਘੱਟ ਦੇਖਣ-ਸੁਣਨ ਨੂੰ ਮਿਲਦਾ ਹੈ। ਵਿੱਦਿਅਕ ਅਦਾਰਿਆਂ ਵਿੱਚ ਸਤਾਰਾਂ-ਅਠਾਰਾਂ ਸਾਲਾਂ ਦੀ ਉਮਰ ਦੇ ਮੁੰਡੇ-ਕੁੜੀਆਂ ਦੀ ਸਾਰਿਆਂ ਨਾਲ ਦੋਸਤਾਨਾ ਸਾਂਝ ਬਣ ਜ਼ਰੂਰ ਜਾਂਦੀ ਹੈ ਪਰ ਉਹ ਗੱਲ ਨਹੀਂ ਬਣਦੀ ਜੋ ਇਨ੍ਹਾਂ ਦੀ ਆਪਣੇ ਪੰਜਾਬੀ ਭਾਈਚਾਰੇ ਨਾਲ ਹੁੰਦੀ ਹੈ।

ਇਹ ਸਾਰੇ ਕਿਸੇ ਇੱਕ ਦੇ ਜਨਮ ਦਿਨ ਜਾਂ ਕਿਸੇ ਹੋਰ ਖ਼ੁਸ਼ੀ ਮੌਕੇ ਇਕੱਠੇ ਹੋ ਕੇ ਜਸ਼ਨ ਮਨਾਉਂਦੇ ਹਨ ਪਰ ਇਨ੍ਹਾਂ ਨੂੰ ਉਹ ਖ਼ੁਸ਼ੀ ਤੇ ਸੰਤੁਸ਼ਟੀ ਨਹੀਂ ਮਿਲਦੀ ਜੋ ਆਪਣੀਆਂ ਜੜ੍ਹਾਂ ਦੀ ਸਾਂਝ ਵਾਲੇ ਦੋਸਤਾਂ-ਸਹੇਲੀਆਂ ਨਾਲ ਮਿਲਦੀ ਹੈ। ਇਸ ਗੱਲ ਦਾ ਅਹਿਸਾਸ ਮੈਨੂੰ ਉਦੋਂ ਬੜੀ ਸ਼ਿੱਦਤ ਨਾਲ ਹੋਇਆ ਜਦੋਂ ਸਾਡੇ ਦੋਹਤੇ ਨੇ ਵੱਖਰੇ ਤੌਰ 'ਤੇ ਆਪਣੇ ਪੰਜਾਬੀ ਦੋਸਤਾਂ ਨੂੰ ਘਰ ਬੁਲਾ ਕੇ ਜਨਮ ਦਿਨ ਮਨਾਇਆ। ਇਹ ਮੁੰਡੇ ਸਾਰਾ ਦਿਨ ਹੱਸਦੇ-ਖੇਡਦੇ ਦੇਸੀ ਤੇ ਅੰਗਰੇਜ਼ੀ ਰਲਿਆ-ਮਿਲਿਆ ਭੋਜਨ ਖਾਂਦੇ-ਪੀਂਦੇ ਬਹੁਤ ਖ਼ੁਸ਼ ਸਨ। ਇਨ੍ਹਾਂ ਵਿੱਚ ਕੋਈ 'ਜਾਮ ਟਕਰਾਉਣ' ਵਾਲਾ ਨਹੀਂ ਸੀ। ਇਹ ਸਾਰੇ ਆਪਣੀ ਵੱਖਰੀ ਟੋਲੀ ਵਿੱਚ ਖ਼ੁਸ਼ ਰਹਿੰਦੇ ਹਨ। ਸਮਾਜਿਕ ਤੌਰ 'ਤੇ ਵਿਦੇਸ਼ੀ ਮੁੰਡਿਆਂ ਨਾਲ ਸਹਿੰਦੀ-ਸਹਿੰਦੀ ਸਾਂਝ ਵੀ ਰੱਖਦੇ ਹਨ। ਇਨ੍ਹਾਂ ਮੁੰਡਿਆਂ ਦਾ ਇਹ ਪਿਛੋਕੜ ਦੀ ਬੁਨਿਆਦ 'ਤੇ ਬਣਿਆ 'ਪ੍ਰੇਮ ਸੰਗਠਨ' ਦੇਖ ਕੇ ਮਨ ਨੂੰ ਅਥਾਹ ਖ਼ੁਸ਼ੀ ਹੋਈ। ਤੀਜੀ ਪੁਸ਼ਤ ਵਿੱਚ ਪਰਦੇਸ ਵਿੱਚ ਜੰਮੇ-ਪਲੇ ਇਹ ਗਭਰੀਟ ਜਿਹੇ ਮੁੰਡੇ ਮੈਨੂੰ ਪੰਜਾਬ ਦੀ ਮਿੱਟੀ ਦੀ ਮਹਿਕ ਤੇ ਪੌਣਾਂ ਦੀ ਸਰਸਰਾਹਟ ਵਰਗੇ ਪਿਆਰੇ ਲੱਗੇ। 'ਗੋਰਾ ਕਲਚਰ' ਵਿੱਚ ਜੰਮ-ਪਲ ਕੇ ਵੀ ਇਨ੍ਹਾਂ ਨੇ ਆਪਣੇ ਵਿਰਸੇ ਨੂੰ ਨਹੀਂ ਵਿਸਾਰਿਆ। ਇਨ੍ਹਾਂ ਸਾਰੇ ਮੁੰਡਿਆਂ ਨੇ ਪਿਆਰ-ਸਤਿਕਾਰ ਨਾਲ ਝੁਕ ਕੇ ਸਾਡੇ ਪੈਰੀਂ ਹੱਥ ਲਾਏ ਤੇ ਗਲੇ ਮਿਲੇ। ਇੱਕ-ਦੋ ਮੁੰਡੇ ਤਾਂ ਸ਼ਕਲ-ਸੂਰਤ ਤੋਂ ਮੈਨੂੰ ਵਿਦੇਸ਼ੀ ਮੂਲ ਦੇ ਹੀ ਜਾਪੇ, ਗੋਰੇ-ਚਿੱਟੇ ਤੇ ਉੱਚੇ-ਲੰਮੇ ਪਰ ਉਹ ਵੀ ਪੰਜਾਬੀ ਪੁੱਤ ਹੀ ਸਨ। ਛੁੱਟੀਆਂ ਦੇ ਦਿਨਾਂ ਵਿੱਚ ਇਹ ਸ਼ਹਿਰੋਂ ਬਾਹਰ ਘੁੰਮਣ ਵੀ ਚਲੇ ਜਾਂਦੇ ਹਨ ਤੇ ਵਿਹਲੇ ਸਮੇਂ ਕਿਸੇ ਦੋਸਤ ਦੇ ਘਰ ਵੀ ਇਕੱਠੇ ਹੋ ਕੇ ਰੌਣਕ ਲਾ ਲੈਂਦੇ ਹਨ।

ਪਰਿਵਾਰਾਂ ਦੀ ਗੂੜ੍ਹੀ ਸਾਂਝ ਕਾਰਨ ਬੱਚੇ ਵੱਡਿਆਂ ਨੂੰ ਆਂਟੀ-ਅੰਕਲ ਦੀ ਥਾਂ ਮਾਮੇ-ਮਾਸੀਆਂ, ਤਾਇਆ-ਚਾਚਾ ਤੇ ਭੂਆ ਵੀ ਸੰਬੋਧਨ ਕਰਦੇ ਹਨ। ਪੰਜਾਬੀਆਂ ਦੇ ਵਿਰਾਸਤੀ ਗੁਣ ਜਾਂ ਔਗੁਣ ਵੀ ਸਾਹਮਣੇ ਆਉਂਦੇ ਹਨ ਜਦੋਂ ਇਹ ਪਰਿਵਾਰ ਆਪਣੇ ਬੱਚਿਆਂ ਦੇ ਵਿਆਹ ਇੱਕ-ਦੂਜੇ ਨਾਲ ਕਰਦੇ ਹਨ ਤਾਂ ਚੁੰਝ ਚਰਚਾ ਵੀ ਹੁੰਦੀ ਹੈ ਕਿ ਮਾਮੇ ਜਾਂ ਭੂਆ ਦੇ ਮੁੰਡੇ-ਕੁੜੀਆਂ ਦਾ ਵਿਆਹ ਆਪਸ 'ਚ ਨਹੀਂ ਹੋਣਾ ਚਾਹੀਦਾ। ਇਹ ਰਾਮ-ਰੌਲਾ ਸਾਡੇ ਪੰਜਾਬੀ ਸੱਭਿਆਚਾਰ ਕਾਰਨ ਪੈਂਦਾ ਹੈ ਕਿਉਂਕਿ ਇਨ੍ਹਾਂ ਮੁਲਕਾਂ ਵਿੱਚ ਆ ਕੇ ਵੀ ਪੁਰਾਣੀ ਸੋਚ ਅਸਰਅੰਦਾਜ਼ ਰਹਿੰਦੀ ਹੈ। ਅਸਲ ਵਿੱਚ ਸਾਡੇ ਸਮਾਜ ਵਿੱਚ ਖ਼ੂਨ ਦੀਆਂ ਇਨ੍ਹਾਂ ਸਾਂਝਾਂ ਵਾਲੇ ਰਿਸ਼ਤਿਆਂ ਵਿੱਚ ਬੱਚਿਆਂ ਦੇ ਵਿਆਹ ਨਹੀਂ ਕੀਤੇ ਜਾਂਦੇ ਅਤੇ ਇਹ ਸਾਡੇ ਲੋਕ ਇੱਥੇ ਵੀ ਨਹੀਂ ਕਰਦੇ।

ਸ਼ਲਾਘਾਯੋਗ ਤੇ ਮਾਣਮੱਤਾ ਪੱਖ ਤਾਂ ਇਹ ਹੈ ਕਿ ਸਾਂਝਾਂ ਸਿਰਜਣ ਤੇ ਨਿਭਾਉਣ ਦਾ ਗੁਣ ਤੇ ਦਿਲ-ਜਿਗਰਾ ਇਹ ਛੇ ਮਹੀਨੇ ਦਿਨ ਤੇ ਛੇ ਮਹੀਨੇ ਰਾਤ ਵਾਲਾ ਠੰਢਾ ਮੁਲਕ ਵੀ ਨਹੀਂ ਬਦਲ ਜਾਂ ਮੁਕਾ ਸਕਿਆ। ਇਸ ਜੜ੍ਹਾਂ ਦੀ ਸਾਂਝ ਨੂੰ ਨਾ ਬਰਫਾਨੀ ਹਵਾਵਾਂ ਹਿਲਾ ਸਕੀਆਂ ਤੇ ਨਾ ਜਮਾ ਜਾਂ ਮੁਕਾ ਸਕੀਆਂ ਹਨ। ਪਰਦੇਸ ਵਿੱਚ ਬੈਠਿਆਂ ਮੁੜ-ਮੁੜ ਇਹ ਖ਼ਿਆਲ ਆਉਂਦਾ ਹੈ ਕਿ ਸਾਡੇ ਮੁਲਕ ਵਿੱਚ ਨਾ ਐਨੀ ਬਰਫ ਹੈ, ਨਾ ਬਰਫਾਨੀ ਹਵਾਵਾਂ ਤੇ ਨਾ ਛੇ-ਛੇ ਮਹੀਨੇ ਹਨ੍ਹੇਰਾ-ਚਾਨਣਾ। ਫਿਰ ਵੀ ਸਾਡੀਆਂ ਆਪਸੀ ਸਾਂਝਾਂ ਕਿਉਂ ਯਖ ਹੋ ਕੇ ਰਹਿ ਗਈਆਂ ਹਨ? ਕਿਉਂ ਮੁੱਕਦੀਆਂ-ਸੁੱਕਦੀਆਂ ਜਾ ਰਹੀਆਂ ਹਨ?





# ਕੁਦਰਤ ਦੀ ਗੁੱਝੀ ਰਮਜ਼ ਨੂੰ ਅਜੇ ਤੱਕ ਸਮਝ ਨਹੀਂ ਸਕਿਆ ਮਨੁੱਖ



- ਬਰਫ਼ ਦੇ ਗਲੇਸ਼ੀਅਰਾਂ ਦਾ ਸੁੰਗੜਨਾ ਹੈ ਖ਼ਤਰੇ ਦੀ ਘੰਟੀ
- ਵਧਦੇ ਤਾਪਮਾਨ ਕਾਰਨ ਬਦਲ ਗਿਆ ਹੈ ਬਰਫ਼ਬਾਰੀ ਦਾ ਮੌਸਮ
- 200 ਸਾਲਾਂ 'ਚ 18 ਕਿਲੋਮੀਟਰ ਪਿਘਲ ਗਿਐ ਗੰਗੋਤਰੀ ਗਲੇਸ਼ੀਅਰ



ਕੁਦਰਤ ਵਾਰ ਵਾਰ ਮਨੁੱਖ ਨੂੰ ਗੁੱਝੇ ਸੰਕੇਤ ਦੇ ਰਹੀ ਹੈ ਪਰ ਮਨੁੱਖ ਕਿਸੇ ਤਰਾਂ ਦੀ ਪਰਵਾਹ ਕਰੇ ਬਿਨਾਂ ਕੁਦਰਤ ਨਾਲ ਛੇੜਛਾੜ ਕਰ ਰਿਹਾ ਹੈ, ਜਿਸ ਕਾਰਨ ਹਿਮਾਲਿਆ ਪਰਬਤ ਇਲਾਕੇ ਵਿੱਚ ਵੀ ਕੁਦਰਤੀ ਬਦਲਾਓ ਆ ਰਹੇ ਹਨ।

ਇੱਕ ਖੋਜ਼ ਵਿੱਚ ਸਾਹਮਣੇ ਆਇਆ ਹੈ ਕਿ ਹੁਣ ਹਿਮਾਲਿਆ ਦੇ ਗਲੇਸ਼ੀਅਰ ਲਗਾਤਾਰ ਸੁੰਗੜ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਹਿਮਾਲਿਆ ਵਿੱਚ ਬਰਫ਼ ਦੇ ਗਲੇਸ਼ੀਅਰਾਂ ਦਾ ਸੰਗੜਨਾ ਪਹਿਲੀ ਵਾਰ ਸ਼ੁਰੂ ਨਹੀਂ ਹੋਇਆ ਸਗੋਂ ਇਹ ਸਦੀਆਂ ਤੋਂ ਜਾਰੀ ਹੈ। ਹੁਣ 117 ਸਾਲਾਂ ਦੇ ਇਕੱਠੇ ਕੀਤੇ ਅੰਕੜਿਆਂ ਤੋਂ ਵੀ ਇਹ ਸਪਸ਼ਟ ਹੋ ਗਿਆ ਹੈ ਕਿ ਹਿਮਾਲਿਆ ਖੇਤਰ ਵਿੱਚ ਲਗਾਤਾਰ ਕੁਦਰਤੀ ਬਦਲਾਓ ਆ ਰਿਹਾ ਹੈ, ਇਸਦੇ ਕਾਰਨ ਭਾਵੇਂ ਕੁਝ ਵੀ ਹੋਣ ਪਰ ਲਗਾਤਾਰ ਗਲੇਸ਼ੀਅਰਾਂ ਦਾ ਸੁੰਗੜਨਾ ਮਨੁੱਖ ਜਾਤੀ ਲਈ ਕੁਦਰਤ ਦਾ ਕੋਈ ਗੁੱਝਾ ਸੰਕੇਤ ਹੈ।

ਸਮੁੱਚਾ ਹਿਮਾਲੀਅਨ ਲੈਂਡਮਾਸ ਇੱਕ ਸਦੀ ਵਿੱਚ ਸਭ ਤੋਂ ਵੱਡੇ ਬਦਲਾਅ ਵਿੱਚੋਂ ਗੁਜ਼ਰ ਰਿਹਾ ਹੈ। ਇਸਦੀ ਸਥਾਈ ਬਰਫ਼ ਰੇਖਾ 100 ਮੀ. ਪਿੱਛੇ ਖਿਸਕ ਗਈ ਹੈ। ਸਰਦੀਆਂ ਵਿੱਚ ਤਾਪਮਾਨ ਵਿੱਚ ਇੱਕ ਡਿਗਰੀ ਦੇ ਵਾਧੇ ਕਾਰਨ ਗਲੇਸ਼ੀਅਰ ਤਿੰਨ ਕਿਲੋਮੀਟਰ ਤੱਕ ਸੁੰਗੜ ਗਏ ਹਨ। ਇਹੀ ਕਾਰਨ ਹੈ ਕਿ ਬਰਫ਼ਬਾਰੀ ਦਾ ਸੀਜ਼ਨ ਵੀ ਡੇਢ ਮਹੀਨਾ ਅੱਗੇ ਹੋ ਗਿਆ ਹੈ। ਹਿਮਾਲਿਆ ਖੇਤਰ ਵਿੱਚ ਜੋ ਬਰਫ਼ਬਾਰੀ ਦਸੰਬਰ-ਜਨਵਰੀ ਵਿੱਚ ਹੁੰਦੀ ਸੀ, ਫ਼ਰਵਰੀ ਦੇ ਅੱਧ ਤੋਂ ਸ਼ੁਰੂ ਹੋ ਕੇ ਹੁਣ ਤੱਕ ਜਾਰੀ ਹੈ। ਉੱਤਰਾਖੰਡ ਦੇ ਵਾਡੀਆ ਇੰਸਟੀਚਿਊਟ ਆਫ਼ ਹਿਮਾਲੀਅਨ ਜਿਓਲੋਜੀ ਦੇ ਵਿਗਿਆਨੀਆਂ ਨੇ 1901 ਤੋਂ 2018 ਤੱਕ ਦੇ ਕਲਾਈਮੇਟ ਰਿਸਰਚ ਯੂਨਿਟ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਇਹ ਸਿੱਟਾ ਕੱਢਿਆ ਹੈ ਕਿ ਜੇਕਰ ਤਾਪਮਾਨ ਇਸ ਤਰ੍ਹਾਂ ਵਧਦਾ ਰਿਹਾ ਤਾਂ 8 ਤੋਂ 10 ਸਾਲਾਂ ਵਿੱਚ ਹਿਮਾਲਿਆ ਵਿੱਚ ਬਰਫ਼ਬਾਰੀ ਦਾ ਮੌਸਮ ਪੂਰੀ ਤਰ੍ਹਾਂ ਬਦਲ ਜਾਵੇਗਾ ਜਾਂ ਬਹੁਤ ਜ਼ਿਆਦਾ ਰਹੇਗਾ ਜਾਂ ਘੱਟ ਜਾਵੇਗਾ।



ਦਸੰਬਰ-ਜਨਵਰੀ ਦੀ ਬਰਫ਼ਬਾਰੀ ਇਨ੍ਹਾਂ ਮਹੀਨਿਆਂ ਵਿੱਚ ਘੱਟ ਤਾਪਮਾਨ ਕਾਰਨ ਸੁੱਕ ਜਾਂਦੀ ਸੀ ਅਤੇ ਜੰਮ ਜਾਂਦੀ ਸੀ ਪਰ ਹੁਣ ਜ਼ਿਆਦਾ ਤਾਪਮਾਨ ਕਾਰਨ ਬਰਫ਼ ਪਿਘਲ ਰਹੀ ਹੈ। ਇਸ ਕਾਰਨ ਇਸ ਵਾਰ ਜਲਦੀ ਹੀ ਹਿਮਾਲਿਆ ਦੇ ਬਰਫ਼ ਨਾਲ ਵੀਰਾਨ ਹੋਣ ਦੀ ਸੰਭਾਵਨਾ ਹੈ। ਸੰਸਥਾ ਦੀ ਇਹ ਖੋਜ ਹਾਲ ਹੀ ਵਿੱਚ ਪ੍ਰਕਾਸ਼ਿਤ ਹੋਈ ਹੈ।

ਵਾਡੀਆ ਦੇ ਸਾਬਕਾ ਵਿਗਿਆਨੀ ਡਾ.ਡੀ.ਪੀ.ਡੋਵਾਲ ਦੱਸਦੇ ਹਨ ਕਿ ਅੱਜ ਜਿੱਥੇ ਗੰਗੋਤਰੀ ਮੰਦਰ ਹੈ, ਉੱਥੇ ਕਦੇ ਗਲੇਸ਼ੀਅਰ ਹੁੰਦਾ ਸੀ। ਤਾਪਮਾਨ ਵਧਣ ਨਾਲ ਗਲੇਸ਼ੀਅਰ ਸੁੰਗੜ ਗਿਆ। 1817 ਤੋਂ ਲੈ ਕੇ, ਇਹ 18 ਕਿਲੋਮੀਟਰ ਤੋਂ ਵੱਧ ਪਿੱਛੇ ਚਲਾ ਗਿਆ ਹੈ। ਲਗਭਗ 200 ਸਾਲ ਪਹਿਲਾਂ ਸਰਵੇਖਣ ਆਫ਼ ਇੰਡੀਆ ਦੇ ਭੂ-ਵਿਗਿਆਨੀ ਜੌਹਨ ਹਾਡਸਨ ਦੁਆਰਾ ਗਲੇਸ਼ੀਅਰ ਰੀਟਰੀਟ ਦਾ ਦਸਤਾਵੇਜ਼ੀਕਰਨ ਕੀਤਾ ਗਿਆ ਸੀ। ਇਹ ਖੁਲਾਸਾ ਹੋਇਆ ਕਿ 1971 ਤੋਂ, ਗਲੇਸ਼ੀਅਰਾਂ ਦੇ ਪਿੱਛੇ ਹਟਣ ਦੀ ਦਰ 22 ਮੀ. ਹਰ ਸਾਲ ਹੈ।

ਵਾਡੀਆ ਦੇ ਵਿਗਿਆਨੀ ਵਿਨੀਤ ਕੁਮਾਰ ਮੁਤਾਬਕ ਬਦਲਦੇ ਮੌਸਮ ਦੇ ਚੱਕਰ ਦਾ ਸਭ ਤੋਂ ਜ਼ਿਆਦਾ ਅਸਰ ਦੇਸ਼ ਦੇ ਉੱਤਰ-ਪੂਰਬੀ ਹਿੱਸੇ 'ਚ ਮਹਿਸੂਸ ਕੀਤਾ ਗਿਆ ਹੈ। ਰਿਮੋਟ ਸੈਂਸਿੰਗ ਸੈਟੇਲਾਈਟ ਡੇਟਾ ਦਰਸਾਉਂਦਾ ਹੈ ਕਿ ਅਰੁਣਾਚਲ ਪ੍ਰਦੇਸ਼ ਵਿੱਚ ਜ਼ਿਆਦਾਤਰ ਗਲੇਸ਼ੀਅਰ 1971 ਤੋਂ 2021 ਦੌਰਾਨ 9 ਮੀਟਰ ਤੱਕ ਘੱਟ ਗਏ ਹਨ। ਪ੍ਰਤੀ ਸਾਲ 210 ਮੀਟਰ ਦੀ ਔਸਤ ਗਤੀ ਦੇ ਨਾਲ ਪਿੱਛੇ ਖਿਸਕ ਗਏ ਹਨ। ਲੱਦਾਖ ਵਿੱਚ ਇਹ ਰਫ਼ਤਾਰ ਹਰ ਸਾਲ 4 ਮੀ./ਸੈਕਿੰਡ ਹੈ। ਕਸ਼ਮੀਰ ਵਿੱਚ ਗਲੇਸ਼ੀਅਰਾਂ ਦੇ ਪਿਘਲਣ ਦੀ ਰਫ਼ਤਾਰ ਵੀ ਲਗਭਗ ਇੱਕੋ ਜਿਹੀ ਹੈ।

ਹਿਮਾਲਿਆ 'ਤੇ ਸਥਾਈ ਬਰਫ਼ ਦੀ ਰੇਖਾ 4 ਤੋਂ 5 ਹਜ਼ਾਰ ਮੀਟਰ ਉੱਪਰ ਹੈ। ਇਹ ਸਥਾਈ ਬਰਫ਼ ਦੇ ਕਾਰਨ ਬਣਦਾ ਹੈ। ਇਸ ਦੇ ਤਿੰਨ ਹਜ਼ਾਰ ਮੀਟਰ ਹੇਠਾਂ ਤੱਕ ਕੋਈ ਬਨਸਪਤੀ ਨਹੀਂ ਹੈ। ਖੋਜ ਦਰਸਾਉਂਦੀ ਹੈ ਕਿ ਬਰਫ਼ ਦੀ ਲਾਈਨ ਪਿੱਛੇ ਹਟਣ ਕਾਰਨ ਜਿੱਥੇ ਪਹਿਲਾਂ ਘੱਟ ਤਾਪਮਾਨ ਵਿੱਚ ਬਰਫ਼ਬਾਰੀ ਹੁੰਦੀ ਸੀ, ਉੱਥੇ ਹੁਣ ਮੀਂਹ ਪੈਣ ਲੱਗ ਪਿਆ ਹੈ। ਇਸ ਲਈ ਹਿਮਾਲੀਅਨ ਖੇਤਰ ਦੇ ਕਈ ਕਿਲੋਮੀਟਰ ਤੱਕ ਬਰਫ਼ ਗਾਇਬ ਹੋ ਗਈ ਹੈ।

ਪਹਾੜਾਂ ਵਿੱਚ ਗਰਮੀਆਂ ਆਮ ਤੌਰ 'ਤੇ ਮਈ ਤੋਂ ਸ਼ੁਰੂ ਹੁੰਦੀਆਂ ਹਨ, ਪਰ ਪਿਛਲੇ ਦਹਾਕੇ ਵਿੱਚ ਸਰਦੀਆਂ ਦਾ ਤਾਪਮਾਨ ਵਧਿਆ ਹੈ, ਜਦੋਂ ਕਿ ਗਰਮੀਆਂ ਦਾ ਤਾਪਮਾਨ ਸਥਿਰ ਰਿਹਾ ਹੈ। ਇਸ ਕਾਰਨ ਹਿਮਾਲਿਆ ਵਿੱਚ ਗਰਮੀ ਜ਼ਿਆਦਾ ਦੇਰ ਤੱਕ ਚੱਲ ਰਹੀ ਹੈ, ਜੋ ਉੱਥੋਂ ਦੇ ਜਾਨਵਰਾਂ ਅਤੇ ਬਨਸਪਤੀ ਲਈ ਖਤਰਨਾਕ ਹੈ।

ਭੂ-ਵਿਗਿਆਨੀ ਡਾ: ਮਨੀਸ਼ ਮਹਿਤਾ ਅਨੁਸਾਰ ਪਹਿਲਾਂ ਸੁੱਕੀ ਬਰਫ਼ ਦਸੰਬਰ-ਜਨਵਰੀ ਵਿੱਚ ਪੈਂਦੀ ਸੀ, ਘੱਟ ਤਾਪਮਾਨ ਕਾਰਨ ਜ਼ਿਆਦਾ ਜੰਮ ਜਾਂਦੀ ਸੀ ਅਤੇ ਗਲੇਸ਼ੀਅਰ ਬਰਕਰਾਰ ਰਹੇ। ਜਦੋਂ ਪਾਰਾ ਚੜ੍ਹਿਆ ਤਾਂ ਸੁੱਕੀ ਬਰਫ਼ ਬੰਦ ਹੋ ਗਈ। ਹੁਣ ਗਿੱਲੀ ਬਰਫ਼ ਪੈ ਰਹੀ ਹੈ, ਜੋ ਗਰਮ ਹੁੰਦੇ ਹੀ ਪਿਘਲ ਰਹੀ ਹੈ।



# ਸਫ਼ਲ ਖੇਤੀ ਵਪਾਰ 'ਚ ਮੁਨਾਫ਼ਾ ਹਾਸਿਲ ਕਰਨ ਲਈ ਅੱਗੇ ਆਵੇ ਨੌਜਵਾਨ ਪੀੜ੍ਹੀ

**ਡਾ. ਮਨਮੀਤ ਮਾਨਵ**





ਪੰਜਾਬ ਦੇ ਸਮਾਜਿਕ, ਉਦਯੋਗਿਕ, ਸੱਭਿਆਚਾਰਕ ਅਤੇ ਆਰਥਿਕ ਵਿਕਾਸ ਵਿੱਚ ਖੇਤੀਬਾੜੀ ਦਾ ਅਹਿਮ ਯੋਗਦਾਨ ਹੈ। ਸੂਬੇ ਦੀ 65 ਪ੍ਰਤੀਸ਼ਤ ਆਬਾਦੀ ਆਪਣੀ ਰੋਜ਼ੀ ਰੋਟੀ ਤੇ ਰੁਜ਼ਗਾਰ ਲਈ ਸਿੱਧੇ ਤੌਰ 'ਤੇ ਖੇਤੀਬਾੜੀ 'ਤੇ ਨਿਰਭਰ ਕਰਦੀ ਹੈ। ਪੰਜਾਬ ਵਾਸੀਆਂ ਦੀ ਜੀਵਨ-ਜਾਂਚ ਅਤੇ ਆਰਥਿਕਤਾ ਵਿੱਚ ਖੇਤੀਬਾੜੀ ਦੀ ਅਹਿਮ ਭੂਮਿਕਾ ਹੈ। ਖੇਤੀਬਾੜੀ ਇਹੋ ਜਿਹਾ ਕਿੱਤਾ ਹੈ ਜਿਸ ਵਿੱਚ ਮੁਨਾਫ਼ੇ ਦੀ ਬਹੁਤ ਸਮਰੱਥਾ ਹੈ। ਪਿੰਡਾਂ ਦੇ ਨੌਜਵਾਨਾਂ ਦੀ ਖੇਤੀ ਪ੍ਰਤੀ ਨਕਾਰਾਤਮਿਕ ਧਾਰਨਾ ਅਤੇ ਵਿਦੇਸ਼ਾਂ ਵੱਲ ਪ੍ਰਵਾਸ ਦੇ ਰੁਝਾਨ ਕਾਰਨ ਵੀ ਖੇਤੀ ਤੋਂ ਮੁਨਾਫ਼ੇ ਦੀ ਸਮਰੱਥਾ ਨੂੰ ਵਧਾਇਆ ਨਹੀਂ ਜਾ ਸਕਿਆ ਜਿਸ ਕਾਰਨ ਇੱਕ ਕਿਸਾਨ ਅਤੇ ਗੈਰ ਕਿਸਾਨ ਦੇ ਆਰਥਿਕ ਅਤੇ ਸਮਾਜਿਕ ਪੱਧਰ ਵਿੱਚ ਬਹੁਤ ਵੱਡਾ ਅੰਤਰ ਹੈ। ਸਫਲ ਖੇਤੀ ਵਪਾਰ ਲਈ ਨੌਜਵਾਨ ਪੀੜ੍ਹੀ ਦਾ ਖੇਤੀ ਵੱਲ ਰੁਝਾਨ ਤੇ ਸ਼ਮੂਲੀਅਤ ਅਹਿਮ ਹੈ।

ਖੇਤੀ ਉਤਪਾਦਨ ਤੇ ਮੰਡੀਕਰਨ ਸਬੰਧੀ ਉੱਭਰ ਰਹੀਆਂ ਚੁਣੌਤੀਆਂ ਨੂੰ ਕਿਸਾਨਾਂ ਦੇ ਪਰੰਪਰਾਗਤ ਗਿਆਨ ਦੇ ਨਾਲ ਨੌਜਵਾਨਾਂ ਦਾ ਤਕਨੀਕੀ ਤੇ ਵਿਗਿਆਨਕ ਗਿਆਨ ਦਾ ਸੁਮੇਲ ਖੇਤੀ ਨੂੰ ਸਫਲ ਉੱਦਮ ਬਣਾਏਗਾ, ਜਿਸ ਨਾਲ ਉਨ੍ਹਾਂ ਦਾ ਆਰਥਿਕ ਤੇ ਸਮਾਜਿਕ ਪੱਧਰ ਵੀ ਉੱਚਾ ਹੋਵੇਗਾ ਤੇ ਨੌਜਵਾਨਾਂ ਵਿੱਚ ਵਿਦੇਸ਼ਾਂ ਵੱਲ ਜਾਣ ਦਾ ਰੁਝਾਨ ਵੀ ਘਟੇਗਾ। ਖੇਤੀ ਉਤਪਾਦਨ ਅਤੇ ਮੰਡੀਕਰਨ ਸਬੰਧੀ ਉੱਭਰ ਰਹੀਆਂ ਚੁਣੌਤੀਆਂ ਨੂੰ ਨਜਿੱਠਣ ਲਈ ਨੌਜਵਾਨਾਂ ਦੀ ਊਰਜਾ, ਉਤਸ਼ਾਹ ਅਤੇ ਤਕਨੀਕੀ ਗਿਆਨ ਨੂੰ ਹੁਨਰ ਵਿਕਾਸ ਲਈ ਵਰਤਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਖੇਤੀਬਾੜੀ ਵਿੱਚ ਸ਼ਮੂਲੀਅਤ ਕਰਵਾ ਕੇ ਖੇਤੀ ਤੋਂ ਮੁਨਾਫ਼ੇ ਦੀ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ। ਨਜਿੱਠਣ ਲਈ ਨੌਜਵਾਨਾਂ ਦੀ ਊਰਜਾ, ਉਤਸ਼ਾਹ ਅਤੇ ਤਕਨੀਕੀ ਗਿਆਨ ਨੂੰ ਹੁਨਰ ਵਿਕਾਸ ਲਈ ਵਰਤਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਖੇਤੀਬਾੜੀ ਵਿੱਚ ਸ਼ਮੂਲੀਅਤ ਕਰਵਾ ਕੇ ਖੇਤੀ ਤੋਂ ਮੁਨਾਫ਼ੇ ਦੀ ਸਮਰੱਥਾ ਨੂੰ ਵਧਾਇਆ ਜਾ ਸਕਦਾ ਹੈ। ਕਿਸਾਨ ਆਪਣੀ ਖੇਤੀ ਤੇ ਸਹਾਇਕ ਧੰਦਿਆਂ ਲਈ ਸਿਰਤੋੜ ਯਤਨ ਕਰਦਾ ਹੈ ਪਰ ਜਦ ਮੰਡੀਕਰਨ ਦੀ ਗੱਲ ਆਉਂਦੀ ਹੈ ਤਾਂ ਉਸ ਵਿੱਚੋਂ ਬਾਹਰ ਨਿਕਲਣਾ ਚਾਹੁੰਦਾ ਹੈ। ਉਤਪਾਦਨ ਦੇ ਵਿਕਰੀ ਮੁੱਲ ਤੇ ਉਤਪਾਦ ਦੇ ਪ੍ਰਚੂਨ ਮੁੱਲ ਵਿੱਚ ਬਹੁਤ ਵੱਡਾ ਅੰਤਰ ਹੈ ਅਤੇ ਇਹ ਅੰਤਰ ਦਿਨੋ-ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਇਸ ਅੰਤਰ ਵਿਚਕਾਰ ਪ੍ਰੋਸੈਸਿੰਗ, ਮੰਡੀਕਰਨ ਤੇ ਢੋਆ-ਢੁਆਈ ਦਾ ਖ਼ਰਚਾ ਹੁੰਦਾ ਹੈ ਪਰ ਆਪਣੀ ਜਿਣਸ ਦਾ ਪੂਰਾ ਮੁੱਲ ਅਤੇ ਬਿਹਤਰ ਮੁਨਾਫ਼ਾ ਕਮਾਉਣ ਲਈ ਉਸ ਨੂੰ ਪ੍ਰੋਸੈਸਿੰਗ ਅਤੇ ਮੰਡੀਕਰਨ ਵਾਲੇ ਪਾਸੇ ਆਪਣਾ ਹਿੱਸਾ ਪਾਉਣਾ ਪਵੇਗਾ। ਖੇਤੀ ਨੂੰ ਮੁੜ ਸੁਰਜੀਤ ਅਤੇ ਪ੍ਰਫੁੱਲਿਤ ਕਰਨ ਲਈ ਤੇ ਪੇਂਡੂ ਨੌਜਵਾਨਾਂ ਨੂੰ ਖੇਤੀ ਵੱਲ ਆਕਰਸ਼ਿਤ ਕਰਨ ਲਈ ਇੱਕ ਜ਼ਰੂਰੀ



ਮਾਰਗ ਹੈ ।ਸੋ ਕਟਾਈ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਲਈ ਉਸ ਦੀ ਪ੍ਰੋਸੈਸਿੰਗ ਕਰਨੀ ਲਾਜ਼ਮੀ ਹੈ। ਇਹ ਜਿੱਥੇ ਉਪਜ ਦੀ ਮਿਆਦ ਵਧਾ ਕੇ ਖਾਣਯੋਗ, ਸੁਆਦੀ ਤੇ ਸੁਰੱਖਿਅਤ ਉਤਪਾਦ ਬਣਾਉਂਦੀ ਹੈ ਉੱਥੇ ਉਪਜ ਦੇ ਮੁੱਲ ਵਿੱਚ ਕਈ ਗੁਣਾਂ ਵਾਧਾ ਕਰਦੀ ਹੈ। ਪਿੰਡਾਂ ਦੇ ਨੌਜਵਾਨਾਂ ਵਿੱਚ ਪ੍ਰੋਸੈਸਿੰਗ ਦਾ ਹੁਨਰ ਵਿਕਸਿਤ ਕਰਕੇ ਪ੍ਰੋਸੈਸਿੰਗ ਯੂਨਿਟਾਂ ਲਗਾ ਕੇ ਅਲੱਗ-ਅਲੱਗ ਉਤਪਾਦ ਬਣਾਉਣ ਦੀਆਂ ਗਤੀਵਿਧੀਆਂ ਪਿੰਡਾਂ ਵਿੱਚ ਹੋਰਨਾਂ ਲਈ ਰੋਜ਼ਗਾਰ ਪੈਦਾ ਕਰਨਗੀਆਂ ਅਤੇ ਆਮਦਨੀ ਵੀ ਵਧਾਉਣਗੀਆਂ। ਪਿੰਡਾਂ ਦੇ ਨੌਜਵਾਨਾਂ ਵਿੱਚ ਇਹ ਹੁਨਰ ਵਿਕਸਿਤ ਕਰਕੇ ਖੇਤੀ ਉੱਦਮ ਵੱਲ ਲਿਜਾਉਣ ਲਈ ਖੇਤੀਬਾੜੀ ਮੰਤਰਾਲਾ ਭਾਰਤ ਸਰਕਾਰ ਵੱਲੋਂ ਵੀ ਨੌਜਵਾਨਾਂ ਨੂੰ ਖੇਤੀਬਾੜੀ ਵੱਲ ਆਕਰਸ਼ਿਤ ਕਰਨ ਲਈ ਸਪੈਸ਼ਲ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਖੇਤੀਬਾੜੀ ਤੇ ਸਹਾਇਕ ਧੰਦਿਆਂ ਦੀਆਂ ਉੱਦਮੀ ਗਤੀਵਿਧੀਆਂ ਵਿੱਚ ਪੇਂਡੂ ਨੌਜਵਾਨਾਂ ਨੂੰ ਸ਼ਕਤੀਕਰਨ ਅਤੇ ਸ਼ਾਮਿਲ ਕਰਨ ਲਈ ਅਨੇਕ ਯੋਜਨਾਵਾਂ ਉਲੀਕੀਆਂ ਹਨ ਤਾਂ ਜੋ ਖੇਤੀਬਾੜੀ ਤੋਂ ਵੱਧ ਤੋਂ ਵੱਧ ਮੁਨਾਫ਼ੇ ਨੂੰ ਯਕੀਨੀ ਬਣਾਇਆ ਜਾਵੇ ਅਤੇ ਰੁਜ਼ਗਾਰ ਪੈਦਾ ਕੀਤੇ ਜਾਣ। ਪੰਜਾਬ ਦੇ ਆਮ ਲੋਕਾਂ ਦਾ ਉੱਚਾ ਜੀਵਨ ਪੱਧਰ ਅਤੇ ਆਰਾਮਦਾਇਕ ਜੀਵਨ ਸ਼ੈਲੀ ਕਾਰਨ ਉਨ੍ਹਾਂ ਦੀ ਮੰਗ ਪ੍ਰੋਸੈੱਸ ਕੀਤੇ ਭੋਜਨ ਪਦਾਰਥਾਂ ਲਈ ਜ਼ਿਆਦਾ ਹੈ। ਕੋਵਿਡ-19 ਮਹਾਂਮਾਰੀ ਤੋਂ ਬਾਦ ਸਰੀਰ ਦੀ ਪ੍ਰਤੀਰੋਧਕ ਸ਼ਕਤੀ ਵਧਾਉਣ ਲਈ ਭੋਜਨ ਪਦਾਰਥਾਂ ਦੀ ਸ਼ੁੱਧਤਾ ਅਤੇ ਸਿਹਤ ਲਈ ਸੁਰਖਿਆ ਨੂੰ ਲੈ ਕੇ ਖਪਤਕਾਰਾਂ ਵਿੱਚ ਜਾਗਰੂਕਤਾ ਵੀ ਬਹੁਤ ਵਧੀ ਹੈ, ਉਨ੍ਹਾਂ ਦਾ ਰੁਝਾਨ ਅਤੇ ਭਰੋਸਾ, ਉਤਪਾਦਕਾਂ/ ਪ੍ਰੋਸੈਸਰਾਂ ਤੋਂ ਸਿੱਧੇ ਹੀ ਉਤਪਾਦ ਖ਼ਰੀਦਣ ਵੱਲ ਜ਼ਿਆਦਾ ਵਧਿਆ ਹੈ ।ਜਦੋਂ ਕਿਸਾਨ ਆਪਣੀ ਪੈਦਾਵਾਰ ਦੀ ਮਾਰਕੀਟਿੰਗ ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰਨਗੇ ਤਾਂ ਖ਼ਰੀਦਦਾਰ ਆਪਣੇ ਆਪ ਉਸ ਦੇ ਦਰਵਾਜ਼ੇ 'ਤੇ ਦਸਤਕ ਦੇਣਗੇ। ਪਿੰਡ ਪੱਧਰ 'ਤੇ ਐਗਰੋ ਪ੍ਰੋਸੈਸਿੰਗ ਮਸ਼ੀਨਾਂ ਜਿਵੇਂ ਕਿ ਛੋਟੀ ਆਟਾ ਚੱਕੀ, ਮਿੰਨੀ ਰਾਈ ਮਿੱਲ, ਆਇਲ ਐਕਸਪੈਲਰ, ਮਸਾਲਾ ਗਰਾਈਂਡਰ, ਦਾਲ ਮਿੱਲ, ਕਪਾਹ ਗਿੰਨਿੰਗ ਮਸ਼ੀਨ, ਪੇਂਜਾ, ਫੀਡ ਮਿੱਲ ਆਦਿ ਮਸ਼ੀਨਾਂ ਕਿਸਾਨਾਂ ਲਈ ਛੋਟੇ ਪੱਧਰ 'ਤੇ ਪ੍ਰੋਸੈਸਿੰਗ ਕਰਨ ਹਿੱਤ ਬਹੁਤ ਲਾਹੇਵੰਦ ਹਨ। ਸਰਕਾਰ ਵੱਲੋਂ ਇਨ੍ਹਾਂ ਨੂੰ ਲਗਾਉਣ ਲਈ ਵਿੱਤੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਕੁਝ ਸਕੀਮਾਂ ਛੋਟੇ ਕਿਸਾਨਾਂ ਨੂੰ ਪ੍ਰੋਸੈਸਿੰਗ ਮਸ਼ੀਨਰੀ ਲਈ ਵੱਧ ਤੋਂ ਵੱਧ 10 ਲੱਖ ਦੇ ਕਰਜ਼ੇ 'ਤੇ 35% ਤੱਕ ਸਬਸਿਡੀ ਦਿੰਦੀ ਹੈ। ਖੇਤੀ ਵਪਾਰ ਦੀ ਸਫਲਤਾ ਲਈ ਉਤਪਾਦਾਂ ਦੀ ਗੁਣਵੱਤਾ ਦੇ ਮਿਆਰਾਂ 'ਤੇ ਪੂਰਾ ਨਿਯੰਤਰਣ ਰੱਖਦੇ ਮਾਰਕੀਟਿੰਗ ਹੁਨਰ (ਸੁਚੱਜੀ ਪੈਕਿੰਗ, ਲੇਬਲਿੰਗ, ਬਰਾਂਡਿੰਗ) ਵੀ ਵਿਕਸਿਤ ਕਰਨੇ ਜ਼ਰੂਰੀ ਹਨ। ਉਤਪਾਦਕ ਤੇ ਵਪਾਰੀ ਵੱਲੋਂ ਤੈਅ ਵਿਕਰੀ ਮੁੱਲ ਵਿੱਚ ਵੱਡਾ ਫ਼ਰਕ ਸਿਰਫ਼ ਵਪਾਰਕ ਮਾਪਦੰਡਾਂ ਦਾ ਹੈ ਜਿਸ ਨੂੰ ਉਤਪਾਦਕ ਸਮਝਣ ਲਈ ਝਿਜਕਦਾ ਹੈ ਤੇ ਵਪਾਰੀ ਉਨ੍ਹਾਂ ਨੂੰ ਆਪਣਾ ਕੇ ਉਤਪਾਦਕ ਦਾ ਬਣਦਾ ਮੁੱਲ ਵੀ ਆਪਣੀ ਜੇਬ ਵਿੱਚ ਪਾਉਂਦਾ ਹੈ। ਸੋ ਉਪਜ ਦਾ ਪੂਰਾ ਮੁੱਲ ਪਾਉਣ ਲਈ ਤੇ ਆਪਣੇ ਉਤਪਾਦਾਂ ਦੇ ਸਫਲ ਵਪਾਰ ਲਈ ਕੁਆਲਿਟੀ ਮਾਪਦੰਡਾਂ ਦੇ ਨਾਲ-ਨਾਲ ਵਪਾਰਕ ਮਾਪਦੰਡਾਂ ਨੂੰ ਅਪਣਾਉਣਾ ਵੀ ਲਾਜ਼ਮੀ ਹੈ।





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਅਲੀ ਹੈਦਰ ਮੁਲਤਾਨੀ

ਪੰਜਾਬੀ ਕਵਿਤਾ ਦੀ ਗੱਲ ਸੂਫ਼ੀ ਕਵਿਤਾ ਤੋਂ ਬਿਨਾਂ ਅਧੂਰੀ ਹੈ। ਸੂਫੀ ਕਵਿਤਾ ਵਿੱਚ ਤੌਬਾ, ਪ੍ਰਹੇਜ਼, ਬ੍ਰਿਹਾ, ਤਿਆਗ, ਗਰੀਬੀ, ਰੱਬ ਵਿੱਚ ਭਰੋਸਾ, ਸਤੁੰਸ਼ਟੀ ਉਪਰੰਤ ਅਧਿਆਤਮਕ ਵਿਸ਼ੇ ਹਨ। ਪ੍ਰੀਤਮ ਇੱਕ ਆਦਮੀ ਅਤੇ ਪ੍ਰੇਮੀ ਹੈ। ਮਨੁੱਖ ਔਰਤ ਉਸ ਨੂੰ ਭਾਲਦੀ ਹੈ। ਹੀਰ ਉਹ ਰੂਹ ਹੈ ਜੋ ਬ੍ਰਹਮ ਪਿਆਰੇ ਨੂੰ ਭਾਲਦੀ ਹੈ।

ਅਲੀ ਹੈਦਰ ਮੁਲਤਾਨੀ ਪੰਜਾਬੀ ਅਤੇ ਸਹਿਰੀਕੀ ਦਾ ਮਸ਼ਹੂਰ ਸੂਫੀ ਕਵੀ ਹੈ। ਉਸ ਨੇ ਆਪਣੀ ਜਿੰਦਗੀ ਦਾ ਵਧੇਰੇ ਸਮਾਂ ਆਪਣੇ ਪਿੰਡ ਚੌਂਤਰਾਂ ਤਹਿਸੀਲ ਪੀਰ ਮਹਿਲਾ ਜ਼ਿਲ੍ਹਾ ਟੋਬਾ ਟੇਕ ਸਿੰਘ ਪਾਕਿਸਤਾਨ ਵਿੱਚ ਗੁਜਾਰਿਆ। ਉਸ ਦਾ ਜਨਮ 10 ਮਈ 1690 ਨੂੰ ਹੋ ਇਆ। ਪਿਤਾ ਦਾ ਨਾਉਂ ਸੇਖ ਮੁਹੰਮਦ ਅਮੀਨ ਸੀ। ਅਲੀ ਗਿਲਾਨੀ ਸਯਦ ਸੀ। ਉਹ ਅਰਬੀ ਅਤੇ ਫ਼ਾਰਸੀ ਦਾ ਵਿਦਵਾਨ ਸੀ। ਮੁਗਲ ਬਾਦਸ਼ਾਹ ਔਰੰਗਜੇਬ ਦੀ ਮੌਤ ਤੋਂ ਬਾਅਦ ਰਾਜਨੀਤਿਕ ਉਥਲ ਪੁਥਲ ਦੇ ਸਮੇਂ ਉਸ ਨੇ ਸੂਫੀ ਕਾਵਿ ਤੇ ਦਿਲ ਖੋਲ ਕੇ ਰਚਨਾ ਕੀਤੀ। ਉਸ ਨੂੰ ਅਰਬੀ ਫ਼ਾਰਸੀ ਵਿੱਚ ਖਾਸ ਮੁਹਾਰਤ ਪ੍ਰਾਪਤ ਸੀ। ਲੁਤਫ਼ ਅਲੀ ਬਹਾਵਲਪੁਰੀ ਉਸਦਾ ਸ਼ਾਗਿਰਦ ਸੀ।

ਰਾਹੀ ਰਾਹ ਜਾਂਦੇ ਫਕੀਰ ਗਲੀਆਂ ਵਿੱਚ ਉਸਦਾ ਕਲਾਮ ਗਾਉਂਦੇ ਜਾਂਦੇ ਸਨ। ਲੋਕਾਂ ਨੇ ਇਸ ਵੱਲ ਕੋਈ ਧਿਆਨ ਨਾ ਦਿੱਤਾ ਕਿ ਫਕੀਰ ਕੀ ਗਾਉਂਦੇ ਹਨ ? ਹੈਦਰ ਇੱਕ ਕਵੀ ਦੇ ਰੂਪ ਵਿੱਚ ਆਮ ਲੋਕਾਂ ਲਈ ਅਣਜਾਣ ਸੀ। ਸੰਨ 1898 ਵਿੱਚ ਲਾਹੌਰ ਦੇ ਮਲਿਕ ਫਜਲਦੀਨ ਨੇ ਜਦ ਉਸ ਦਾ ਕਲਾਮ ਧਿਆਨ ਨਾਲ ਸੁਣਿਆ ਤਾਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਹੈਦਰ ਦੀਆਂ ਰਚਨਾਵਾਂ ਨੂੰ ਇਕੱਠਾ ਕਰਕੇ ਮੁਕੰਮਲ ਮਜਮੂਆਂ ਅਬਜਾਤ ਅਲੀ ਹੈਦਰ ਛਪਵਾਇਆ। ਉਸਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਲੋਕਾਂ ਨੂੰ ਅਤੇ ਉਸ ਦੇ ਵੰਸ਼ਜਾਂ ਨੂੰ ਉਸ ਦੇ ਜੀਵਨ ਅਤੇ ਸਾਹਿਤ ਬਾਰੇ ਪਤਾ ਨਹੀਂ ਹੈ। ਉਸ ਦੀ ਰਚਨਾ ਦੇ ਹਵਾਲੇ ਨਾਲ ਉਸ ਬਾਰੇ ਪਤਾ ਲੱਗਦਾ ਹੈ ਜਿਵੇਂ ਉਹ ਕਹਿੰਦਾ ਹੈ ਕਿ ਮੈਂ ਸਯਦ ਨਹੀਂ ਅਤੇ ਨਾ ਹੀ ਵਿਦੇਸ਼ੀ ਹੈ। ਆਪਣੇ ਪੀਰ ਮੁਰਸ਼ਦ ਬਾਰੇ ਲਿਖਦਾ ਹੈ:

ਮੈਂ ਕੁੱਤਾ ਬਣ ਆਲ ਰਸੂਲ ਨਜੀਬ ਦਾ,
ਪਾਹਰਾਂ ਹਾਂ ਘਰ ਬਾਰ ਉੱਤੇ
ਉਪਰ ਅੱਗੋਂ ਉਹ ਅੰਧੇਰੀ,
ਮੈਂ ਹੋਂਦੀਆਂ ਏਸ ਦਰਬਾਰ ਉੱਤੇ
ਪਰ ਅਹਲੇ ਉਲਮਾ ਦੀ ਇੱਜਤ ਰੱਖਣ
ਵਾਜਿਬ ਹੈ ਸੰਸਾਰ ਉਤੈ
ਹੈਦਰ ਉਲਮਾਂ ਵਾਰਸੇ ਅੰਬੀਆਂ
ਕੌਣ ਹੋਵੇ ਇਨਕਾਰ ਉੱਤੇ।

ਮੈਂ ਉੱਚੇ ਨਬੀ ਆਲ ਰਸੂਲ ਦਾ ਇੱਕ ਕੁੱਤਾ ਹਾਂ। ਉਸਦੇ ਘਰ ਬਾਹਰ ਤੇ ਪਹਿਰਾ ਦਿੰਦਾ ਹਾਂ। ਨਜ਼ਰ ਰੱਖਦਾ ਹਾਂ। ਉਹਨਾਂ ਦੇ ਦਰਬਾਰ ਉਤੋਂ ਮੈਂ ਤੂਫ਼ਾਨ ਬਣ ਕੇ ਲੰਘਦਾ ਹਾਂ। ਉਹਨਾਂ ਦੇ ਨਾਉਂ ਦਾ ਵੀ ਮੈਂ ਗੁਲਾਮ ਹਾਂ। ਇਹਨਾਂ ਸੱਜਣਾਂ ਦੀ ਦਿਆਲਤਾ ਦਾ ਵੀ ਭਾਵ ਸਯਦਾਂ ਦਾ ਸਤਿਕਾਰ ਬਰਕਰਾਰ ਰੱਖਣਾ ਸੰਸਾਰ ਵਿੱਚ ਸਹੀ ਨਹੀਂ ਹੈ। ਹੋਰ ਸਪਸ਼ਟ ਕਰਦਾ ਹੈ ਕਿ ਜੇਕਰ ਅਲੀ ਹੈਦਰ ਸਯਦ ਵਿਦਵਾਨ ਹੁੰਦਾ, ਉਹ ਆਪਣੇ ਆਪ ਨੂੰ ਕੁੱਤਾ ਨਾ ਆਖਦਾ। ਸਗੋਂ ਸਯਦਾਂ ਦੇ ਦਰਵਾਜੇ ਉਸਦਾ ਸਨਮਾਨ ਹੁੰਦਾ। ਇਹ ਸਿੱਧ ਕਰਦਾ ਹੈ ਕਿ ਹੈਦਰ ਇੱਕ ਭਾਰਤੀ ਸੀ ਨਾ ਕਿ ਵਿਦੇਸ਼ੀ ਸਯਦਾਂ ਵਿਚੋਂ ਸੀ। ਹੈਦਰ ਸਯਦਾਂ ਕੋਲੋਂ ਡਰਦਾ ਹੈ। ਆਪਣੇ ਆਪ ਨੂੰ ਨੀਂਵਾਂ ਸਮਝਦਾ ਹੈ। ਉਹਨਾਂ ਦਾ ਸਤਾਇਆ ਹੋਇਆ ਹੈ ਪਰ ਸਿੱਖਿਅਤ ਵਿਦਵਾਨਾਂ ਦਾ ਸਤਿਕਾਰ ਕਰਦਾ ਹੈ। ਉਹ ਇੱਕ ਮੰਨੇ ਹੋਏ ਕਾਦਰੀ ਫਿਰਕੇ ਦੇ ਮੋਢੀ ਸ਼ਾਹ ਮੁਹਈਉਦੀਨ ਦਾ ਜ਼ਿਕਰ ਆਪਣੇ ਕਾਵਿ ਵਿੱਚ ਕਰਦੇ ਹਨ ਕਿ

-ਕਾਫ਼ ਕਿਹਾ ਗਮ ਖੌਫ ਅਸਾਂ ਨੂੰ ਜੇ ਸ਼ਾਹ ਮੁਏਉਦੀਨ ਅਸਾਡੜਾ ਏ
ਸ਼ਾਹ ਅਬਦੁਲ ਕਾਦਿਰ ਜਿੰਨਾਂ ਦਾ ਜੇ, ਲੁਤਫ ਅਮੀਨ ਅਸਾਡੜਾ ਏ।
ਅਲੀ ਹੈਦਰ ਕਿਆ ਪ੍ਰਵਾਹ ਕਿਸੇ ਦੀ,
ਜੇ ਸ਼ਾਹ ਮੁਹਈਦੀਨ ਅਸਾਡੜਾ ਏ।

ਭਾਵ ਅਲੀ ਐਦਰ ਸਾਨੂੰ ਕਿਸੇ ਹੋਰ ਦੀ ਕੀ ਪ੍ਰਵਾਹ ਜੇ ਸ਼ਾਹ ਮੁਹਈਉਦੀਨ ਅਸਾਡੜਾ ਏ।

ਉਸ ਦੀ ਰਚਨਾ ਦੀ ਅਮੀਰੀ ਦਾ ਨਮੂਨਾ ਹੈ ਕਿ

ਸ਼ੀਨ ਸ਼ਰਾਬ ਦੇ ਮਸਤ ਰਹਣ ਕੇਹੇ,
ਲੈਣ ਤੈਂਡੜੇ ਮਤਵਾਲੜੇ ਨੇ।
ਸ਼ਰਥ ਸਫ਼ੈਦ ਸਿਆਹ ਦੁੰਬਾਲੜੇ
ਬਾਝ ਕੱਜਲ ਦੇ ਐਂਵੇ ਕਾਲੜੇ ਨੇ
ਨਾਲ ਨਿਗਾਹ ਦੇ ਮਸਤ ਕਰਨ
ਕੇਹੇ ਚੀਨੀ ਰੰਗ ਪਿਆਲੜੇ ਨੇ
ਹੈਦਰ ਛਿਕ ਛਿਕ ਤੀਰ ਚਲੈਂਦੇ
ਕੇਹੇ ਜਾਲਮ ਮਾਰਨ ਵਾਲੜੇ ਨੇ।

ਹੈਦਰ ਨੇ ਕਿੱਸਾ ਹੀਰ ਰਾਂਝਾ ਪੰਜਾਬੀ ਕਵਿਤਾ ਦਾ ਇਕ ਨਿਵੇਕਲਾ ਰੰਗ ਭਰਿਆ ਹੈ

ਜਾਨ ਬਚਾ ਕੇ ਬਾਹਜੋ ਚਾਕੇ,
ਰਖੇ ਕਿਉਂ ਕਰ ਹੋਈ ਮਾਂ
ਯਹਰਕ ਮਾਸਵਾ ਆਲ ਮਹਬੂਬ
ਰਿਹਿਆ ਗੈਰ ਨਾ ਕੋਈ ਮਾਂ
ਦਿਲ ਵਿੱਚ ਆਖੇਂ ਵੇਖ ਤਮਾਸ਼ੇ ਹੈ ਹੋ ਉਥੇ ਢੋਈ ਮਾਂ
ਮਨ ਹੋ ਮਿਕਨਾਤੀਸ ਹੈਦਰ
ਉਸੇ ਦੀ ਖਿੱਚ ਰਖੀਓ ਈ ਮਾਂ।

ਹੈਦਰ ਨੇ ਕੌਮੀ ਜਾਗ੍ਰਿਤੀ ਦੀ ਗੱਲ ਕੀਤੀ ਹੈ। ਉਹ ਨਾਦਰ ਸ਼ਾਹ ਦੇ ਹਮਲੇ ਅਤੇ ਹਿੰਦੁਸਤਾਨੀਆਂ ਦੀ ਆਪਸੀ ਫੁੱਟ, ਨਾਇਤਫਾਕੀ , ਖੁਦਗਰਜੀ ਅਤੇ ਕਾਇਰਤਾ ਨੂੰ ਖੂਬ ਭੰਡਦਾ ਹੈ। ਨਾਦਰਸ਼ਾਹ ਦਾ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ’ਤੇ 1739 ਈਸਵੀ ਦਾ ਹਮਲਾ ਅਤੇ ਉਸ ਹਮਲੇ ਦੀ ਤਬਾਹੀ ਅਤੇ ਬਰਬਾਦੀ ਨੂੰ ਦੇਖ ਕੇ ਉਸਦਾ ਮਨ ਦੁਖੀ ਹੋਇਆ। ਇਹ ਹਮਲਾ ਵੀ ਨਿਜਾਮ ਉਲ ਮਲਕ ਦੇ ਇਸ਼ਾਰੇ ’ਤੇ ਕੀਤਾ ਗਿਆ ਸੀ।, ਜੋ ਗਦਾਰ ਸੀ। ਹੈਦਰ ਗਦਾਰਾਂ ਨੂੰ ਲਾਹਨਤਾਂ ਪਾਉਂਦਾ ਹੈ :

ਬੇ ਬਿਖ ਜਹਿਰ ਨਹੀਂ ਜੋ ਖਾਹ ਮਰਨ, ਕੁਝ ਸ਼ਰਮ ਨਹੀਂ ਹਿੰਦੁਸਤਾਨੀਆਂ ਨੂੰ
ਕਿਆ ਹਯਾ ਇਹਨਾਂ ਰਾਜਿਆਂ ਨੂੰ ਕੁਝ ਲਜ ਨਹੀਂ ਤੁਰਾਨੀਆਂ ਨੂੰ
ਭੈੜੇ ਭਰ ਭਰ ਦੇਵਣ ਖਜਾਨੇ ਫਾਰਸੀਆਂ ਖੁਰਾਸਾਨੀਆਂ ਨੂੰ
ਛੂਣੀਆਂ ਪਾਣੀਆਂ ਨੱਕ ਡੋਬਣ ਜੋ ਲਹਿਵਨ ਨਾ ਵੱਡਿਆ ਪਾਣੀਆਂ ਨੂੰ

ਹੈਦਰ ਇੱਕ ਚੇਤਨ ਤੇ ਜਾਗਰੂਕ ਕਵੀ ਵਾਂਗ ਦੇਸ਼ ਅਤੇ ਦੇਸ਼ ਵਾਸੀਆਂ ਦੀ ਖ਼ੁਸ਼ਹਾਲੀ ਦੀ ਕਾਮਨਾ ਕਰਦਾ ਹੈ। ਦੇਸ਼ ਦੇ ਆਸ਼ਕਾਂ ਸਦਕਾ ਪ੍ਰਤੀ ਉਸਦੇ ਮਨ ਵਿੱਚ ਖਾਸ ਸਤਿਕਾਰ ਹੈ:

ਖੇ ਖ਼ੁਸ਼ੀ ਵਸੇ ਇਹ ਦੇਸ਼ ਰਾਵੀ, ਜਿੱਥੇ ਵਸਦੀਆਂ ਕੁਲ ਕਵਾਰੀਆਂ ਨੇ

ਅਲੀ ਹੈਦਰ ਮੁਲਤਾਨੀ ਪੰਜਾਬੀ ਅਤੇ ਸਹਿਰੀਕੀ ਦਾ ਮਸ਼ਹੂਰ ਸੂਫੀ ਕਵੀ ਹੈ। ਉਸ ਨੇ ਆਪਣੀ ਜਿੰਦਗੀ ਦਾ ਵਧੇਰੇ ਸਮਾਂ ਆਪਣੇ ਪਿੰਡ ਚੌਂਤਰਾਂ ਤਹਿਸੀਲ ਪੀਰ ਮਹਿਲਾ ਜ਼ਿਲ੍ਹਾ ਟੋਬਾ ਟੇਕ ਸਿੰਘ ਪਾਕਿਸਤਾਨ ਵਿੱਚ ਗੁਜਾਰਿਆ। ਉਸ ਦਾ ਜਨਮ 10 ਮਈ 1690 ਨੂੰ ਹੋ ਇਆ। ਪਿਤਾ ਦਾ ਨਾਉਂ ਸੇਖ ਮੁਹੰਮਦ ਅਮੀਨ ਸੀ। ਅਲੀ ਗਿਲਾਨੀ ਸਯਦ ਸੀ। ਉਹ ਅਰਬੀ ਅਤੇ ਫ਼ਾਰਸੀ ਦਾ ਵਿਦਵਾਨ ਸੀ। ਮੁਗਲ ਬਾਦਸ਼ਾਹ ਔਰੰਗਜੇਬ ਦੀ ਮੌਤ ਤੋਂ ਬਾਅਦ ਰਾਜਨੀਤਿਕ ਉਥਲ ਪੁਥਲ ਦੇ ਸਮੇਂ ਉਸ ਨੇ ਸੂਫੀ ਕਾਵਿ ਤੇ ਦਿਲ ਖੋਲ ਕੇ ਰਚਨਾ ਕੀਤੀ। ਉਸ ਨੂੰ ਅਰਬੀ ਫ਼ਾਰਸੀ ਵਿੱਚ ਖਾਸ ਮੁਹਾਰਤ ਪ੍ਰਾਪਤ ਸੀ। ਲੁਤਫ਼ ਅਲੀ ਬਹਾਵਲਪੁਰੀ ਉਸਦਾ ਸ਼ਾਗਿਰਦ ਸੀ।

ਘੜਾ ਘਿੰਨ ਕੇ ਢਾਕਾਂ ਤੋਂ ਚਾੜਨ , ਉਹ ਤਾਂ ਦੋ ਨੈਣਾਂ ਦੀਆਂ ਮਾਰੀਆਂ ਨੇ।
ਵੰਜ ਵੇਜ਼ ਨੀਗਰਾ ਛੇੜ ਨਾਹੀ, ਮਤਾਂ ਆਵਣ ਅਸਾਡੀਆਂ ਵਾਰੀਆਂ ਨੇ।
ਓੜਕ ਇਸ਼ਕ ਕੁੰਨੋ ਅਲੀ ਹੈਦਰ ਕੀ ਹਾਸਿਲ ਜੇ ਜਿੱਤੀਆਂ ਬਾਜੀਆਂ ਹਾਰੀਆਂ ਨੇ।

ਵਹਦਤੁਲ ਵਜੂਦ ਦੇ ਹਵਾਲੇ ਵਿੱਚ ਉਸਦੀ ਕਾਵਿ ਰਚਨਾ ਵਿਚਾਰਨ ਯੋਗ ਹੈ।

ਕਾਫ਼ ਕੂੜਾ ਘੋੜਾ, ਕੂੜਾ ਜੋੜਾ, ਕੂੜਾ ਸ਼ਾਹ ਅਸਵਾਰ,
ਕੂੜੇ ਬਾਸ਼ੇ, ਕੂੜੇ ਸ਼ਿਕਰ , ਕੂੜੇ ਮੀਰ ਸ਼ਿਕਾਰ,
ਕੂੜੇ ਹਾਥੀਂ, ਕੂੜੇ ਲਸ਼ਕਰ, ਕੂੜੇ ਫ਼ੌਜ ਕਟਾਰ,
ਕੂੜੇ ਸੂਹੇ, ਕੂੜੇ ਸਾਲੂ,ਕੂੜੇ ਸੋਹਣੇ ਯਾਰ
ਕੂੜੈ ਜੋੜੇ ਕੂੜੇ ਬੀੜੇ, ਕੂੜੇ ਹਾਰ ਸ਼ਿੰਗਾਰ,
ਕੂੜੇ ਕੋਠੇ ਕੂੜੇ ਮੰਮਟ, ਕੂੜਾ ਇਹ ਸੰਸਾਰ,
ਹੈਦਰ ਆਖੇ ਸਭ ਕੁਝ ਕੂੜਾ ਸੱਚਾ ਹਿੱਕ ਕਰਤਾਰ
ਦੂਜਾ ਨਬੀ ਮੁਹੰਮਦ ਸੱਚਾ, ਸੱਚੇ ਉਸਦੇ ਯਾਰ।

ਝੂਠਾ ਹੈ ਘੋੜਾ, ਝੂਠੀ ਹੈ ਪੁਸ਼ਾਕ ਅਤੇ ਝੂਠਾ ਹੈ ਰਾਜਾ । ਸਵਾਰ ਝੂਠੇ ਹਨ। ਬਾਜ ਝੂਠੇ ਹਨ ਅਤੇ ਝੂਠੇ ਹਨ ਸ਼ਿਕਾਰ ਦੇ ਆਗੂ। ਝੂਠੇ ਹਾਥੀ, ਝੂਠੀਆਂ ਫ਼ੌਜਾਂ ਅਤੇ ਝੂਠੇ ਹਨ ਤਲਵਾਰ ਵਾਲੇ ਫ਼ੌਜੀ। ਝੂਠੇ ਲਾਲ ਰੰਗੇ ਸਾਲੂ ਅਤੇ ਦੋਸਤ ਝੂਠੇ ਹਨ। ਝੂਠੀਆਂ ਇਹ ਵਰਦੀਆਂ, ਝੂਠੀਆਂ ਕਿਸਤੀਆਂ, ਝੂਠੇ ਪੈਖਾਨੇ, ਝੂਠੇ ਘਰ,ਝੂਠੇ ਸੁੱਖ ਅਤੇ ਝੂਠਾ ਇਹ ਸੰਸਾਰ। ਹੈਦਰ ਕਹਿੰਦਾ ਹੈ ਕਿ ਸਭ ਕੁਝ ਝੂਠ ਹੈ। ਕਰਤਾਰ ਇਕੱਲਾ ਸੱਚਾ ਹੈ। ਦੂਜਾ ਸੱਚਾ ਪੈਗੰਬਰ ਮੁਹੰਮਦ ਅਤੇ ਸੱਚੇ ਉਸ ਦੇ ਦੋਸਤ ਹਨ।

ਹੈਦਰ ਨੇ ਇੱਕ ਰੱਬ ਵਿੱਚ ਵਿਸ਼ਵਾਸ ਚੰਗੀ ਤਰਾਂ ਦਰਸਾਇਆ ਹੈ:

ਆਲਿਫ਼ ਏਥੇ ਉਥੇ ਆਸ ਅਸਾਂ ਤੈਂਡੀ ਤੇ ਆਸਰਾ ਤੈਂਡੜੇ ਜੋਰ ਦਾ ਈ
ਮਹੀ ਸਭ ਹਵਾਲੜੇ ਤੈਂਡੜੇ ਨੇ ਅਸਾਂ ਖੌਫ਼ ਨਾ ਗੁੰਡੜੇ ਚੋਰ ਦਾ ਈ।
ਤੂੰ ਹੀ ਜਾਣ ਸਵਾਲ ਜਵਾਬ ਸਭੇ, ਸਨੂੰ ਹੋਲ ਨਾ ਔਖੜੀ ਗੋਰ ਦਾ ਈ
ਅਲੀ ਹੈਦਰ ਨੂੰ ਸਿੱਕ ਤੈਂਡੜੀ ਏ, ਬੈਠੇ ਬਾਝ ਨਾ ਸਾਇਲ ਹੋਰ ਦਾ ਈ।

ਇਥੇ ਉਥੇ ਸਾਨੂੰ ਆਸ ਤੇਰੀ ਏ,ਤੇਰੇ ਆਸਰੇ ਦਾ ਜੋਰ ਏ, ਸਭ ਕੁਝ ਤੇਰੇ ਹਵਾਲੇ ਹੈ। ਸਾਰੇ ਵੱਗ ਦਾ ਤੂੰ ਹੀ ਚਰਵਾਹਾ ਏ। ਇਸ ਲਈ ਮੈਂ ਕਿਸੇ ਭੈੜੇ ਚੋਰ ਗੁੰਡੇ ਤੋਂ ਨਹੀਂ ਡਰਦਾ। ਤੂੰਹ ਹੀ ਸਾਰੀਆਂ ਅਰਦਾਸਾਂ ਨੂੰ ਜਾਣਦਾ ਏ। ਉਹਨਾਂ ਦੇ ਜਵਾਬ ਵੀ ਜਾਣਦਾ ਏ। ਮੈਨੂੰ ਔਖੀ ਕਬਰ ਦਾ ਕੋਈ ਡਰ ਨਹੀਂ। ਅਲੀ ਹੈਦਰ ਨੂੰ ਤੇਰੀ ਭਾਲ ਹੈ। ਤੇਰੇ ਬਗੈਰ ਮੇਰਾ ਬਚਾਓ ਨਹੀਂ । ਉਹ ਕਿਸੇ ਹੋਰ ਦੀ ਭਾਲ ਨਹੀਂ ਕਰਦਾ।

ਸਰੀਰਕ ਪਿਆਰ ਅਧਿਆਤਮਕ ਪਿਆਰ ਲਈ ਉਸਦਾ ਆਦਰਸ਼ ਸੀ। ਇਹ ਦਰਸਾਉਣ ਲਈ ਉਸਦਾ ਕਾਵਿ ਹੈ :

ਸ਼ੀਨ ਸ਼ਕਰੰਜੀ ਯਾਰ ਦੀ ਮੈਨੂੰ ਤਲਬ ਕੀਤਾ ਸਭ ਸ਼ੀਰ ਸ਼ਕਰ,
ਜੰਗ ਸ਼ਕਰ ਦੇ ਸ਼ਕਰ ਵੰਡਾ ਜੇ ਐਂਵੇ ਕਰੇ ਰੱਬ ਸ਼ੀਰ ਸ਼ਕਰ
ਰਾਂਝਣ ਖਰੀ ਤੇ ਹੀਰ ਸ਼ਕਰ ਰੱਬ ਫੇਰ ਕਰੇ ਸ਼ੀਰ ਸ਼ਕਰ
ਹੈਦਰ ਗੁੱਸਾ ਪੀਣੇ ਤਾਂ ਆਖੇ ਪੀਓ ਮਿੱਠਾ ਲਬ ਸ਼ੀਰ ਸ਼ਕਰ।

ਮੇਰੇ ਦੋਸਤ ਦਾ ਗੁੱਸਾ ਮੇਰੇ ਲਈ ਕੋੜਾ ਹੈ। ਇਸ ਨੇ ਸਾਡੀ ਦੋਸਤੀ ਨੂੰ ਕੋੜਾ ਬਣਾ ਦਿੱਤਾ। ਮੈਂ ਗੰਜ ਸ਼ਕਰ ਦੀ ਖੰਡ ਵੰਡਾਂਗਾ। ਬਾਸ਼ਰਤੇ ਰੱਬ ਸ਼ਾਂਤੀ ਬਖਸ਼ੇ। ਰਾਝਾਂ ਚੌਲ ਤੇ ਹੀਰ ਖੰਡ ਹੈ। ਪਰਮਾਤਮਾ ਜਲਦੀ ਇਹਨਾਂ ਦਾ ਮਿਲਾਪ ਕਰਾਵੇ। ਜਿਸ ਚੀਜ਼ ਦੀ ਅਸੀਂ ਖੋਜ ਕਰਦੇ ਹਾਂ ਉਹ ਹਰੇਕ ਬਲ ਤੇ ਮੌਜੂਦ ਹੈ। ਭਾਵ ਪਰਮਾਤਮਾ ਦਾ ਨਾਉਂ। ਉਸਦੀ ਮਿੱਤਰਤਾ ਦਾ ਪਿਆਲਾ ਪੀਓ। ਹੈਦਰ ਜੇ ਉਹ ਆਪਣੇ ਗੁੱਸੇ ਤੇ ਕਾਬੂ ਰੱਖੇ ਤਾਂ ਕਹੇਗਾ ਕਿ ਬੁੱਲਾਂ ਦੀ ਮਿੱਠੀ ਖੰਡ ਨਾਲ ਦੋਸਤੀ ਪੀ। ਉਸ ਦੀ ਇੱਕ ਸੰਗੀਤਕ ਟੁਕੜੀ ਵੇਖੋ ਕਿ ਪਾਠਕ ਪੜਦਾ ਪੜਦਾ ਹੀ ਗਾ ਉਠਦਾ ਹੈ, ਲੈਅ ਵਿੱਚ :

ਤੇ ਤਾਰੀਆਂ ਲਾਰਿਆਂ ਤੈਂਡਿਆਂ ਨੇ, ਮੈਨੂੰ ਲਾਰਿਆਂ ਕਾਰੀਆਂ ਮਾਰੀਆਂ ਨੈ
ਹੀਰ ਜੇਹੀਆ ਸੈ ਗੋਲੀਆਂ ਘਲੀਆਂ ਨੇ, ਸਦਕੇ ਕੀਤੀਆਂ ਤੇ ਤੈਂਥੋਂ ਵਾਰੀਆਂ ਨੇ
ਚੋਪਾੜ ਮਾਰ ਤੋੜ ਨਾ ਪਾਸੜੇ ਨੂੰ ਪਾਸੇ ਦਿੱਤੀਆਂ ਹੱਡੀਆਂ ਸਾਰੀਆਂ ਨੇ
ਅਲੀ ਹੈਦਰ ਘੋਲੜੀ ਤੈਂਡੜੇ ਤੋਂ, ਅਸਾਂ ਜਿੱਤੀਆਂ ਬਾਜ਼ੀਆਂ ਹਾਰੀਆਂ ਨੇ।

ਅਲੀ ਆਪਣੇ ਬਾਰੇ ਕਹਿੰਦਾ ਹੈ ਕਿ

ਖੇ-ਖਲਕ ਖੁਦਾ ਦੀ ਇਲਮ ਪੜਦੀ ਸਾਨੂੰ ਇੱਕਾ ਮਤਾਲੇ ਯਾਰ ਦਾ ਏ
ਜਿੰਨਾ ਖੋਲ ਕੇ ਇਸ਼ਕ ਕਿਤਾਬ ਡਿੱਠੀ, ਸੀਗੇ ਸਰਫ ਦੇ ਸਭ ਵਿਸਾਰ ਦਾ ਏ
ਜਿੰਨਾ ਯਾਰ ਦਾ ਨਾਮ ਦਾ ਸਬਕ ਪੜਿਆ, ਇਥੇ ਜਾਏ ਨਾ ਸਬਰ ਕਰਾਰ ਦਾ ਏ।
ਹੈਦਰ ਮੁੱਲਾਂ ਨੂੰ ਫ਼ਿਕਰ ਨਿਮਾਜ ਦਾ ਏ, ਇਹਨਾਂ ਆਸ਼ਿਕਾਂ ਤਲਬ ਦੀਦਾਰ ਦਾ ਏ।

ਪਰਮਾਤਮਾ ਦੇ ਜੀਵ ਗਿਆਨ ਅਧਿਐਨ ਕਰਦੇ ਹਨ ਪਰ ਸਾਡੇ ਕੋਲ ਕੇਵਲ ਉਹ ਹੈ ਪ੍ਰੀਤਮ ਦਾ ਅਧਿਐਨ ਜੋ ਕਿਤਾਬ ਖੋਲਿਆ ਅਤੇ ਦੇਖਿਆ ਹੈ ਜੋ ਕਿ ਉਹ ਪਿਆਰ ਵਿੱਚ ਸਭ ਖਰਚਾ ਕਰਨ ਲਈ ਤਿਆਰ ਹੈ। ਜਿਸ ਨੇ ਪ੍ਰੀਤਮ ਦਾ ਪਾਠ ਪੜਿਆ ਹੈ। ਸ਼ਾਂਤੀ ਹੈ, ਸੰਤੋਖ ਹੈ। ਹੈਦਰ ਪੁਜਾਰੀ ਨੂੰ ਪ੍ਰਾਥਨਾ ਬਾਰੇ ਸੋਚਣਾਂ ਪੈਂਦਾ ਹੈ ਪਰ ਇਹ ਪ੍ਰੇਮੀ ਸਿਰਫ਼ ਇੱਛਾ ਰੱਖਦੇ ਹਨ ਪਿਆਰ ਪ੍ਰਗਟ ਕਰਨ ਦੀ।

ਹੋਰ ਅੱਗੇ ਵੇਰਵਾ ਹੈ :

ਬੇ ਬੇਦੀ ਬੈ ਨ ਵੱਸ ਮੁੱਲਾ ਉਹੋ ਆਲਿਫ਼ ਸਿੱਧਾ ਖਮ ਘੱਤ ਆਇਆ
ਉਹ ਯਾਰ ਗਲਵੱਕੜੀ ਰਾਤ ਵਾਲਾ, ਹੁਣ ਭੇਸ ਵਟਾ ਕੇ ਵਤ ਆਇਆ।
ਸੋਹਣਾ ਮੀਮ ਦੀ ਚਾਦਰ ਪਹਣ ਕੀ ਜੀ ਕੇਹਾ ਜੁਲਫ਼ਾਂ ਦਾ ਘੂੰਘਟ ਘਤ ਆਇਟਾ
ਅਲੀ ਹੈਦਰ ਉਹ ਯਾਰ ਪਿਆਰਾ ਹੁਣ ਅਹਿਮਦ ਬਣਕੇ ਵਤ ਆਇਆ।

ਹੇ ਪੁਜਾਰੀ ਮੈਨੂੰ ਮੋੜਵੀਂ ਕ੍ਰਿਪਾਨ ਨਾ ਦਿਖਾ, ਕਿਉਂਕਿ ਇਹ ਸਿੱਧੀ ਆਲਿਫ਼ ਹੈ। ਜੋ ਵਾਪਿਸ ਮੁੜ ਆਈ ਏ। ਦੋਸਤੋ ਬੀਤੀ ਰਾਤ ਆਪਣਾ ਪਹਿਰਾਵਾ ਬਦਲਣ ਵਾਲਾ ਫਿਰ ਆ ਗਿਆ ਹੈ। ਮੀਮ ਦੀ ਸ਼ਾਲ ਪਹਿਨਣ ਵਾਲਾ ਸੁੰਦਰ ਦੋਸਤ ਆਪਣੇ ਘੂੰਘਟ ਵਿੱਚ ਵਾਪਿਸ ਆਂ ਗਿਆ ਹੈ। ਅਲੀ ਹੈਦਰ ਉਹ ਦੋਸਤ ਪਿਆਰਾ ਹੁਣ ਅਹਿਮਦ ਬਣ ਕੇ ਆਇਆ ਹੈ।

ਫਿਰ ਆਖਦਾ ਹੈ :

ਲਾਮ ਲੋਕ ਨਸੀਹਤਾਂ ਦੇ ਥੱਕੇ, ਸੋਹਣੇ ਯਾਰ ਤੋਂ ਮੁੱਖ ਨਾ ਮੋੜ ਸਾਂ ਮੈਂ
ਤੌੜੇ ਮੋੜੇ ਫੋੜੇ ਕੱਢ ਛੱਡਣ ਜਾਨੀ ਯਾਰ ਪਿੱਛੇ ਘਰ ਛੋੜਸਾਂ ਮੈਂ
ਮੈਂ ਤਾਂ ਬੇਲੇ ਵੈਸਾਂ ਹਰ ਦਮ ਮਾਹੀ ਵਾਲੇ ਮੱਤ ਦੇਂਦਿਆਂ ਨੂੰ ਖੂਹੇ ਬੋੜਸਾਂ ਮੈਂ
ਅਲੀ ਹੈਦਰ ਨੇ ਅੱਖੀਆਂ ਲਾਈਆਂ, ਕੀਤੇ ਕੋਲ ਨੂੰ ਮੂਲ ਨਾ ਤੋੜਸਾਂ ਮੈਂ।

ਲੋਕ ਮੈਨੂੰ ਚੰਗੀਆਂ ਨਸੀਅਤਾਂ ਦੇ ਕੇ ਥੱਕ ਗਏ, ਪਰ ਮੈਂ ਸੋਹਣੇ ਯਾਰ ਤੋਂ ਮੁੱਖ ਨਾ ਮੋੜਸਾਂ ਮਾਏ। ਮਾਂ ਪਿਓ ਮੈਨੂੰ ਘਰੋਂ ਬਾਹਰਰ ਕੱਢ ਦੇਣ। ਪਿਆਰੇ ਲਈ ਮੈਂ ਘਰ ਛੱਡ ਦਿਆਂ। ਮੈਂ ਆਪਣੇ ਪ੍ਰੀਤਮ ਦੇ ਜੰਗਲ ਵਿੱਚ ਰਹਾਂ। ਜੋ ਮੈਨੂੰ ਚੰਗੀ ਨਸੀਅਤ ਦਿੰਦੇ, ਉਹਨਾਂ ਨੂੰ ਮੈਂ ਖੂਹ ਵਿੱਚ ਸੁੱਟ ਦੇਵਾਂ। ਅਲੀ ਹੈਦਰ ਸਾਡੀਆਂ ਅੱਖਾਂ ਮਿਲੀਆਂ ਹਨ ਅਤੇ ਮੈਂ ਕਦੇ ਵੀ ਆਪਣੇ ਸ਼ਬਦ ਨਾ ਤੋੜਾਂ। ਉਸ ਨੇ ਆਪਣੀ ਸਾਧਨਾਂ ਸ਼ਰੀਅਤ ਤੋਂ ਸ਼ੁਰੂ ਕੀਤੀ। ਮੱਕੇ ਦੇ ਹੱਜ ਦੀ ਜਿਥੇ ਉਸ ਲਈ ਖਾਸ ਅਹਿਮੀਅਤ ਹੈ, ਉਥੇ ਉਹ ਕਲਮਾਂ ਪੜ੍ਹਨ ਨੂੰ ਵੀ ਤਰਜੀਹ ਦਿੰਦਾ ਹੈ।

ਕਾਅਬੇ ਦਾ ਰਾਹ ਦੇਖਾਓ ਮੈਨੂੰ, ਰਾਹ ਨਾ ਗੈਰ ਦਾ ਦੇਵਣਾ ਏ
ਮੀਨ ਤੇ ਨੂਨ ਗਵਾਹੀ ਦੇਂਦੇ, ਮੰਨ ਸ਼ਰਾਅ ਦਾ ਕਾਇਦਾ ਏ
ਅਲੀ ਹੈਦਰ ਨੂੰ ਤਕਵਾਂ ਰੱਬ ਦਾ ਏ
ਕਲਮੇ ਪਾਕਿ ਦਾ ਜਿਕਰ ਕਰੇਨੀਆ ਮੈਂ

ਜਦ ਉਹ ਪਰਮਾਤਮਾ ਨਾਲ ਇੱਕਮਿੱਕਤਾ ਹਾਸਲ ਕਰ ਲੈਂਦਾ ਹੈ ਤਾਂ ਕਹਿ ਉਠਦਾ ਹੈ :

ਇਸ਼ਕ ਤੋਂ ਜੰਮਿਆ ਸੁਭਾਅ ਵੇ ਕਾਜੀ
ਯਾਰ ਦਾ ਹੱਜ ਕਰੇਨੀ ਆ ਮੈਂ

ਅੱਗੇ ਅਵਸਥਾ ਹੈ :

ਮਜ਼ਬ ਕੀ ਪੁੱਛਨਾ ਏ ਕਾਜੀਆਂ ਵੇ, ਮੈਂਡੇ ਰਾਝਣ ਰਕਨ ਈਮਾਨ ਦਾ ਈ
ਇਸ਼ਕ ਇਮਾਮ ਨਮਾਜ ਮੁਹਬੱਤ ਮੁਰਲੀ ਹਰਫ਼ ਕੁਰਾਨ ਦਾ ਈ
ਸਭ ਵਕਤ ਰਕੂਮਾ ਸਜੂਦ ਵਿੱਚ ਰਹਿੰਦੇ ਇਹ ਸਜਦਾ ਤੇ ਰੱਬ ਰਹਿਮਾਨ ਦਾ ਈ।
ਅਲੀ ਹੈਦਰ ਪੀਰ ਰੰਝੇਟੀ ਦੀ ਆਹੀ, ਐਂਵੇ ਕੂੜਾ ਵਹਿਮ ਜਹਾਨ ਦਾ ਈ।

ਅਲੀ ਹੈਦਰ ਮੁਲਤਾਨੀ ਅਠਾਰਵੀਂ ਸਦੀ ਦਾ ਪ੍ਰੋੜ ਪੰਜਾਬੀ ਕਵੀ ਹੈ। ਪੰਜਾਬੀ ਤੋਂ ਇਲਾਵਾ ਉਸ ਨੇ ਫਾਰਸੀ ਵਿੱਚ ਵੀ ਕਵਿਤਾ ਰਚੀ ਪਰ ਉਸ ਕਾਵਿ ਦੇ ਨਮੂਨੇ ਨਹੀਂ ਮਿਲਦੇ। ਉਸ ਨੇ ਲਹਿੰਦੀ ਭਾਸ਼ਾ ਦਾ ਪ੍ਰਯੋਗ ਕੀਤਾ ਹੈ ਪਰ ਉਸ ਦੀ ਰਚਨਾ ਤੇ ਅਰਬੀ ਤੇ ਫਾਰਸੀ ਦਾ ਪ੍ਰਭਾਵ ਦਿਖਾਈ ਦਿੰਦਾ ਹੈ। ਉਸ ਨੇ ਆਪਣੇ ਕਲਾਮ ਵਿੱਚ ਕੁਰਾਨ ਦੀਆਂ ਆਇਤਾਂ ਦੀ ਵਰਤੋ ਖੂਬ ਕੀਤੀ ਹੈ। ਸੰਸਾਰਕ ਸਾਹਿਤ ਦੇ ਰੂਪਾਂ ਦਾ ਪ੍ਰਭਾਵ ਵੀ ਹੈ। ਉਸ ਦੀ ਰਚਨਾ ਵਿੱਚ ਪੰਜਾਬੀ ਸੱਭਿਆਚਾਰ ਦਾ ਪ੍ਰਭਾਵ ਬੜਾ ਸਪਸ਼ਟ ਮਿਲਦਾ ਹੈ। ਉਸ ਨੇ ਲਕੋਕਤੀਆਂ ਦੀ ਵੀ ਵਰਤੋ ਕੀਤੀ ਹੈ।

ਉਸਦੀ ਰਚਨਾ ਵਿੱਚ ਸ਼ੀਹਰਫੀਆ, ਦੀਵਾਨ, ਦੋਹੜੇ, ਬਾਰਾਮਾਹ, ਹੀਰ ਰਾਂਝਾ ਅਤੇ ਫੁਟਕਲ ਕਵਿਤਾਵਾਂ ਹਨ। ਉਸ ਦੇ ਕਾਵਿ ਵਿੱਚ ਸ਼ੈਲੀ ਦੀ ਬੜੀ ਸੁੰਦਰ ਤਰਤੀਬ ਹੈ। ਉਸ ਦੀ ਕਵਿਤਾ ਵਿੱਚ ਕਾਵਿ ਪ੍ਰਵਾਹ ਅਤੇ ਸ਼ਬਦਾਵਲੀ ਦੀ ਭਰਪੂਰਤਾ ਮਿਸਾਲੀ ਹੈ। ਉਸ ਦੀ ਕਵਿਤਾ ਅਲੰਕਾਰਿਤ ਹੋਣ ਕਰਕੇ ਅਲੰਕਾਰਾਂ ਵਿੱਚ ਭਰਪੂਰ ਹੈ। ਜੋ ਪਾਠਕ ਨੂੰ ਮੋਹਿਤ ਕਰਦੀ ਹੈ। ਉਹ ਸੂਖਮ ਕਾਵਿ ਵਿੱਚ ਨਿਪੁੰਨ ਸੀ। ਇੱਕ ਚੰਗਾ ਸੰਗੀਤਕਾਰ ਵੀ ਸੀ। ਸੂਫ਼ੀ ਕਾਵਿਤ ਨੂੰ ਅਗਾਂਹ ਤੋਰਨ ਵਿੱਚ ਉਸ ਦਾ ਵੱਡਾ ਯੋਗਦਾਨ ਹੈ।

8 ਜੂਨ 1785 ਨੂੰ ਅਲੀ ਹੈਦਰ ਮੁਲਤਾਨੀ ਦਾ ਦਿਹਾਂਤ ਆਪਣੇ ਪਿੰਡ ਚੋਂਤਰਾ ਵਿੱਚ ਹੋਇਆ, ਜਿਥੇ ਉਸਦਾ ਮਜਾਰ ਹੈ ਅਤੇ ਹਰ ਸਾਲ ਮੇਲਾ ਲੱਗਦਾ ਹੈ।




# ਲੀਵਰ ਅਤੇ ਕਿਡਨੀ ਲਈ ਤੇਜ਼ ਪੱਤਾ ਖਾਣਾ ਲਾਭਦਾਇਕ



ਭਾਰਤੀ ਰਸੋਈ ਦੇ ਵਿੱਚ ਪਾਏ ਜਾਣ ਵਾਲੇ ਤੇਜ਼ ਪੱਤਾ, ਜਿਸ ਦੀ ਵਰਤੋਂ ਆਯੁਰਵੇਦ ਦੇ ਵਿੱਚ ਵੀ ਕੀਤੀ ਜਾਂਦੀ ਹੈ। ਇਸ ਦੇ ਗੁਣਾਂ ਕਰਕੇ ਇਹ ਕਿਸੇ ਦਵਾਈ ਤੋਂ ਘੱਟ ਨਹੀਂ ਹੈ। ਇਸ ਲਈ ਬਹੁਤ ਸਾਰੇ ਵਿਅੰਜਨਾਂ ਦੇ ਸੁਆਦ ਨੂੰ ਦੁਗਣਾ ਕਰਨ ਦੇ ਲਈ ਤੇਜ਼ ਪੱਤੇ ਦੀ ਵਰਤੋਂ ਕੀਤੀ ਜਾਂਦੀ ਹੈ। ਜਿਸ ਕਰਕੇ ਇਹ ਨਾ ਸਿਰਫ ਪਕਵਾਨ ਜਾਂ ਭੋਜਨ ਦਾ ਸਵਾਦ ਨੂੰ ਵਧਾਉਂਦਾ ਹੈ ਬਲਕਿ ਇਹ ਸਰੀਰ ਲਈ ਬਹੁਤ ਫਾਇਦੇਮੰਦ ਵੀ ਹੈ। ਇਸ ਦੇ ਪੱਤੇ ਕੁਝ ਹੱਦ ਤੱਕ ਯੂਕੇਲਿਪਟਸ ਦੇ ਪੱਤਿਆਂ ਵਰਗੇ ਦਿਖਾਈ ਦਿੰਦੇ ਹਨ। ਸਬਜ਼ੀ ਜਾਂ ਪੁਲਾਓ 'ਚ 2 ਤੋਂ 3 ਤੇਜ਼ ਪੱਤੇ ਪਾਉਣ ਤੋਂ ਬਾਅਦ ਅਸੀਂ ਸੋਚਦੇ ਹਾਂ ਕਿ ਇਹ ਮਸਾਲਾ ਦਾ ਹੀ ਇੱਕ ਹਿੱਸਾ ਹੈ ਅਤੇ ਬਸ, ਪਰ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਪੇਟ, ਚਮੜੀ, ਲੀਵਰ ਅਤੇ ਕਿਡਨੀ ਲਈ ਬਹੁਤ ਫਾਇਦੇਮੰਦ ਹੈ। ਤੇਜ਼ ਪੱਤੇ ਵਿੱਚ ਟੈਨਿਨ, ਫਲੇਵੋਨਸ, ਫਲੇਵੋਨੋਇਡਜ਼, ਐਲਕਾਲਾਇਡਜ਼, ਯੂਜੇਨੋਲ, ਲਿਨਲੂਲ ਅਤੇ ਐਂਥੋਸਾਇਨਿਨ ਹੁੰਦੇ ਹਨ। ਜੋ ਸਰੀਰ ਲਈ ਬਹੁਤ ਫਾਇਦੇਮੰਦ ਹੁੰਦਾ ਹੈ।

## ਡਾਇਬਿਟੀਜ਼ ਦੇ ਰੋਗੀਆਂ ਲਈ ਤੇਜ਼ ਪੱਤੇ ਖਾਣ ਦੇ ਫਾਇਦੇ

ਡਾਇਬਿਟੀਜ਼ ਤੋਂ ਪੀੜਤ ਲੋਕਾਂ ਲਈ ਤੇਜ਼ ਪੱਤੇ ਖਾਣਾ ਬਹੁਤ ਫਾਇਦੇਮੰਦ ਹੁੰਦਾ ਹੈ। ਨੈਸ਼ਨਲ ਸੈਂਟਰ ਫਾਰ ਬਾਇਓਟੈਕਨਾਲੋਜੀ ਦੇ ਅਨੁਸਾਰ, ਤੇਜ਼ ਪੱਤੇ ਖਾਣ ਨਾਲ ਇਨਸੁਲਿਨ ਦੇ ਪੱਧਰ ਵਿੱਚ ਸੁਧਾਰ ਹੋ ਸਕਦਾ ਹੈ। ਇਸ ਨਾਲ ਵਿਅਕਤੀ ਦੇ ਖੂਨ ਵਿੱਚ ਸ਼ੂਗਰ ਲੈਵਲ ਕੰਟਰੋਲ ਵਿੱਚ ਰਹਿੰਦਾ ਹੈ। ਇੱਕ ਰਿਸਰਚ ਮੁਤਾਬਕ ਜੇਕਰ ਟਾਈਪ-2 ਡਾਇਬਟੀਜ਼ ਦੇ ਮਰੀਜ਼ 30 ਦਿਨਾਂ ਤੱਕ ਤੇਜ਼ ਪੱਤੇ ਖਾਂਦੇ ਹਨ ਤਾਂ ਉਨ੍ਹਾਂ ਦੇ ਸੀਰਮ ਗਲੂਕੋਜ਼ 'ਚ 21 ਤੋਂ 26 ਫੀਸਦੀ ਦੀ ਕਮੀ ਦੇਖੀ ਜਾ ਸਕਦੀ ਹੈ। ਇਹ ਕੋਲੈਸਟ੍ਰੋਲ ਦੇ ਪੱਧਰ ਨੂੰ ਵੀ ਸੁਧਾਰਦਾ ਹੈ।

## ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਲਈ ਫਾਇਦੇਮੰਦ

ਤੇਜ਼ ਪੱਤੇ ਖਾਣ ਨਾਲ ਖੰਘ, ਫਲੂ, ਬ੍ਰੌਨਕਾਈਟਸ, ਦਮਾ ਅਤੇ ਫਲੂ ਵਰਗੀਆਂ ਸਾਹ ਦੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ। ਇਸ ਦੇ ਵਿੱਚ ਜਲਨ ਵਿਰੋਧੀ ਗੁਣ ਪਾਏ ਜਾਂਦੇ ਹਨ। ਇਹ ਸੋਜ ਨੂੰ ਘੱਟ ਕਰਨ ਵਿੱਚ ਵੀ ਬਹੁਤ ਮਦਦਗਾਰ ਹੈ। ਇਸ ਵਿੱਚ ਈਥਾਨੌਲ ਐਬਸਟਰੈਕਟ ਅਤੇ ਮਿਸ਼ਰਣ ਵੀ ਪਾਏ ਜਾਂਦੇ ਹਨ। ਤੇਜ਼ ਪੱਤੇ ਖਾਣ ਨਾਲ ਸਾਹ ਦੀਆਂ ਬਿਮਾਰੀਆਂ, ਸੋਜ ਅਤੇ ਹੋਰ ਕਈ ਬਿਮਾਰੀਆਂ ਤੋਂ ਬਚਣ ਵਿੱਚ ਮਦਦ ਮਿਲਦੀ ਹੈ।

## ਪੇਟ ਅਤੇ ਚਮੜੀ ਨਾਲ ਜੁੜੀਆਂ ਸਮੱਸਿਆਵਾਂ ਤੋਂ ਛੁਟਕਾਰਾ

ਤੇਜ਼ ਪੱਤਾ ਫਾਈਬਰ ਨਾਲ ਭਰਪੂਰ ਹੁੰਦਾ ਹੈ ਜੋ ਫੰਗਲ ਇਨਫੈਕਸ਼ਨ ਨੂੰ ਰੋਕਣ ਵਿੱਚ ਮਦਦ ਕਰਦੇ ਹਨ। ਇਮਿਊਨਿਟੀ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਇਹ ਪੇਟ ਨਾਲ ਜੁੜੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਂਦਾ ਹੈ।

# ਸਿਹਤ ਸਮੱਸਿਆਵਾਂ ਕਾਰਨ ਖੇਡਾਂ ਦੇ ਖੇਤਰ 'ਚ ਪਛੜ ਰਹੀਆਂ ਔਰਤਾਂ



ਔਰਤਾਂ ਦੀਆਂ ਖੇਡਾਂ ਨੇ ਹਾਲ ਹੀ ਦੇ ਸਾਲਾਂ ਵਿੱਚ ਬਹੁਤ ਮਾਨਤਾ ਪ੍ਰਾਪਤ ਕੀਤੀ ਹੈ, ਪਰ ਅਕਸਰ ਔਰਤਾਂ ਦੀ ਸਿਹਤ ਬਾਰੇ ਜਾਗਰੂਕਤਾ ਅਤੇ ਜਾਣਕਾਰੀ ਦੀ ਘਾਟ ਹੁੰਦੀ ਹੈ। ਉਨ੍ਹਾਂ ਦੀ ਸਿਹਤ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਇਸ ਕਾਰਨ ਉਸ ਦੀ ਖੇਡ ਯੋਗਤਾ ਪੂਰੀ ਤਰ੍ਹਾਂ ਵਿਕਸਤ ਨਹੀਂ ਹੁੰਦੀ। ਔਰਤਾਂ ਦੇ ਸਰੀਰ ਅਤੇ ਸਿਹਤ ਦੀਆਂ ਲੋੜਾਂ ਮਰਦਾਂ ਨਾਲੋਂ ਵੱਖਰੀਆਂ ਹਨ ਅਤੇ ਉਨ੍ਹਾਂ ਦੀਆਂ ਖਾਸ ਲੋੜਾਂ ਨੂੰ ਪੂਰਾ ਕਰਨ ਲਈ ਸਹੀ ਜਾਣਕਾਰੀ ਅਤੇ ਦੇਖਭਾਲ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਡਾ. ਰੌਸ ਨੇ 2016 ਅਤੇ 2020 ਉਲੰਪਿਕ ਵਿੱਚ ਬ੍ਰਿਟਿਸ਼ ਟੀਮ ਲਈ ਸਿਹਤ ਅਤੇ ਤੰਦਰੁਸਤੀ ਦੀਆਂ ਯੋਜਨਾਵਾਂ ਵਿਕਸਿਤ ਕਰਨ ਵਿੱਚ ਮਦਦ ਕੀਤੀ ਹੈ। ਉਸ ਨੇ ਦੱਸਿਆ ਕਿ ਸਮਾਜ ਵਿੱਚ ਪਹਿਲਾਂ ਹੀ ਸਿਹਤ ਅਸਮਾਨਤਾਵਾਂ ਹਨ, ਪਰ ਖੇਡਾਂ ਦੇ ਖੇਤਰ ਵਿੱਚ ਇਹ ਅਸਮਾਨਤਾਵਾਂ ਹੋਰ ਵੀ ਗੰਭੀਰ ਹਨ।ਉਹ ਕਹਿੰਦੀ ਹੈ, ਖੇਡ ਜਗਤ ਅਸਮਾਨਤਾ ਦੀ ਇੱਕ ਵੱਡੀ ਉਦਾਹਰਣ ਹੈ। ਔਰਤਾਂ ਆਪਣੇ ਸਰੀਰ ਨੂੰ ਸਹੀ ਢੰਗ ਨਾਲ ਨਾ ਸਮਝਣ ਕਾਰਨ ਉਹ ਕਈ ਚੀਜ਼ਾਂ ਨੂੰ ਆਮ ਸਮਝਦੀਆਂ ਹਨ ਜੋ ਅਸਲ ਵਿੱਚ ਸਹੀ ਨਹੀਂ ਹਨ। ਭਾਵੇਂ ਇੱਕ ਪੁਰਸ਼ ਟ੍ਰੇਨਰ ਜਾਂ ਕੋਚ ਦੇ ਇਰਾਦੇ ਚੰਗੇ ਹੋਣ, ਪਰ ਕਈ ਵਾਰ ਉਹ ਮਹਿਲਾ ਖਿਡਾਰੀਆਂ ਦੀ ਸਰੀਰਕ ਬਣਤਰ ਅਤੇ ਜ਼ਰੂਰਤਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਪਾਉਂਦੇ ਹਨ। ਨਾਲ ਹੀ, ਖੇਡਾਂ ਦੀ ਪ੍ਰਕਿਰਤੀ ਅਜਿਹੀ ਹੈ ਕਿ ਖਿਡਾਰੀ ਆਪਣੀ ਪੂਰੀ ਸਮਰੱਥਾ ਦਾ ਇਸਤੇਮਾਲ ਕਰਦੇ ਹਨ। ਅਜਿਹੀ ਸਥਿਤੀ ਵਿੱਚ, ਸਖ਼ਤ ਸਿਖਲਾਈ ਦਾ ਅਭਿਆਸ ਔਰਤਾਂ ਦੀ ਸਿਹਤ ਲਈ ਨੁਕਸਾਨਦੇਹ ਹੋ ਸਕਦਾ ਹੈ।

ਉਸਨੇ ਦੱਸਿਆ, 'ਖੇਡਾਂ ਵਿੱਚ ਬਹੁਤ ਜ਼ਿਆਦਾ ਮੁਕਾਬਲਾ ਅਤੇ ਦਬਾਅ ਹੁੰਦਾ ਹੈ। ਹਰ ਕੋਈ ਜਿੱਤਣਾ ਚਾਹੁੰਦਾ ਹੈ। ਤੁਸੀਂ ਬਿਲਕੁਲ ਵੀ ਕਮਜ਼ੋਰ ਨਹੀਂ ਦੇਖਣਾ ਚਾਹੁੰਦੇ। ਨਾਲ ਹੀ, ਔਰਤਾਂ ਦੇ ਸਰੀਰਾਂ ਨਾਲ ਜੁੜੇ ਕੁਝ ਮੁੱਦਿਆਂ ਨੂੰ ਲੈ ਕੇ ਗਲਤ ਧਾਰਨਾਵਾਂ ਹਨ, ਜਿਨ੍ਹਾਂ ਨੂੰ ਦੂਰ ਕੀਤਾ ਜਾਂਦਾ ਹੈ। ਖੇਡ ਜਗਤ ਵਿੱਚ ਇਨ੍ਹਾਂ ਸਮੱਸਿਆਵਾਂ ਨੂੰ ਖੁੱਲ੍ਹ ਕੇ ਸਵੀਕਾਰ ਕਰਨਾ ਅਤੇ ਮਹਿਲਾ ਖਿਡਾਰੀਆਂ ਦੀ ਮਦਦ ਲਈ ਖੇਡ ਪ੍ਰਣਾਲੀ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ।'

ਰੌਸ ਨੇ ਕਿਹਾ ਕਿ ਮਹਿਲਾ ਖਿਡਾਰੀਆਂ ਨੂੰ ਆਪਣੇ ਸਰੀਰ ਨੂੰ ਸਮਝਣ ਅਤੇ ਦੇਖਭਾਲ ਕਰਨ ਲਈ ਵਿਸ਼ੇਸ਼ ਜਾਣਕਾਰੀ ਦੀ ਲੋੜ ਹੁੰਦੀ ਹੈ। ਇਨ੍ਹਾਂ ਵਿੱਚ ਮਾਹਵਾਰੀ, ਪ੍ਰਜਨਨ, ਛਾਤੀ ਦਾ ਸਮਰਥਨ, ਸਹੀ ਕੱਪੜੇ ਅਤੇ ਖਾਣ-ਪੀਣ ਦੀਆਂ ਆਦਤਾਂ ਵਰਗੀਆਂ ਚੀਜ਼ਾਂ ਸ਼ਾਮਲ ਹਨ।ਇੰਗਲੈਂਡ ਵਿੱਚ 2022 ਯੂਰਪੀਅਨ ਚੈਂਪੀਅਨਸ਼ਿਪ ਤੋਂ ਬਾਅਦ ਮਹਿਲਾ ਫੁੱਟਬਾਲ ਦੀ ਪ੍ਰਸਿੱਧੀ ਬਹੁਤ ਵਧ ਗਈ ਹੈ। ਇਸ ਵਧਦੀ ਪ੍ਰਸਿੱਧੀ ਦੇ ਕਾਰਨ, ਮਹਿਲਾ ਐਥਲੀਟਾਂ ਦੀ ਸਿਹਤ ਅਸਮਾਨਤਾਵਾਂ ਵੱਲ ਥੋੜਾ ਹੋਰ ਧਿਆਨ ਦਿੱਤਾ ਜਾ ਰਿਹਾ ਹੈ। ਇੰਗਲੈਂਡ ਦੇ ਚੈਲਸੀ ਫੁੱਟਬਾਲ ਕਲੱਬ ਦੀ ਮੈਨੇਜਰ ਅਤੇ ਜਲਦੀ ਹੀ ਅਮਰੀਕਾ ਦੀ ਰਾਸ਼ਟਰੀ ਮਹਿਲਾ ਫੁੱਟਬਾਲ ਟੀਮ ਦੀ ਕੋਚ ਬਣਨ ਵਾਲੀ ਐਮਾ ਹੇਜ਼ ਨੇ ਪ੍ਰੈੱਸ ਕਾਨਫਰੰਸ 'ਚ ਪੀਰੀਅਡਜ਼ ਬਾਰੇ ਖੁੱਲ੍ਹ ਕੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਕਈ ਖਿਡਾਰੀ ਆਪਣੇ ਬੱਚੇ ਨੂੰ ਜਨਮ ਦੇ ਕੇ ਸ਼ਾਨਦਾਰ ਵਾਪਸੀ ਕਰ ਰਹੇ ਹਨ। ਕਾਨਫਰੰਸ ਦੌਰਾਨ ਗੋਡੇ ਦੀ ਗੰਭੀਰ ਸੱਟ ਦੇ ਕਾਰਨਾਂ ਵਜੋਂ ਜੁੱਤੀਆਂ, ਮੈਦਾਨਾਂ ਦੀ ਮਾੜੀ ਹਾਲਤ ਅਤੇ ਮੈਚਾਂ ਦੇ ਵੱਧ ਦਬਾਅ ਬਾਰੇ ਵੀ ਚਰਚਾ ਕੀਤੀ ਗਈ।ਅਸਲ ਵਿੱਚ, ਇਹ ਪ੍ਰਣਾਲੀਗਤ ਅਸਮਾਨਤਾ ਸਿਰਫ਼ ਖੇਡਾਂ ਵਿੱਚ ਨਹੀਂ ਹੈ। 2021 ਦੀ ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ, ਔਰਤਾਂ ਅਤੇ ਕੁੜੀਆਂ ਨੂੰ ਅਕਸਰ ਸਿਹਤ ਜਾਣਕਾਰੀ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮਰਦਾਂ ਅਤੇ ਲੜਕਿਆਂ ਨਾਲੋਂ ਜ਼ਿਆਦਾ ਰੁਕਾਵਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਪੰਜ ਰੁਪਏ 'ਚ ਨਰੋਈ ਸਿਹਤ ਦਾ ਹੋਕਾ ਦਿੰਦਾ ਨੌਜਵਾਨ

ਪ੍ਰਕਾਸ਼ ਸਿੰਘ ਗਿੱਲ



ਸਿਆਣੇ ਕਹਿੰਦੇ ਹਨ ਕਿ ਕਿਸੇ ਵੀ ਦੇਸ਼, ਸਮਾਜ, ਕੌਮ ਲਈ ਉੱਥੋਂ ਦੇ ਨੌਜਵਾਨ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸੇ ਗੱਲ ਨੂੰ ਸਾਕਾਰ ਕਰ ਰਿਹਾ ਹੈ ਪੰਜਾਬ ਦੇ ਬਟਾਲਾ ਜ਼ਿਲ੍ਹੇ ਦੇ ਪਿੰਡ ਉਮਰਾਵਲ ਦਾ 21 ਸਾਲਾ ਨੌਜਵਾਨ ਕੁੰਵਰ ਅੰਮ੍ਰਿਤਬੀਰ ਸਿੰਘ ਜਿਸ ਨੇ 'ਪੁਸ਼-ਅੱਪ' ਲਾ ਕੇ 'ਗਿੰਨੀਜ਼ ਬੁੱਕ ਆਫ ਰਿਕਾਰਡ' ਵਿੱਚ ਆਪਣਾ ਨਾਂ ਦਰਜ ਕਰਵਾ ਕੇ ਪੰਜਾਬ ਅਤੇ ਸਮੂਹ ਪੰਜਾਬੀਆਂ ਦਾ ਨਾਂ ਰੌਸ਼ਨ ਕੀਤਾ ਹੈ।

ਕੁੰਵਰ ਪੜ੍ਹਾਈ ਵਿੱਚ ਸਾਧਾਰਨ ਵਿਦਿਆਰਥੀ ਸੀ। ਬਾਰ੍ਹਵੀਂ ਵਿੱਚ ਗਣਿਤ ਵਿਸ਼ੇ ਵਿੱਚ ਉਸ ਦੀ ਕੰਪਾਰਮੈਂਟ ਆ ਗਈ ਸੀ। ਇੱਕ ਵਾਰੀ ਤਾਂ ਉਹ ਨਿਰਾਸ਼ ਹੋ ਗਿਆ। ਫਿਰ ਉਸ ਨੇ ਸੋਚਿਆ ਕਿ ਇੱਕ ਕਾਗਜ਼ ਦਾ ਟੁਕੜਾ ਉਸ ਦੀ ਕਿਸਮਤ ਤੈਅ ਨਹੀਂ ਕਰ ਸਕਦਾ। ਫਿਰ ਉਸ ਨੇ ਆਪਣੇ ਮਨ ਨੂੰ ਸਮਝਾਇਆ ਤੇ ਆਪਣੀ ਸਮੱਰਥਾ ਦਾ ਸਵੈ-ਮੁਲਾਂਕਣ ਕੀਤਾ। ਘਰ ਵਿੱਚ ਪਏ ਹੋਏ ਫਾਲਤੂ ਸਾਮਾਨ ਨਾਲ ਉਸ ਨੇ ਜਿਮ ਦਾ ਸਾਮਾਨ ਤਿਆਰ ਕੀਤਾ। ਖੇਡਾਂ ਪ੍ਰਤੀ ਉਸ ਦਾ ਰੁਝਾਨ ਸ਼ੁਰੂ ਤੋਂ ਹੀ ਸੀ। ਬਸ ਫਿਰ ਕੀ ਸੀ ਉਸ ਨੇ ਆਪਣਾ ਸਾਰਾ ਧਿਆਨ ਆਪਣੀ ਸਿਹਤ ਅਤੇ ਖੇਡ ਵੱਲ ਲਾ ਦਿੱਤਾ। ਉਸ ਨੇ ਆਪਣੇ ਘਰ ਵਿੱਚ ਬਣਾਏ ਹੋਏ ਜਿਮ ਅੰਦਰ ਸਖ਼ਤ ਮਿਹਨਤ ਆਰੰਭ ਕਰ ਦਿੱਤੀ। ਉਸ ਨੇ 'ਪੁਸ਼-ਅੱਪ' ਲਾਉਣੇ ਸ਼ੁਰੂ ਕੀਤੇ। ਪਹਿਲਾਂ ਪਹਿਲ ਤਾਂ ਉਸ ਨੂੰ ਇਹ ਕੰਮ ਔਖਾ ਲੱਗਿਆ ਪਰ ਲਗਾਤਾਰ ਪ੍ਰੈਕਟਿਸ ਅਤੇ ਲਗਨ ਨੇ ਇਸ ਕੰਮ ਨੂੰ ਸੌਖਾ ਬਣਾ ਦਿੱਤਾ। ਸਿੱਟੇ ਵਜੋਂ ਉਸ ਨੇ 18 ਸਾਲ ਦੀ ਉਮਰ ਵਿੱਚ ਦੋ ਵਿਸ਼ਵ ਰਿਕਾਰਡ ਕਾਇਮ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ। ਕੁੰਵਰ ਵੱਲੋਂ 'ਨਅੱਕਲ ਪੁਸ਼-ਅੱਪ' (ਉਂਗਲ ਨਾਲ ਪੁਸ਼-ਅੱਪ ਲਾਉਣੇ) ਵਿੱਚ ਇੱਕ ਮਿੰਟ ਅੰਦਰ 118 ਪੁਸ਼-ਅੱਪ ਦਾ ਵਿਸ਼ਵ ਰਿਕਾਰਡ ਬਣਾਇਆ ਗਿਆ। ਇਸ ਰਿਕਾਰਡ ਨਾਲ ਉਸ ਦੇ ਹੌਸਲੇ ਵਿੱਚ ਕਮਾਲ ਦਾ ਵਾਧਾ ਹੋਇਆ। ਉਸ ਨੇ ਦੂਜੀ ਵਾਰੀ 30 ਸੈਕਿੰਡ ਵਿੱਚ 35 'ਸੁਪਰਮੈਨ ਪੁਸ਼-ਅੱਪ' ਕਰਕੇ ਫਿਰ ਵਿਸ਼ਵ ਰਿਕਾਰਡ ਬਣਾ ਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਉਸ ਵੱਲੋਂ 1 ਮਿੰਟ ਵਿੱਚ 20 ਪਾਊਂਡ ਭਾਰ ਚੁੱਕ ਕੇ ਤੇ ਪੁਸ਼-ਅੱਪ ਲਾ ਕੇ ਬਰੂਸਲੀ ਦਾ ਰਿਕਾਰਡ ਤੋੜ ਦਿੱਤਾ ਤੇ ਪੂਰੀ ਦੁਨੀਆ ਵਿੱਚ ਪੰਜਾਬੀਆਂ ਦਾ ਨਾਂ ਰੌਸ਼ਨ ਕਰ ਦਿੱਤਾ।ਕੁੰਵਰ ਅੰਮ੍ਰਿਤਬੀਰ ਆਪਣੇ ਵਿਸ਼ਵ ਰਿਕਾਰਡ ਦੇ ਸਫ਼ਰ ਬਾਰੇ ਦੱਸਦਾ ਹੈ ਕਿ ਇਹ ਏਨਾਂ ਸੌਖਾ ਨਹੀਂ ਸੀ। ਉਸ ਅਨੁਸਾਰ ਨਵੰਬਰ 2021 ਵਿੱਚ ਗਿੰਨੀਜ਼ ਵਰਲਡ ਰਿਕਾਰਡ ਲਈ ਯਾਤਰਾ ਸ਼ੁਰੂ ਕੀਤੀ ਪਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸ ਅਨੁਸਾਰ ਪਹਿਲੀ ਕੋਸ਼ਿਸ਼ ਦੌਰਾਨ ਉਸ ਨੇ ਬਹੁਤ ਨਿਰਾਸ਼ ਮਹਿਸੂਸ ਕੀਤਾ ਪਰ ਉਹ ਡਟਿਆ ਰਿਹਾ। ਉਸ ਨੇ ਲਗਾਤਾਰ ਕੋਸ਼ਿਸ਼ਾਂ ਤੋਂ ਬਾਅਦ ਦੂਜੀ ਵਾਰ ਗਿੰਨੀਜ਼ ਵਰਲਡ ਰਿਕਾਰਡ ਲਈ ਅਪਲਾਈ ਕੀਤਾ। ਉਸ ਅਨੁਸਾਰ ਜੇਕਰ ਤੁਹਾਡੇ ਵਿੱਚ ਕੁਝ ਕਰਨ ਦਾ ਜਨੂੰਨ ਹੈ ਜਾਂ ਤੁਸੀਂ ਆਪਣੇ ਜਨੂੰਨ ਲਈ ਕੁਝ ਕੀਤਾ ਹੈ ਤਾਂ ਆਪਣੀ ਜ਼ਿੰਦਗੀ ਵਿੱਚ ਕਦੇ ਵੀ ਹਾਰ ਨਾ ਮੰਨੋ। ਬਸ ਪੂਰੀ ਲਗਨ ਨਾਲ ਮਿਹਨਤ ਕਰਦੇ ਰਹੋ, ਅਭਿਆਸ ਕਰਦੇ ਰਹੋ, ਹਰ ਰੋਜ਼ ਆਪਣੇ ਆਪ ਨੂੰ ਸੁਧਾਰਦੇ ਰਹੋ।

ਇਸ ਦੇ ਨਾਲ ਹੀ ਉਹ ਆਪਣੀ ਨਰੋਈ ਸਿਹਤ ਬਾਰੇ ਦੱਸਦਾ ਹੋਇਆ ਕਹਿੰਦਾ ਹੈ ਕਿ ਉਹ ਕਦੇ ਜਿਮ ਨਹੀਂ ਗਿਆ। ਨਾ ਹੀ ਕਦੇ ਸਪਲੀਮੈਂਟ ਲਏ ਹਨ। ਉਹ ਆਪਣੀ ਮਾਂ ਵੱਲੋਂ ਤਿਆਰ ਕੀਤਾ ਭੋਜਨ ਹੀ ਕਰਦਾ ਹੈ। ਅੱਜ ਕੁੰਵਰ ਅੰਮ੍ਰਿਤਬੀਰ ਪਿੰਡਾਂ, ਕਸਬਿਆਂ, ਸ਼ਹਿਰਾਂ ਵਿੱਚ ਲੋਕਾਂ ਕੋਲ ਪੰਜ ਰੁਪਏ ਦਾ ਹੋਕਾ ਦੇ ਰਿਹਾ ਹੈ ਕਿ ਉਸ ਨੂੰ ਸਿਰਫ਼ ਤੁਸੀਂ ਪੰਜ ਰੁਪਏ ਦਿਓ। ਇਨ੍ਹਾਂ ਪੰਜਾਂ ਰੁਪਿਆਂ ਨਾਲ ਉਹ ਖੇਡਾਂ ਵਿੱਚ ਆਉਣ ਵਾਲੇ ਨੌਜਵਾਨਾਂ ਨੂੰ ਖੇਡਾਂ ਦਾ ਸਾਮਾਨ ਯਾਨੀ 'ਖੇਡ ਕਿੱਟ' ਵੰਡ ਰਿਹਾ ਹੈ। 'ਯੂਨਾਈਟਡ ਸਿੱਖ ਫੈਡਰੇਸ਼ਨ' ਵੱਲੋਂ ਉਸ ਨੂੰ ਆਪਣਾ 'ਫਿਟਨੈੱਸ ਆਈਕਨ' ਐਲਾਨਿਆ ਗਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਯੂਨਾਈਟਡ ਸਿੱਖ ਫੈਡਰੇਸ਼ਨ ਅਤੇ ਅਨੇਕਾਂ ਸਮਾਜਿਕ ਸੰਸਥਾਵਾਂ ਵੱਲੋਂ ਉਸ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ।

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

ਕਹਾਣੀ
ਪਹਿਲੀ ਕਿਸ਼ਤ

ਗੁਰਬਚਨ ਸਿੰਘ ਭੁੱਲਰ

# ਤਨਖ਼ਾਹ, ਪਰਕ ਅਤੇ ਗੁਲਾਬੀ ਪਰਚੀ



ਤਾਰਾ ਆ ਗਈ ਸੀ।

ਗਿਆਨ ਚੰਦ ਨੇ ਪਿਛਲੀ ਗਲੀ ਵਾਲਾ ਬੂਹਾ ਖੋਲ੍ਹ ਦਿੱਤਾ।

'ਨਮਸਤੇ ਬਾਊ ਜੀ', ਤਾਰਾ ਨੇ ਝਾੜੂ ਬਾਂਹ ਹੇਠ ਦੱਬ ਕੇ ਹੱਥ ਜੋੜੇ।

ਲੋਕ ਆਮ ਕਰਕੇ ਕਲਰਕਾਂ ਨੂੰ ਬਾਬੂ ਆਖਦੇ ਜੋ ਬੋਲਣ ਵਿੱਚ ਬਾਊ ਬਣ ਗਿਆ ਸੀ।

ਜੀਵਨ ਵਿੱਚ ਜਦੋਂ ਜਦੋਂ ਗਿਆਨ ਚੰਦ ਦਾ ਵਾਹ ਕਿਸੇ ਬਾਊ ਨਾਲ ਪਿਆ ਸੀ, ਉਹਦਾ ਕੰਮ ਲਟਕਾਉਣ ਵਾਲਾ, ਕੰਮ ਕਰਨ ਤੋਂ ਪਹਿਲਾਂ ਫ਼ਾਈਲ ਦੀ ਓਟ ਵਿੱਚ ਹੱਥ ਫੈਲਾਉਣ ਵਾਲਾ ਤੇ ਕੰਮ ਹੋਏ ਤੋਂ ਚਾਹ-ਪਾਣੀ ਮੰਗਣ ਵਾਲਾ ਰੂਪ ਹੀ ਸਾਹਮਣੇ ਆਇਆ ਸੀ। ਇਸੇ ਕਰਕੇ ਜਦੋਂ ਕੋਈ ਆਦਰ-ਭਾਵਨਾ ਨਾਲ ਵੀ ਬਾਊ ਗਿਆਨ ਚੰਦ ਆਖਦਾ, ਉਹਨੂੰ ਚੰਗਾ ਨਾ ਲਗਦਾ। ਹੁਣ ਪਰ 'ਕੰਮ ਵਾਲੀਆਂ' ਸਭ ਨੂੰ ਬਾਊ ਜੀ ਹੀ ਆਖਦੀਆਂ। ਹੌਲੀ ਹੌਲੀ ਉਹਨੂੰ ਵੀ ਇਹ ਸੰਬੋਧਨ ਸਾਧਾਰਨ ਲੱਗਣ ਲੱਗ ਪਿਆ। ਘਰ ਵਿੱਚ ਝਾੜੂ-ਪੋਚਾ ਕਰਨ ਵਾਲੀ ਅਤੇ ਗਲੀ ਵਿਚੋਂ ਕੂੜਾ ਲਿਜਾਣ ਵਾਲੀ, ਉਹ ਬੰਗਾਲ ਤੋਂ ਹੋਵੇ ਜਾਂ ਉੜੀਸਾ ਤੋਂ, ਛਤੀਸਗੜ੍ਹ ਤੋਂ ਹੋਵੇ ਜਾਂ ਉੱਤਰਾਖੰਡ ਤੋਂ, ਉੱਤਰ ਪ੍ਰਦੇਸ਼ ਤੋਂ ਹੋਵੇ ਜਾਂ ਬਿਹਾਰ ਤੋਂ, ਹਰ ਘਰ ਦੇ ਵਡੇਰੇ ਨੂੰ ਬਾਊ ਜੀ ਤੇ ਵਡੇਰੀ ਨੂੰ ਬੀਬੀ ਜੀ ਹੀ ਆਖਦੀ। ਗਿਆਨ ਚੰਦ ਹੈਰਾਨ ਹੁੰਦਾ, ਇੱਕ ਦੂਜੀ ਤੋਂ ਭੂਗੋਲਿਕ ਫ਼ਰਕ ਵਾਲੀਆਂ ਅਤੇ ਇੱਕ ਦੂਜੀ ਦੀ ਬੋਲੀ ਤੱਕ ਤੋਂ ਅਨਜਾਣ ਉਹ ਇਸ ਸਾਂਝੇ ਸੰਬੋਧਨ ਉੱਤੇ ਕਿਵੇਂ ਪੁੱਜ ਜਾਂਦੀਆਂ ਹਨ। ਸ਼ਾਇਦ ਬਿਮਾਰੀ ਵਾਂਗ ਇਸ ਸ਼ਬਦ ਦੀ ਲਾਗ ਪੁਰਾਣੀਆਂ ਤੋਂ ਨਵੀਆਂ ਨੂੰ ਲਗਦੀ ਰਹਿੰਦੀ ਹੈ।

ਸੁਖੀ ਰਹਿ...ਭਗਵਾਨ ਤੈਨੂੰ ਲੰਮੀ ਉਮਰ ਦੇਵੇ..., ਗਿਆਨ ਚੰਦ ਨੇ ਰਸੋਈ ਵੱਲ ਮੁੜਦਿਆਂ ਅਸੀਸ ਦਿੱਤੀ।

ਲੰਮੀ ਉਮਰ ਦੀ ਦੁਰਸੀਸ ਨਾ ਦਿਓ, ਬਾਊ ਜੀ...ਲੰਮੀ ਉਮਰ ਜਿਉਂ ਕੇ ਲੰਮਾ ਨਰਕ ਕਾਹਦੇ ਲਈ ਭੋਗਣਾ ਹੋਇਆ। ਤਾਰਾ ਖੁੱਲ੍ਹੇ ਬੂਹੇ ਦੀ ਚੁਗਾਠ ਦਾ ਸਹਾਰਾ ਲੈ ਕੇ ਫ਼ਰਸ਼ ਉੱਤੇ ਬੈਠ ਗਈ।

ਅੱਜ ਫੇਰ ਕਮਲੀਆਂ ਮਾਰਨ ਲੱਗ ਪਈ!

ਹੁਣ ਤੈਨੂੰ ਕੀ ਹੋ ਗਿਆ? ਠਹਿਰ, ਮੈਂ ਤੇਰੀ ਚਾਹ ਲਿਆਉਂਦਾ ਹਾਂ। ਪਹਿਲਾਂ ਚਾਹ ਪੀ ਗਿਆਨ ਚੰਦ ਨੂੰ ਤਾਰਾ ਦੇ ਲੰਮੇ ਨਰਕ ਦੀ ਜਾਣਕਾਰੀ ਲੈਣ ਦੀ ਕੋਈ ਬਹੁਤੀ ਉਤਸੁਕਤਾ ਜਾਂ ਲੋੜ ਨਹੀਂ ਸੀ।

ਉਹਦੀਆਂ 'ਕਮਲੀਆਂ' ਉਹ ਕਈ ਵਾਰ ਸੁਣ ਚੁੱਕਿਆ ਸੀ। ਉਹ ਇਕੋ ਦਰਦ-ਕਹਾਣੀ ਦੀਆਂ ਵੱਖ-ਵੱਖ ਝਲਕੀਆਂ ਹੁੰਦੀਆਂ। ਉਹਦੀਆਂ ਕਹਾਣੀਆਂ ਤੋਂ ਬਿਨਾਂ ਵੀ ਗਿਆਨ ਚੰਦ ਨੂੰ ਅਨੇਕ ਹੋਰ ਕਹਾਣੀਆਂ ਦੀ ਸੋਝੀ ਸੀ ਜੋ ਤਾਰਾ ਦੀਆਂ ਨਾ ਹੁੰਦਿਆਂ ਵੀ ਤਾਰਾ ਦੀਆਂ ਹੀ ਸਨ। ਆਟੇ-ਦਾਲ ਦੇ ਲਗਾਤਾਰ ਵਧਦੇ ਭਾਅ ਇਨ੍ਹਾਂ ਪੁਰਾਣੀਆਂ ਕਹਾਣੀਆਂ ਨੂੰ ਨਿੱਤ ਨਵੀਆਂ ਰੱਖਦੇ।

ਤਾਰਾ ਪਰੇਸ਼ਾਨ ਹੋ ਕੇ ਆਖਦੀ, ਪਤਾ ਨਹੀਂ ਕਿੱਧਰ ਉੱਡ ਗਈ ਗਰੀਬਾਂ ਦੀ ਦਾਲ। ਖਾਈਏ ਤਾਂ ਕੀ ਖਾਈਏ।÷

ਤਾਰਾ ਦਾ ਇਹ ਸਵਾਲ ਗਿਆਨ ਚੰਦ ਦਾ ਸਵਾਲ ਵੀ ਸੀ। ਕਿੱਧਰ ਉੱਡ ਗਈ ਮੂੰਗੀ ਦੀ ਦਾਲ। ਕੁਝ ਸਾਲ ਪਹਿਲਾਂ ਤੱਕ ਮੂੰਗੀ ਦੀ ਦਾਲ ਗਰੀਬ ਖਾਂਦੇ ਸਨ ਜਾਂ ਬਿਮਾਰ, ਤੇ ਜਾਂ ਫੇਰ ਕੰਜੂਸ ਜਿਨ੍ਹਾਂ ਨੂੰ ਲੋਕ ਮੂੰਗੀ-ਖਾਣੇ ਆਖ ਕੇ ਛੇੜਦੇ। ਤਾਰਾ ਤਾਂ ਭਲਾ ਇਨ੍ਹਾਂ ਗੱਲਾਂ ਤੋਂ ਅਨਜਾਣ ਸੀ, ਗਿਆਨ ਚੰਦ ਨੂੰ ਬਰਾਮਦ ਤੇ ਦਰਾਮਦ ਦੇ ਕਾਰੋਬਾਰ ਦਾ ਵੀ ਪਤਾ ਸੀ ਅਤੇ ਮੰਗ ਤੇ ਪੂਰਤੀ ਦੇ ਸਿਧਾਂਤ ਦਾ ਵੀ। ਤਾਂ ਵੀ ਉਹ ਵਿਸ਼ਵੀਕਰਨ ਦੇ ਸਾਰੇ ਰੌਲੇ ਦੇ ਬਾਵਜੂਦ ਇਹ ਸਮਝਣੋਂ ਅਸਮਰਥ ਸੀ ਕਿ ਬਿਚਾਰੀ ਗਰੀਬੜੀ ਮੂੰਗੀ ਦੀ ਦਾਲ ਸੌ ਰੁਪਏ ਕਿੱਲੋ ਕਿਉਂ ਹੋ ਗਈ। ਤਾਰਾ ਵਿਹਲੀ ਬੈਠ ਕੇ ਚਾਹ ਉਡੀਕਣ ਦੀ ਥਾਂ ਪਿਛਲੇ ਵਿਹੜੇ ਵਿੱਚ ਬਣਿਆ ਹੋਇਆ ਗੁਸਲਖਾਨਾ ਧੋਣ ਲੱਗ ਪਈ। ਉਹ ਗਲੀ ਦੇ ਘਰਾਂ ਦੇ ਪਿਛੇ ਬਾਹਰ ਬਣੇ ਕੂੜੇਦਾਨਾਂ ਵਿਚੋਂ ਕੂੜਾ ਚੁੱਕਦੀ ਅਤੇ ਘਰਾਂ ਦੇ ਅੰਦਰ ਬਣੇ ਗੁਸਲਖਾਨੇ ਧੋ ਦਿੰਦੀ। ਪਹਿਲਾਂ ਉਹ ਦਿਨ ਚੜ੍ਹੇ ਤੋਂ ਆਉਂਦੀ ਹੁੰਦੀ ਸੀ। ਇੱਕ ਦਿਨ ਪਰ ਅਚਾਨਕ ਕਾਫ਼ੀ ਸੁਵਖਤੇ ਆ ਗਈ। ਗਿਆਨ ਚੰਦ ਨੇ ਪੁਛਿਆ, ਤਾਰਾ ਰਾਣੀ, ਅੱਜ ਛੇਤੀ ਕੰਮ ਮੁਕਾ ਕੇ ਕਿਧਰੇ ਜਾਣਾ ਹੈ?

ਜਾਣਾ ਮੈਂ ਕਿਹੜੇ ਖੂਹ-ਖਾਤੇ ਹੈ ਬਾਊ ਜੀ, ਸਤੀ ਹੋਈ ਤਾਰਾ ਨੇ ਦੁੱਖ ਰੋਇਆ। ਕੱਲ੍ਹ ਕਿਸੇ ਦੀ ਬੇੜੀ ਬੈਠ ਗਈ!

ਓਹੋ...ਹੋ...ਤਾਰਾ, ਸਵੇਰੇ ਸਵੇਰੇ ਇਹੋ ਜਿਹੇ ਦੁਰਵਚਨ ਕਿਸੇ ਦੁਸ਼ਮਣ ਨੂੰ ਵੀ ਨਾ ਬੋਲ,

ਸਵੇਰ ਦੀ ਸ਼ਾਂਤੀ ਵਿੱਚ ਗਿਆਨ ਚੰਦ ਨੂੰ ਤਾਰਾ ਦੇ ਕੌੜੇ ਬੋਲ ਬਹੁਤ ਬੇਸੁਰੇ ਲੱਗੇ। ਉਹਨੇ ਪੁਛਿਆ,

ਕੀ ਆਖ ਦਿੱਤਾ ਕਿਸੇ ਨੇ ਤੈਨੂੰ?

ਕੱਲ੍ਹ ਮੇਰੇ ਆਉਣ ਤੋਂ ਪਹਿਲਾਂ ਕੋਈ ਮੇਰਾ ਕੂੜਾ ਚੋਰੀ ਕਰ ਕੇ ਲੈ ਗਿਆ...ਬਾਊ ਜੀ, ਮੇਰੇ ਬੱਚਿਆਂ ਦੇ ਮੂੰਹ ਦੀ ਬੁਰਕੀ!...ਇਉਂ ਨਾ ਬੋਲਾਂ ਤਾਂ ਕਿਵੇਂ ਬੋਲਾਂ?

ਤਾਰਾ ਤੋਂ ਕੂੜੇ ਨੂੰ ਮੂੰਹ ਦੀ ਬੁਰਕੀ ਕਹਿਣਾ ਸੁਣ ਕੇ ਗਿਆਨ ਚੰਦ ਨੂੰ ਕਚਿਆਣ ਦੀ ਧੁੜਧੁੜੀ ਆ ਗਈ। ਉਹਦਾ ਧਿਆਨ ਪਿਛਲੇ ਦਿਨੀਂ ਅਖਬਾਰਾਂ ਵਿੱਚ ਛਪਦੀ ਰਹੀ ਭਾਰਤ ਦੇ ਦੋ ਵੱਡੇ ਉਦਯੋਗਿਕ ਘਰਾਣਿਆਂ ਦੀ ਲੜਾਈ ਵੱਲ ਚਲਿਆ ਗਿਆ। ਇੱਕ ਦਾ ਕਹਿਣਾ ਸੀ, ਦੂਜੇ ਨੇ ਉਹਦੇ ਕਿਸੇ ਅੰਦਰਲੇ ਬੰਦੇ ਨੂੰ ਖ਼ਰੀਦ ਕੇ ਟੈਂਡਰ ਦੇ ਵੇਰਵਿਆਂ ਦੀ ਜਾਣਕਾਰੀ ਲੈ ਲਈ ਅਤੇ ਉਸ ਤੋਂ ਘੱਟ ਰਕਮ ਦਾ ਟੈਂਡਰ ਭਰ ਕੇ ਉਹਦਾ ਬਹੁਕਰੋੜੀ ਪ੍ਰੋਜੈਕਟ ਚੋਰੀ ਕਰ ਲਿਆ। ਗਿਆਨ ਚੰਦ ਨੂੰ ਇਹ ਝਗੜਾ ਅਤੇ ਇਹ ਚੋਰੀ ਪੜ੍ਹ ਕੇ ਅਜੀਬ ਨਹੀਂ ਸੀ ਲੱਗਿਆ। ਵੱਡੇ ਲੋਕ ਅਜਿਹੀਆਂ ਠੱਗੀਆਂ-ਠੋਰੀਆਂ ਕਰਦੇ ਹੀ ਰਹਿੰਦੇ ਹਨ। ਸੱਚ ਤਾਂ ਇਹ ਹੈ ਕਿ ਉਹ ਵੱਡੇ ਹੀ ਇਨ੍ਹਾਂ ਦੇ ਸਹਾਰੇ ਬਣਦੇ ਹਨ, ਪਰ ਤਾਰਾ ਦਾ ਚੋਰੀ ਦਾ ਦੋਸ਼ ਉਹਨੂੰ ਬਹੁਤ ਅਜੀਬ ਲੱਗਿਆ। ਕੂੜੇ ਦੀ ਚੋਰੀ? ਤਾਰਾ ਨੇ ਦੱਸਿਆ, ਕੱਲ੍ਹ ਕੋਈ ਉਹਦੇ ਆਉਣ ਤੋਂ ਪਹਿਲਾਂ ਮੂੰਹ-ਹਨੇਰੇ ਹੀ ਉਹਦੇ ਕੂੜੇਦਾਨ ਉੱਤੇ ਹੱਥ ਸਾਫ਼ ਕਰ ਗਿਆ ਸੀ। ਕੂੜੇ ਵਿਚੋਂ ਗੱਤੇ ਦੇ ਡੱਬੇ, ਪਲਾਸਟਿਕ ਦੇ ਲਿਫਾਫੇ ਅਤੇ ਹੋਰ ਅਜਿਹਾ ਕਬਾੜ ਗਾਇਬ ਸੀ। ਚੋਰੀ ਦੇ ਡਰੋਂ ਉਹ ਅੱਜ ਸੁਵਖਤੇ ਆਈ ਸੀ।

ਗਿਆਨ ਚੰਦ ਦੀ ਹੈਰਾਨੀ ਕੁਦਰਤੀ ਸੀ। ਉਹਨੇ ਕੂੜੇ ਦੀ ਚੋਰੀ ਦੀ ਗੱਲ ਪਹਿਲੀ ਵਾਰ ਸੁਣੀ-ਜਾਣੀ ਸੀ ਪਰ ਤਾਰਾ ਦੇ ਮਨ ਦੀ ਹਾਲਤ ਉਹ ਝੱਟ ਸਮਝ ਗਿਆ। ਉਹਦੇ ਲਈ ਤਾਂ ਕੂੜਾ ਠੀਕ ਹੀ ਕੰਮ ਦੀ ਚੀਜ਼ ਸੀ ਜਿਸਨੂੰ ਕਬਾੜੀਏ ਕੋਲ ਵੇਚ ਕੇ ਉਹਨੂੰ ਚਾਰ ਪੈਸੇ ਮਿਲ ਜਾਂਦੇ ਹੋਣਗੇ।...ਬੱਸ ਉਸ ਪਿਛੋਂ ਉਹ ਹਾੜ੍ਹ-ਸਿਆਲ ਸੁਵਖਤੇ ਆਉਣ ਲੱਗ ਪਈ।

ਇੱਕ ਦਿਨ ਗਿਆਨ ਚੰਦ ਨੇ ਪੁਛਿਆ, ਤਾਰਾ ਰਾਣੀ, ਏਨਾ ਸੁਵਖਤੇ ਆਉਣ ਲੱਗ ਪਈ, ਕੁਛ ਖਾ-ਪੀ ਕੇ ਵੀ ਆਉਂਦੀ ਹੈਂ ਕਿ ਖਾਲੀ ਪੇਟ ਝਾੜੂ ਚੁੱਕ ਕੇ ਤੁਰ ਪੈਂਦੀ ਹੈਂ?

ਗਿਆਨ ਚੰਦ ਜਦੋਂ ਕਦੀ ਕਾਲੋਨੀ ਦੇ ਮੰਦਰ ਜਾਂਦਾ, ਹੋਰ ਲੋਕਾਂ ਵਾਂਗ ਗੋਲਕ ਵਿੱਚ ਕੁਝ ਨਾ ਕੁਝ ਪਾ ਦਿੰਦਾ। ਕਥਾਵਾਚਕ ਅਕਸਰ ਸਾਖੀਆਂ ਸੁਣਾ ਕੇ ਦੱਸਦੇ, ਗੋਲਕ ਦਾ ਮੂੰਹ ਪਰਮਾਤਮਾ ਦਾ ਮੂੰਹ ਹੁੰਦਾ ਹੈ। ਫੇਰ ਮੰਦਰ ਦੀ, ਇੱਕ ਕਮੇਟੀ ਦੀਆਂ ਦੋ ਬਣ ਕੇ ਗੋਲਕ ਦੇ ਕਬਜ਼ੇ ਲਈ ਲੜਨ ਲੱਗੀਆਂ। ਲੜਾਈ ਅਦਾਲਤ ਤੱਕ ਪਹੁੰਚ ਗਈ। ਗਿਆਨ ਚੰਦ ਨੂੰ ਬੜੀ ਪਰੇਸ਼ਾਨੀ ਹੋਈ। ਕਾਹਦੇ ਧਰਮੀ ਲੋਕ ਸਨ ਇਹ। ਉਹਨੇ ਮੰਦਰ ਜਾਣ ਦੀ ਥਾਂ ਘਰੇ ਹੀ ਦੇਵੀ ਦੀ ਤਸਵੀਰ ਅੱਗੇ ਧੂਫ਼ ਧੁਖਾ ਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਹੁਣ ਉਹਨੂੰ ਦਾਨ ਲਈ ਗੋਲਕ ਵੀ ਮਿਲ ਗਈ।

ਫੋਕਾ ਪਾਣੀ ਪੀ ਕੇ ਕੰਮ ਆ ਲੱਗਦੀ ਤਾਰਾ ਦਾ ਮੂੰਹ ਉਹਨੂੰ ਪ੍ਰਤੱਖ ਪਰਮਾਤਮਾ ਦਾ ਮੂੰਹ ਲੱਗਿਆ। ਉਸ ਦਿਨ ਤੋਂ ਉਹਨੇ ਤਾਰਾ ਨੂੰ ਚਾਹ ਨਾਲ ਕੁਝ ਨਾ ਕੁਝ ਨਾਸ਼ਤਾ ਦੇਣਾ ਸ਼ੁਰੂ ਕਰ ਦਿੱਤਾ।

ਵੈਸੇ ਤਾਂ ਗਲੀ ਦੇ ਕੂੜੇ ਉੱਤੇ ਤਾਰਾ ਦੀ ਕੋਈ ਮਾਲਕੀ ਨਹੀਂ ਸੀ, ਉਹਨੂੰ ਇਹ ਕੰਮ ਮਕਾਨ ਮਾਲਕਾਂ ਤੋਂ ਸਿੱਧਾ ਨਹੀਂ ਸੀ ਮਿਲਿਆ ਹੋਇਆ, ਇਹ ਉਹਨੂੰ ਮੀਨਾ ਨੇ ਆਊਟਸੋਰਸ ਕੀਤਾ ਸੀ। ਮਕਾਨਾਂ ਵਾਲਿਆਂ ਤੋਂ ਪੈਸੇ ਮੀਨਾ ਲੈਂਦੀ ਅਤੇ ਉਨ੍ਹਾਂ ਵਿਚੋਂ ਕੁੱਲ ਪੰਜ ਸੌ ਰੁਪਏ ਤਾਰਾ ਦੇ ਹੱਥ ਧਰ ਦਿੰਦੀ। ਉਹਦੀ ਤਨਖ਼ਾਹ! ਲੋਕ ਬੇਹੀ ਬ੍ਰੈੱਡ, ਰਾਤ ਦੀਆਂ ਬਚੀਆਂ ਹੋਈਆਂ ਰੋਟੀਆਂ ਅਤੇ ਹੋਰ ਭਾਂਤ ਭਾਂਤ ਦੀ ਜੂਠ ਵੀ ਕੂੜੇਦਾਨ ਦੀ ਕੰਧੋਲੀ ਉੱਤੇ ਰੱਖ ਦਿੰਦੇ। ਇਹ ਤਾਰਾ ਦਾ ਬੋਨਸ ਹੁੰਦਾ।

ਮੀਨਾ ਅਤੇ ਤਾਰਾ ਦੇ ਕਾਰੋਬਾਰੀ ਸਮਝੌਤੇ ਅਨੁਸਾਰ ਕੂੜੇ ਵਿਚਲਾ ਕਬਾੜ ਜਿੰਨੇ ਦਾ ਵੀ ਹੋ ਜਾਵੇ, ਉਹ ਤਾਰਾ ਦਾ। ਇਹ ਕਬਾੜ ਤਾਰਾ ਦੀ ਮਾਸਕ ਤਨਖ਼ਾਹ ਤੋਂ ਵਧੀਕ ਪਰਕ ਸੀ। ਉਸੇ ਪਰਕ ਦੀ ਚੋਰੀ ਹੋ ਗਈ। ਪਰਕਾਂ ਵਾਲੇ ਜਾਣਦੇ ਹਨ, ਸੌਦੇ ਨਾਲ ਮਿਲਦੇ ਝੂੰਗੇ ਵਾਂਗ, ਉਹ ਤਨਖ਼ਾਹ ਤੋਂ ਵੱਧ ਪਿਆਰੇ ਹੁੰਦੇ ਹਨ। ਬਚਪਨ ਵਿੱਚ ਮਾਵਾਂ ਜਦੋਂ ਕਦੀ ਪਿੰਡ ਦੀ ਹੱਟੀ ਤੋਂ ਕੁਝ ਲਿਆਉਣ ਲਈ ਭੇਜਦੀਆਂ, ਗਿਆਨ ਚੰਦ ਵਰਗੇ ਬੱਚੇ ਇਸੇ ਝੂੰਗੇ ਦੇ ਲਾਲਚ ਸਦਕਾ ਹੀ ਖੇਡ ਵਿਚਾਲੇ ਛੱਡ ਕੇ ਖੁਸ਼ੀ ਖੁਸ਼ੀ ਤੁਰ ਪੈਂਦੇ।

ਕਈ ਵਾਰ ਗਿਆਨ ਚੰਦ ਦਾ ਦਿਲ ਕਰਦਾ, ਤਾਰਾ ਨਾਲ ਹੁੰਦੇ ਇਸ ਅਨਿਆਂ ਦੀ ਗੱਲ ਮੀਨਾ ਨਾਲ ਕਰੇ। ਮੀਨਾ ਨੂੰ ਪਰ ਕਿਸੇ ਨਾਲ ਵੀ ਉੱਚਾ ਤੇ ਤਿੱਖਾ ਬੋਲਣ ਵਿੱਚ ਕੋਈ ਸੰਕੋਚ ਨਹੀਂ ਸੀ। ਝਗੜਾ ਕਰਦੀ ਦੀ ਉਹਦੀ 'ਵਾਜ਼ ਗਲੀ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਸੁਣਦੀ। ਕਿਸੇ ਦੇ ਪੁੱਤਰ-ਨੂੰਹ ਉਸੇ ਘਰ ਵਿੱਚ ਰਸੋਈ ਵੱਖਰੀ ਕਰ ਲੈਂਦੇ, ਉਹ ਦੋ ਘਰਾਂ ਜਿੰਨੇ ਪੈਸੇ ਲੈਣ ਲਈ ਆਢਾ ਲਾ ਬੈਠਦੀ। ਅਗਲਾ ਖਿਝ-ਖਪ ਕੇ ਇਕੋ ਘਰ ਦੇ ਦੁੱਗਣੇ ਪੈਸੇ ਦੇਣ ਲਗਦਾ। ਸਭ ਜਾਣਦੇ ਸਨ, ਮੀਨਾ ਨਾਲ ਟੁੱਟ-ਫੁੱਟ ਕੀਤਿਆਂ ਕਿਸੇ ਹੋਰ ਨੇ ਤਾਂ ਇਹ ਕੰਮ ਕਰਨਾ ਨਹੀਂ ਸੀ। ਉਨ੍ਹਾਂ ਦੀ ਭਾਈਚਾਰਕ ਪੰਚਾਇਤ ਅਜਿਹਾ ਹੋਣ ਨਹੀਂ ਸੀ ਦਿੰਦੀ। ਇੱਕ ਤੋਂ ਛੁਡਵਾਇਆ ਕੰਮ ਦੂਜੇ ਲਈ ਹਰਾਮ ਸੀ। ਮੁੜ ਕੇ ਮੀਨਾ ਨਾਲ ਹੀ ਸੁਲਾਹ ਕਰਨ ਦਾ, ਭਾਵ ਉਹਦੇ ਸਾਹਮਣੇ ਝੁਕਣ ਦਾ ਕੌੜਾ ਘੁੱਟ ਭਰਨਾ ਪੈਣਾ ਸੀ।

ਲੋਕਾਂ ਲਈ ਕੂੜਾ ਕੁਝ ਹੀ ਦੂਰ ਬਣੇ ਹੋਏ ਸਰਕਾਰੀ ਕੂੜੇਦਾਨ ਵਿੱਚ ਪਾ ਆਉਣਾ ਵੀ ਸੰਭਵ ਨਹੀਂ ਸੀ। ਇੱਕ ਵਾਰ ਇੱਕ ਨਵੇਂ ਆਏ ਕਿਰਾਏਦਾਰ ਨੇ ਅਜਿਹਾ ਕਰਨਾ ਸ਼ੁਰੂ ਕਰ ਦਿੱਤਾ। ਮੀਨਾ ਨੂੰ ਪਤਾ ਲੱਗਿਆ ਤਾਂ ਉਹ ਆ ਕੇ ਗਲੀ ਦੇ ਵਿਚਕਾਰ ਉਹਦਾ ਰਾਹ ਰੋਕ ਕੇ ਖਲੋ ਗਈ,

ਬਾਊ ਜੀ, ਜੇ ਲੋਕ ਕੂੜਾ ਆਪੇ ਚੁੱਕਣ ਲੱਗ ਪਏ, ਅਸੀਂ ਗਰੀਬ ਲੋਕ ਕੀ ਖਾਵਾਂਗੇ? ਸੁਆਹ ਤੇ ਮਿੱਟੀ? ਹੁਣ ਤਾਂ ਸ਼ਹਿਰ ਵਿੱਚ ਸੁਆਹ ਤੇ ਮਿੱਟੀ ਵੀ ਮੁਫ਼ਤ ਨਹੀਂ ਮਿਲਦੀ। ਇੱਕ ਗੱਲ ਸੁਣ ਲੈ ਬਾਊ, ਮੀਨਾ ਬਾਊ ਜੀ ਤੋਂ ਬਾਊ ਉੱਤੇ ਉੱਤਰ ਆਈ, ਮੇਰਾ ਕੂੜਾ ਮੈਨੂੰ ਦੇਹ ਜਾਂ ਆਪ ਸੁੱਟ, ਮਹੀਨੇ ਦੇ ਪੈਸੇ ਤਾਂ ਮੈਂ ਛੱਡਣੇ ਕੋਈ ਨਹੀਂ!

ਮੀਨਾ ਦੇ ਤੌਰ ਦੇਖਦਿਆਂ ਉਹ ਕੂੜੇ ਵਾਲਾ ਪਲਾਸਟਿਕੀ ਲਿਫਾਫਾ ਉਥੇ ਹੀ ਗਲੀ ਦੇ ਵਿਚਕਾਰ ਰੱਖ ਕੇ ਪੁੱਠੇ ਪੈਰੀਂ ਘਰ ਵੱਲ ਭੱਜ ਗਿਆ। ਮੀਨਾ ਦੇ ਬੁੱਲ੍ਹਾਂ ਉੱਤੇ ਕਾਟਵੀਂ ਜੇਤੂ ਮੁਸਕਰਾਹਟ ਫੈਲ ਗਈ। ਗਿਆਨ ਚੰਦ ਮੀਨਾ ਦੇ ਇਨ੍ਹਾਂ ਤਿੱਖੇ-ਉੱਚੇ ਬੋਲਾਂ ਤੋਂ ਡਰਦਾ ਚੁੱਪ ਕਰ ਰਹਿੰਦਾ। ਅਜਿਹੇ ਮੌਕੇ ਉਹ ਕੂੜੇ ਉੱਤੇ ਨਹੀਂ, ਘਰਾਂ ਉੱਤੇ ਆਪਣਾ ਮਾਲਕੀ ਹੱਕ ਜਤਾਉਂਦੀ-ਏਸ ਗਲੀ ਦੇ ਘਰ ਮੇਰੇ ਨੇ।

ਪੁਰਾਣਾ ਵਸਨੀਕ ਹੋਣ ਕਰਕੇ ਗਿਆਨ ਚੰਦ ਨੂੰ ਘਰਾਂ ਉੱਤੇ ਮੀਨਾ ਦੀ ਮੇਰ ਦਾ ਇਤਿਹਾਸ ਚੰਗੀ ਤਰ੍ਹਾਂ ਪਤਾ ਸੀ।

ਪਹਿਲਾਂ ਇਨ੍ਹਾਂ ਘਰਾਂ ਦਾ ਕੂੜਾ ਦੁਲਾਰੀ ਚੁੱਕਦੀ ਹੁੰਦੀ ਸੀ। ਇੱਕ ਦਿਨ ਉਹਨੇ ਧੀ ਦੇ ਵਿਆਹ ਵਾਸਤੇ ਛੁੱਟੀ ਲਈ ਅਤੇ ਤੀਜੇ ਦਿਨ ਉਹ ਮੀਨਾ ਨੂੰ ਲੈ ਕੇ ਆ ਗਈ। ਸਾਰੇ ਘਰਾਂ ਦੀਆਂ ਸੁਆਣੀਆਂ ਨਾਲ ਉਹਦੀ ਜਾਣ-ਪਛਾਣ ਕਰਾਉਂਦਿਆਂ ਉਹ ਬੋਲੀ, ਅੱਗੇ ਤੋਂ ਕੂੜਾ ਇਹ ਮੇਰੀ ਨਵੀਂ ਸੰਬੰਧਨ ਚੁੱਕਿਆ ਕਰੇਗੀ, ਮੀਨਾ। ਉਹਨੇ ਕਾਰਨ ਵੀ ਸਪਸ਼ਟ ਕਰ ਦਿੱਤਾ, ਏਸ ਗਲੀ ਦੇ ਘਰ ਅਸੀਂ ਦਾਮਾਦ ਜੀ ਨੂੰ ਦਾਜ ਵਿੱਚ ਦੇ ਦਿੱਤੇ। ਲੋਕ ਹੈਰਾਨ ਸਨ-ਘਰ ਉਨ੍ਹਾਂ ਦੇ, ਤੇ ਦਾਜ ਵਿੱਚ ਦੇ ਦਿੱਤੇ ਦੁਲਾਰੀ ਨੇ। ਗਿਆਨ ਚੰਦ ਨੂੰ ਦਾਜ ਦੇ ਇਸ ਲੈਣ-ਦੇਣ ਦਾ ਪਤਾ ਲੱਗਿਆ ਤਾਂ ਉਹ ਵੀ ਹੈਰਾਨ ਰਹਿ ਗਿਆ। ਅਸਲ ਹੈਰਾਨੀ ਪਰ ਉਹਨੂੰ ਉਸ ਸਮੇਂ ਹੋਈ ਜਦੋਂ ਉਹਨੂੰ ਪਤਾ ਲੱਗਿਆ ਕਿ ਦਾਜ ਵਿੱਚ ਦੇਣ ਤੋਂ ਇਲਾਵਾ ਲੋਕਾਂ ਦੇ ਘਰ ਕੂੜੇ ਲਈ ਇੱਕ ਤੋਂ ਦੂਜੇ ਦੇ ਹੱਥ ਵਿਕ ਵੀ ਜਾਂਦੇ ਹਨ।

ਹੁਣ ਦਾਜ ਅਤੇ ਵਿਕਰੀ ਵਾਂਗ ਕੂੜੇ ਦੇ ਧੰਦੇ ਵਿੱਚ ਆਊਟਸੋਰਸਿੰਗ ਵੀ ਆ ਗਈ ਸੀ। ਕੁਝ ਦਿਨ ਮੀਨਾ ਕੂੜਾ ਚੁੱਕਣ ਆਪ ਆਈ, ਪਰ ਲੋਕਾਂ ਦੀ ਨਜ਼ਰ ਵਿੱਚ ਮਾਲਕੀ ਪੱਕੀ ਹੁੰਦਿਆਂ ਹੀ ਉਹਨੇ ਆਪਣਾ ਪਹਿਲਾਂ ਵਾਲੇ ਘਰਾਂ ਦਾ ਕੰਮ ਜਾ ਸਾਂਭਿਆ ਅਤੇ ਇਹ ਕੰਮ ਤਾਰਾ ਨੂੰ ਆਊਟਸੋਰਸ ਕਰ ਦਿੱਤਾ।

ਮਹੀਨੇ ਦੇ ਪਹਿਲੇ ਐਤਵਾਰ ਮੀਨਾ ਆਉਂਦੀ, ਬੈੱਲ ਬਜਾਉਂਦੀ ਅਤੇ ਅੰਦਰੋਂ ਝਾਕਣ ਵਾਲੇ ਜਾਂ ਵਾਲੀ ਨੂੰ 'ਰਾਮ ਰਾਮ' ਆਖਦੀ। ਪੈਸੇ ਮੰਗਣ ਦੀ ਉਹਨੂੰ ਲੋੜ ਹੀ ਨਹੀਂ ਸੀ ਪੈਂਦੀ। ਘਰ ਵਾਲਿਆਂ ਨੂੰ ਵੀ ਉਹਤੋਂ ਕੁਝ ਪੁੱਛਣ-ਦੱਸਣ ਦੀ ਲੋੜ ਨਹੀਂ ਸੀ ਹੁੰਦੀ। ਉਹਦੇ ਦਰਸ਼ਨ ਮਹੀਨੇ ਦੇ ਪਹਿਲੇ ਐਤਵਾਰ ਅਤੇ ਤਿੱਥਾਂ-ਤਿਹਾਰਾਂ ਨੂੰ ਹੀ ਹੁੰਦੇ। ਮਹੀਨੇ ਦੇ ਪੈਸੇ ਦੁਲਾਰੀ ਦੇ ਦਸ ਰੁਪਈਆਂ ਤੋਂ ਸ਼ੁਰੂ ਹੋ ਕੇ ਪੰਜ ਪੰਜ, ਦਸ ਦਸ ਵਧਦੇ ਹੋਏ ਮੀਨਾ ਦੇ ਸੌ ਰੁਪਈਆਂ ਤੱਕ ਪੁੱਜ ਗਏ ਸਨ।

ਸਾਰੇ ਘਰਾਂ ਤੋਂ ਉਹ ਸੌ ਸੌ ਇਕੱਠਾ ਕਰਦੀ ਅਤੇ ਪੰਜ ਸੌ ਤਾਰਾ ਨੂੰ ਦੇ ਕੇ ਬਾਕੀ ਸਾਰੇ ਬੋਝੇ ਵਿੱਚ ਪਾ ਲੈਂਦੀ। ਉਹ ਜ਼ਿੱਦ ਕਰਦੀ, ਤਿੱਥਾਂ-ਤਿਹਾਰਾਂ ਅਤੇ ਪਰਿਵਾਰਕ ਖੁਸ਼ੀਆਂ ਸਮੇਂ ਸਾਰੇ ਪੈਸੇ, ਮਠਿਆਈ ਤੇ ਲੀੜੇ-ਕੱਪੜੇ ਉਹਨੂੰ ਹੀ ਦਿੱਤੇ ਜਾਣ; ਤਾਰਾ ਨੂੰ ਜੋ ਦੇਣਾ ਹੋਇਆ, ਉਹ ਆਪੇ ਦੇਵੇਗੀ। ਉਹਦੇ ਕਹਿਣ ਅਨੁਸਾਰ ਤਾਰਾ ਦਾ ਉਨ੍ਹਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ। ਗਲੀ ਦੀਆਂ ਔਰਤਾਂ ਸੋਚਦੀਆਂ, ਧੋਵੇ ਤੇ ਕੂੜਾ ਚੁੱਕੇ ਤਾਰਾ, ਤਿਹਾਰ ਸਾਰੇ ਇਸ ਘੋੜੀ ਦੇ! ਕਿਉਂ?

ਪਰ ਉਹ ਘਰ ਦੀਆਂ ਖੁਸ਼ੀਆਂ ਵਿੱਚ ਮੀਨਾ ਦੀ ਬੱਕਬੱਕ ਰਲਣ ਦੇ ਡਰੋਂ ਥੋੜ੍ਹਾ-ਬਹੁਤਾ ਹੱਥ ਉਹਨੂੰ ਝਾੜ ਦਿੰਦੀਆਂ ਤੇ ਬਾਕੀ ਸਾਰਾ ਕੁਝ ਅੱਗਾ-ਪਿੱਛਾ ਦੇਖ ਕੇ ਤਾਰਾ ਨੂੰ ਦੇ ਦਿੰਦਿਆਂ। ਮੀਨਾ ਵੀ ਪੂਰੀ ਚੰਟ ਸੀ। ਉਹ ਸਭ ਜਾਣਦੀ-ਸਮਝਦੀ ਸੀ। ਕਦੀ ਮਿੱਠੀਆਂ ਮਾਰ ਕੇ ਤੇ ਕਦੀ ਗੁੱਸਾ ਦਿਖਾ ਕੇ ਉਹ ਤਾਰਾ ਤੋਂ ਸੱਚ ਕਢਵਾਉਣ ਦਾ ਯਤਨ ਕਰਦੀ, ਪਰ ਤਾਰਾ ਵੀ ਕੱਚੀਆਂ ਗੋਲੀਆਂ ਨਹੀਂ ਸੀ ਖੇਡੀ ਹੋਈ। ਆਪਣੇ ਹੱਕ ਲਈ ਅਸਲੀਅਤ ਤੋਂ ਮੁਕਰਨਾ ਉਹਨੂੰ ਵੀ ਆਉਂਦਾ ਸੀ।

ਗਿਆਨ ਚੰਦ ਨੇ ਆਪਣੀ ਅਤੇ ਤਾਰਾ ਦੀ ਚਾਹ ਹੀ ਬਣਾਉਣੀ ਹੁੰਦੀ। ਗੁਣਵੰਤੀ ਦੀ ਸਾਰੀ ਰਾਤ ਦੁਖਦੇ ਸਰੀਰ ਨਾਲ ਹਾਏ-ਬੂ ਕਰਦਿਆਂ ਅਤੇ ਪਾਸੇ ਭੰਨ੍ਹਦਿਆਂ ਬੀਤਦੀ। ਕਿਤੇ ਤਿੰਨ-ਚਾਰ ਵਜੇ ਸਵੇਰੇ ਜਾ ਕੇ ਉਹਦੀ ਅੱਖ ਲਗਦੀ। ਗਿਆਨ ਚੰਦ ਉੱਠ ਕੇ ਆਪਣੀ ਨਿੱਤ-ਕਿਰਿਆ ਵਿੱਚ ਲੱਗ ਜਾਂਦਾ ਅਤੇ ਉਹਨੂੰ ਸੁੱਤੀ ਰਹਿਣ ਦਿੰਦਾ। ਉਹ ਧਿਆਨ ਰੱਖਦਾ, ਕੋਈ ਖੜਕਾ, ਕੋਈ ਆਵਾਜ਼ ਉਹਦੀ ਨੀਂਦ ਨਾ ਤੋੜੇ। ਦੋਵੇਂ ਪੁੱਤਰ, ਵੱਡਾ ਸੂਰਜ ਪ੍ਰਕਾਸ਼ ਅਤੇ ਛੋਟਾ ਚੰਦਰ ਪ੍ਰਕਾਸ਼, ਘਰੋਂ ਦੂਰ ਨੌਕਰੀਆਂ ਕਰਦੇ ਸਨ। ਸੂਰਜ ਪ੍ਰਕਾਸ਼ ਨੇ ਐਲ਼ਐਲ਼ਬੀ. ਕਰ ਕੇ ਕੁਝ ਸਮਾਂ ਦਿੱਲੀ ਦੀ ਕਿਸੇ ਲਾਅ ਫਰਮ ਵਿੱਚ ਕੰਮ ਕੀਤਾ ਸੀ ਅਤੇ ਫੇਰ ਅਮਰੀਕਾ ਵਿੱਚ ਐਲ਼ਐਲ਼ਐਮ. ਲਈ ਦਾਖਲਾ ਲੈਣ ਵਿੱਚ ਸਫਲ ਹੋ ਗਿਆ ਸੀ। ਕੋਰਸ ਮੁਕਦਿਆਂ ਹੀ ਉਥੋਂ ਦੀ ਕਿਸੇ ਲਾਅ ਫਰਮ ਨੇ ਉਹਦੇ ਯੋਗਤਾ-ਵੇਰਵੇ ਦੇ ਆਧਾਰ ਉੱਤੇ ਉਹਨੂੰ ਵਧੀਆ ਤਨਖ਼ਾਹ ਨਾਲ ਨੌਕਰੀ ਦੇ ਦਿੱਤੀ ਸੀ। ਉਹਨੇ ਹੁੱਬ ਕੇ ਦੱਸਿਆ ਸੀ, ਪਿਤਾ ਜੀ, ਇਥੇ ਆਪਣੇ ਦੇਸ ਵਾਂਗੂ ਸਿਫਾਰਸ਼ਾਂ ਨਹੀਂ ਲਾਉਣੀਆਂ ਪੈਂਦੀਆਂ। ਇਥੇ ਤਾਂ ਮੈਰਿਟ ਕੰਮ ਆਉਂਦੀ ਹੈ। ਜੇ ਇਥੋਂ ਦੇ ਕਿਸੇ ਵੱਡੇ ਬੰਦੇ ਦਾ ਧੀ-ਪੁੱਤ ਵੀ ਮੈਥੋਂ ਘੱਟ ਮੈਰਿਟ ਨਾਲ ਆਉਂਦਾ, ਨੌਕਰੀ ਮੈਨੂੰ ਹੀ ਮਿਲਦੀ। ਪਤਾ ਨਹੀਂ, ਸੂਰਜ ਪ੍ਰਕਾਸ਼ ਨੂੰ ਤਨਖ਼ਾਹ ਕਿੰਨੀ ਕੁ ਵਧੀਆ ਲਗਦੀ ਸੀ, ਪਰ ਗਿਆਨ ਚੰਦ ਆਖਦਾ, ਸ਼ੁਕਰ ਮਾਲਕ ਦਾ, ਮੈਂ ਤਾਂ ਜਦੋਂ ਮੁੰਡੇ ਦੇ ਡਾਲਰਾਂ ਨੂੰ ਰੁਪਈਆਂ ਵਿੱਚ ਬਦਲਦਾ ਹਾਂ, ਮੈਥੋਂ ਤਾਂ ਮਹੀਨੇ ਦੇ ਏਨ ਰੁਪਈਏ ਸੋਚੇ ਵੀ ਨਹੀਂ ਜਾਂਦੇ।

(ਚਲਦਾ)

ਨੰਨ੍ਹੀ ਕਹਾਣੀ

ਲਾਲ ਸਿੰਘ ਦਸੂਹਾ

## ਨੀਲੀ 'ਸ਼ਾਹੀ'

ਮੰਡੀ ਵਿੱਚ ਕਣਕ ਛਾਣਦੀ ਹਾਰੀ ਥੱਕੀ ਸ਼ੰਕਰੀ ਨੇ, ਘੁੰਡੀਆਂ ਦੀ ਪੰਡ ਜੀ .ਟੀ .ਰੋਡ ਦੀ ਪੱਕੀ ਪੱਟੜੀ 'ਤੇ ਲਿਆ ਸੁੱਟੀ। ਆਪ ' ਝੁਲਕਾ ਪਾਣ ' ਲਈ ਸਫੈਦਿਆਂ ਦੀ ਡੱਬ-ਖੜੱਬੀ ਛਾਂ ਵਿੱਚ ਢੋ ਲਾ ਕੇ ਬੈਠ ਗਈ। ਛੇਂਵੀ ਜਮਾਤ ਵਿੱਚ ਪੜ੍ਹਦਾ ਉਸ ਦਾ ਤੀਜਾ ਪੁੱਤਰ ਕਿਸ਼ਨਾ ਸਕੂਲੋਂ ਰੋਂਦਾ ਡੁਸਕਦਾ ਆਇਆ - ਮਾਂ ਦਸੀ ਦਈਂ ........ਨੀਲੀ ਸ਼ਾਹੀ ਲੈਣੀ। ਗੁਰੇ ਦਾ ਦਵਾਤ 'ਚੋਂ ਡੋਕੇ ਲਏ ......ਉਹਨੇ ਮਾਰਿਆ , ਮਾਸਟਰ ਹੋਰਾਂ ਕਾਪੀ ਦੇਖੀ ....ਤਾਂ ਚਪੇੜਾਂ ਮਾਰੀਆਂ।

ਖਾਖਾਂ 'ਤੇ ਲੱਗੀਆਂ ਚਪੇੜਾਂ ਦੇ ਨੀਲ ਮਾਂ ਦੀ ਬਰੀਕ ਨੀਝ ਨੇ ਗਿਣ ਲਏ। ਮੂੰਹ ਹਨੇਰੇ ਦੀ ਪੱਕੀ ਰੋਟੀ ਦੁਪਹਿਰਾਂ ਤੱਕ ਪਈ ਪਾਣੀ ਦੇ ਘੁੱਟਾਂ ਨਾਲ ਵੀ ਅੰਦਰ ਲੰਘਣੋਂ ਇਨਕਾਰੀ ਹੋਣ ਲੱਗੀ। ਸਿੱਜਲ ਅੱਖਾਂ ਨੂੰ ਸਿਰੋਂ ਅਤੇ ਪੈਰੋਂ ਨੰਗਾ ਕਿਸ਼ਨਾ ਝਉਲਾ ਝਉਲਾ ਦਿਸਣ ਲੱਗਾ। ...ਦਾਣਿਆਂ ਦੀ ਮੁਠ 'ਕੱਠੀ ਕਰ ਲੈ .....ਤੇ ਹਟੀਉਂ ਨੀਲੀ ......। ਸ਼ੰਕਰੀ ਦੀ ਬਾਕੀ ਗੱਲ ਗਲਘੋਟੂ ਬਣ ਕੇ ਸੰਘੀ 'ਚ ਅੜ ਗਈ।

ਛੋਹਲੇ ਪੈਰੀਂ ਕਿਸ਼ਨਾ ਸੜਕ ਵਲ ਵਧਿਆ। ਵੀਹ , ਪੰਝੀ ਫੁਟ ਲੰਮੀ ਹਵਾ ਨਾਲ ਗੱਲਾਂ ਕਰਦੀ ਇੱਕ ਬੀਊਕ ਕਾਰ ਕਰੀਚ ਕਰਦੀ ਬਰੇਕ ਲਾ ਕੇ ਰੁਕਦੀ ਰੁਕਦੀ ਕਿਸ਼ਨੇ ਨੂੰ ਪਾਸਾ ਮਾਰ ਕੇ ਹਵਾ ਹੋ ਗਈ। ਫੁੱਟਬਾਲ ਵਾਂਗ ਮੁੰਡਾ ਕੱਚੇ 'ਤੇ ਰਿੜ੍ਹਿਆ ਤੇ ਬੇਹੋਸ਼ ਹੋ ਗਿਆ। ਦੌੜ ਕੇ ਪੱਲੇਦਾਰਾਂ ਨੇ ਮੁੰਡੇ ਨੂੰ ਚੁੱਕਿਆ ਤੇ ਡਿਸਪੈਂਸਰੀ ਲੈ ਗਏ। ਬਰਾਂਡੇ ਵਿੱਚ ਪਏ ਲੱਕੜ ਦੇ ਬੈਂਚ 'ਤੇ ਲਿਟਾਏ ਕਿਸ਼ਨੇ ਦੇ ਦੰਦਾਂ ਤੋਂ ਲਹੂ ਪੂੰਝਦਿਆ, ਸ਼ੰਕਰੀ ਨੇ ਖਾਕੀ ਝੱਗਾ ਉੱਪਰ ਕਰ ਕੇ ਦੇਖਿਆ ਕਿ ਪਿੰਡੇ 'ਤੇ ਲੱਗੀਆਂ ਸੱਟਾਂ ਦਾ ਰੰਗ ਖਾਖਾਂ 'ਤੇ ਪਏ ਨੀਲ ਦੇ ਰੰਗ ਨਾਲੋਂ ਕਿਤੇ ਬਹੁਤਾ ਨੀਲਾ ਸੀ - ਨੀਲੀ 'ਸ਼ਾਹੀ' ਵਰਗਾ।

# ਮੇਰੀ ਕਲਮ



## ਅੱਧੀ ਰਾਤ ਪਹਿਰ ਦੇ ਤੜਕੇ

ਐਸ.ਐਸ. ਮੀਸ਼ਾ



ਅੱਧੀ ਰਾਤ ਪਹਿਰ ਦੇ ਤੜਕੇ
ਅੱਖਾਂ ਵਿੱਚ ਉਨੀਂਦਾ ਰੜਕੇ।
ਆਪਣਾ ਕਮਰਾ ਝਾੜਨ ਲਗਦਾਂ
ਦੂਰ ਕਿਤੇ ਜਦ ਕੁੰਡਾ ਖੜਕੇ।
ਤੇਰੀ ਧੂੜ ਵੀ ਸੁਰਮੇ ਵਰਗੀ
ਸੱਜਣਾ ਦੇ ਪਿੰਡ ਜਾਂਦੀ ਸੜਕੇ।
ਸਿਖਰ ਦੁਪਹਿਰੇ ਕੱਲ੍ਹ ਇੱਕ ਰਾਹੀ
ਡਿੱਗਾ ਆਪਣੀ ਛਾਂ ਵਿੱਚ ਅੜ ਕੇ।
ਸਿੱਕ ਨਾ ਜਾਗੇ ਫੇਰ ਮਿਲਣ ਦੀ
ਆ ਏਦਾਂ ਵਿਛੜੀਏ ਲੜ ਕੇ।
ਅੱਜ ਕਿਉਂ ਚੁੱਪ ਉਦਾਸ ਨੇ ਬੱਦਲ
ਬਿਜਲੀ ਨੂੰ ਹੀ ਆਖੋ ਕੜ ਕੇ।
ਬੁਝਿਆ ਭਾਂਬੜ ਅਜੇ ਵੀ ਦਿਲ ਵਿੱਚ
ਕਦੀ ਕਦੀ ਚੰਗਿਆੜਾ ਭੜਕੇ।
ਲੋ ਹੀ ਲੋ ਸੀ ਸੇਕ ਨਹੀਂ ਸੀ
ਦੇਖ ਲਿਆ ਮੈਂ ਜੁਗਨੂੰ ਫੜਕੇ।
ਜੋ ਗੱਲ ਤੈਥੋਂ ਕਹਿ ਨਾ ਹੋਈ
ਉਹ ਮੇਰੇ ਵੀ ਦਿਲ ਵਿੱਚ ਰੜਕੇ।
ਆਪਣੇ ਘਰ ਵਿੱਚ ਕੈਦ ਨੇ ਲੋਕੀ
ਦਿਨ ਕੱਟਦੇ ਜੋ ਅੰਦਰ ਵੜਕੇ।
ਜਾਨ ਰਹੀ ਨਾ ਤੇਰੇ ਬਾਝੋਂ
ਨਬਜ਼ ਤਾਂ ਚੱਲੇ ਦਿਲ ਵੀ ਧੜਕੇ।

## ਸ਼ੁਭ ਸ਼ਗਨ

ਸਿੰਮੀਪ੍ਰੀਤ ਕੌਰ

ਚੁੱਲ੍ਹੇ ਮੂਹਰੇ ਬੈਠਿਆਂ
ਅੱਗ ਦੇ ਅੰਗਿਆਰਿਆਂ ਨਾਲ ਹਠਖੇਲੀਆਂ
ਕਰਦਿਆਂ ਦੇਖ
ਦਾਦੀ ਝਿੜਕਦੀ ਬੋਲੀ
ਅੱਗ ਨਾਲ ਨੀਂ ਖੇਡੀਦਾ
ਕਿਉਂ ?
ਮੇਰੀ ਮਾਸੂਮੀਅਤ ਜਵਾਬ ਮੰਗਦੀ ਸੀ
ਕੋਲ ਬੈਠੀਆਂ ਮਾਂ, ਚਾਚੀ ਤੇ ਭੂਆ ਦੇ
ਮੂੰਹਾਂ ’ਤੇ ਚੁੱਪੀ ਸੀ
ਪਰ ਕਰਵਟ ਨੇ ਮੈਨੂੰ
ਆਪਣੇ ਕਲੇਵੇਂ ਵਿੱਚ ਲੈ ਲਿਆ

ਮੈਂ ਅੱਗ ਸੰਗ ਖੇਡੀ
ਅੱਗ ਖਾਧੀ
ਅੱਗ ਪਹਿਨੀ
ਅੱਗ ਸੰਗ ਸੁੱਤੀ
ਤੇ ਅੱਗ ’ਤੇ ਤੁਰੀ
ਦਾਦੀ ਆਖਦੀ ਸੀ
ਅੱਗ ਨਾਲ ਖੇਡਣਾ ਮਾੜਾ ਹੁੰਦਾ ਹੈ
ਪਤਾ ਨੀਂ ਮੇਰੇ ਲਈ ਅੱਗ ਨਾਲ ਖੇਡਣਾ
ਸ਼ੁਭ ਸ਼ਗਨ ਕਿਵੇਂ ਹੋ ਗਿਆ ?
ਦਾਦੀ ਆਖਦੀ ਸੀ
ਤੱਤੀਆਂ ਹਵਾਵਾਂ ਨਾਲ ਸਮਝੌਤਾ ਕਰ ਲਈਂ
ਮੈਂ ਹਵਾਵਾਂ ਨੂੰ ਤੂਫਾਨ ਬਣ ਟੱਕਰੀ
ਮੈਂ ਹਨ੍ਹੇਰਿਆਂ ਤੋਂ ਡਰੀ ਨਹੀਂ
ਜਾਂਚ ਸਿੱਖੀ ਜੁਗਨੂੰ ਬਣਨ ਦੀ
ਤੇ ਮੇਰੀ
ਅੱਗ, ਹਵਾਵਾਂ ਤੇ ਹਨ੍ਹੇਰਿਆਂ ਨਾਲ
ਦੋਸਤੀ ਹੋ ਗਈ
ਗੂੜੀ ਹੋਰ ਗੂੜੀ

## ਕੁਝ ਕੁ ਚਾਨਣ

ਸੁਖਵਿੰਦਰ ਅੰਮ੍ਰਿਤ

ਹੁੰਦੇ ਨੇ ਕੁਝ ਕੁ ਚਾਨਣ ਚਿਰਕਾਲ ਰਹਿਣ ਵਾਲੇ,
ਮੇਰੇ ਦਿਲ ਦਿਆ ਓ ਚੰਨਾਂ ਇਹ ਨਾਂ ਦਾਗ਼ ਲਹਿਣ ਵਾਲੇ
ਤੂੰ ਹੈਂ ਸੱਚ ਦਾ ਮੁਸਾਫ਼ਿਰ ਤੇ ਇਹ ਹੈ ਕੂੜ ਦਾ ਪਸਾਰਾ,
ਕਿਤੇ ਬਹਿ ਨਾਂ ਜਾਈਂ ਛਾਵੇਂ ਇਹ ਮੀਨਾਰ ਢਹਿਣ ਵਾਲੇ
ਕਹਿ ਕੇ ਗਿਆ ਹੈ ਸੂਰਜ ਦੀਵੇ ਨੂੰ ਜਾਣ ਲੱਗਿਆਂ,
ਜਗਦੇ ਨੇਂ ਅੰਤ ਕਾਇਆ ’ਤੇ ਸੇਕ ਸਹਿਣ ਵਾਲੇ
ਮੇਰੇ ਨਾਮ ਕਰ ਗਿਆ ਹੈ ਕੋਈ ਖ਼ੁਦਕੁਸ਼ੀ ਤੋਂ ਪਹਿਲਾਂ,
ਉਹਦੀ ਜ਼ਿੰਦਗੀ ’ਤੇ ਰਹਿੰਦੇ ਸੀ ਜੋ ਕਹਿਰ ਢਹਿਣ ਵਾਲੇ
ਮੇਰੀ ਪਿਆਸ ਦਾ ਸਫ਼ਰ ਹੈ ਨਿਰਛਾਵਾਂ ਅੰਤਹੀਣਾਂ,
ਤੇ ਮੁਹੱਬਤਾਂ ਦੇ ਪਾਣੀਂ ਪਲ-ਛਿਣ ’ਚ ਲਹਿਣ ਵਾਲੇ
ਡਾਢਾ ਹੈ ਸੇਕ ਸੱਚ ਦਾ ਬਚ ਜਾਏ ਕੁਝ ਜੇ ਬਚਦਾ,
ਹਟ ਕੇ ਜ਼ਰਾ ਕੁ ਬਹਿੰਦੇ ਸੀਨੇਂ ’ਚ ਰਹਿਣ ਵਾਲੇ
ਵਰ੍ਹਿਆਂ ਦੇ ਬਾਅਦ ਫੁੱਟੇ ਕਾਇਆ ਮੇਰੀ ’ਚੋਂ ਪੱਤੇ,
ਪਰਤੇ ਮੁਸਾਫ਼ਰੀ ਤੋਂ ਮੇਰੀ ਛਾਂ ’ਚ ਬਹਿਣ ਵਾਲੇ

## ਕਲਪਨਾ

ਅੰਮ੍ਰਿਤਾ ਪ੍ਰੀਤਮ



ਤਾਰੇ ਪੰਕਤੀ ਬੰਨ੍ਹ ਖਲੋਤੇ
ਉੱਛਲੀ ਅੰਬਰ-ਗੰਗਾ
ਘੜਿਆਂ ਨੂੰ ਪਈ ਮੂੰਹ ਮੂੰਹ ਭਰਦੀ
ਬਣੀ ਕਲਪਨਾ ਮਹਿਰੀ ।
ਕਈ ਉਰਵਸ਼ੀਆਂ ਚਾਕਰ ਹੋਈਆਂ
ਇਸ ਮਹਿਰੀ ਦੇ ਅੱਗੇ
ਇੰਦਰ ਸਭਾ ਲਗਾ ਕੇ ਬੈਠੀ
ਹੁਸਨ ਹੋਰ ਵੀ ਕਹਿਰੀ ।
ਪਿਆਰ ਮੇਰੇ ਦਾ ਭੇਤ ਏਸ ਨੇ
ਛਮਕਾਂ ਮਾਰ ਜਗਾਇਆ
ਸੁੱਤਾ ਨਾਗ ਇਸ਼ਕ ਦਾ ਜਾਗੇ
ਹੋਰ ਵੀ ਹੋ ਜਾਏ ਜ਼ਹਿਰੀ ।
ਭੁੱਖੇ ਅੰਬਰ ਭਰਨ ਕਲਾਵਾ
ਹੱਥਾਂ ਵਿੱਚ ਨਾ ਆਵੇ
ਸੋਹਣੀ ਹਰ ਚੰਦਉਰੀ, ਆਖ਼ਰ
ਹਰ ਚੰਦਉਰੀ ਠਹਿਰੀ ।
ਖਿੜਦੀ ਜਿਵੇਂ ਕਪਾਹ ਦੀ ਫੁੱਟੀ
ਸੁਪਨੇ ਤੇਰੇ ਹਸਦੇ
ਜੀ ਕਲਪਨਾਂ! ਜੁੱਗਾਂ ਤੋੜੀ
ਸੁਪਨੇ ਕੱਤ ਸੁਨਹਿਰੀ ।
ਲੱਖ ਤੇਰੇ ਅੰਬਾਰਾਂ ਵਿੱਚੋ
ਦੱਸ ਕੀ ਲੱਭਾ ਸਾਨੂੰ ?
ਇੱਕੋ ਤੰਦ ਪਿਆਰ ਦੀ ਲੱਭੀ
ਉਹ ਵੀ ਤੰਦ ਇਕਹਿਰੀ ।

## ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ

ਆਗ਼ਾ ਨਿਸਾਰ

ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ,
ਲੱਭ ਰਿਹਾ ਹਾਂ ਮੈਂ ਵਫ਼ਾ ਇਨਸਾਨ ਵਿੱਚ।
ਦੋ ਕਦਮ ਦਾ ਫ਼ਾਸਲਾ ਵੀ ਹੈ ਤਵੀਲ,
ਹੌਸਲਾ ਹੋਵੇ ਨਾ ਜੇ ਇਨਸਾਨ ਵਿੱਚ।
ਆਰਜ਼ੂ ਦਾ ਹਰ ਸਫ਼ੀਨਾ ਡੁਬ ਗਿਆ,
ਨਾਉਮੀਦੀ ਦੇ ਚੜ੍ਹੇ ਤੂਫ਼ਾਨ ਵਿੱਚ।
ਮੈਂ ਸਦਾ ਕਰਨਾ ਵਾਂ ਉਹਦੀ ਜੁਸਤਜੂ,
ਤੇਰੇ ਭਾਣੇ ਜੋ ਨਹੀਂ ਅਮਕਾਨ ਵਿੱਚ।
ਖ਼ੌਫ਼ ਖਾਂਦਾ ਆਪ ਉਹ ਇਨਸਾਨ ਤੋਂ,
ਅਕਲ ਹੁੰਦੀ ਜੇ ਕਦੇ ਹੈਵਾਨ ਵਿੱਚ।
ਫਿਰ ਰਿਆਇਆ ਕਿਉਂ ਮੁਖ਼ਾਲਿਫ਼ ਹੋ ਗਈ,
ਜੇ ਬੁਰਾਈ ਕੁਝ ਨਹੀਂ ਸੁਲਤਾਨ ਵਿੱਚ।
ਜਦ ਕਸ਼ਿਸ਼ ‘ਆਗ਼ਾ’ ਵਿਖਾਈ ਕੁਫ਼ਰ ਨੇ,
ਤਾਜ਼ਗੀ ਆਈ ਮੇਰੇ ਈਮਾਨ ਵਿੱਚ ।

## ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ

ਅਮਰਦੀਪ ਸੰਧਾਵਾਲੀਆ



ਬੜੇ ਹੀ ਖ਼ੂਬਸੂਰਤ ਹਰ ਨਗਰ ਵਿੱਚ ਘਰ ਵੀ ਹੁੰਦੇ ਨੇ
ਅਤੀ ਸੁੰਦਰ ਤੇ ਵੇਖਣਯੋਗ ਕੁਝ ਖੰਡਰ ਵੀ ਹੁੰਦੇ ਨੇ
ਅਜਬ ਨੇ ਸ਼ੌਕ ਲੋਕਾਂ ਦੇ ਕਿ ਸ਼ੀਸ਼ੇ ਦੇ ਘਰਾਂ ਅੰਦਰ
ਸਜਾਵਟ ਵਾਸਤੇ ਰੱਖੇ ਉਨ੍ਹਾਂ ਪੱਥਰ ਵੀ ਹੁੰਦੇ ਨੇ
ਘੜੀ ਵੱਲ ਵੇਖਦਾ ਉਹ ਤੇਜ਼ ਤੁਰਦਾ ਸੋਚਦਾ ਅਕਸਰ
ਕਈ ਥਿਰ ਹੋ ਗਏ ਪਲ ਆਦਮੀ ਅੰਦਰ ਵੀ ਹੁੰਦੇ ਨੇ
ਅਸਾਨੂੰ ਵੀ ਪਤਾ ਹੈ ਕਿ ਸਮੁੰਦਰ ’ਚੋਂ ਮਿਲਣ ਮੋਤੀ
ਕਈ ਪ੍ਰਕਾਰ ਦੇ ਪਰ ਮਨ ’ਚ ਬੈਠੇ ਡਰ ਵੀ ਹੁੰਦੇ ਨੇ
ਮੇਰੇ ਨੈਣਾਂ ’ਚ ਉਸਨੇ ਵੇਖਿਆ ਤੇ ਆਖਿਆ ਮੈਨੂੰ
ਸਵਾਲਾਂ ਵਿੱਚ ਕਈ ਵਾਰੀ ਪਏ ਉੱਤਰ ਵੀ ਹੁੰਦੇ ਨੇ
ਲਿਖੇ ਜਾਂਦੇ ਨੇ ਜੋ ਆਕਾਸ਼ ’ਤੇ ਹੀ ਰਾਤ ਅੱਧੀ ਨੂੰ
ਹਿਜਰ ਦੀ ਪੀੜ ਦਾ ਅਨੁਵਾਦ ਉਹ ਅੱਖਰ ਵੀ ਹੁੰਦੇ ਨੇ
ਉਡਾਰੀ ਲਾ ਗਈ ਉਹ ਵੀ ਉਤਾਰੀ ਅਰਸ਼ ਤੋਂ ਜਿਹੜੀ
‘ਅਮਰ’ ਸੀ ਭੁੱਲ ਬੈਠਾ ਕਿ ਪਰੀ ਦੇ ਪਰ ਵੀ ਹੁੰਦੇ ਨੇ

## ਅੱਜ ਵੀ ਇੱਕ ਇੱਕ ਛੱਲ ਝਨਾਂ ਦੀ

ਇਰਸ਼ਾਦ ਸੰਧੂ

ਅੱਜ ਵੀ ਇੱਕ ਇੱਕ ਛੱਲ ਝਨਾਂ ਦੀ
ਦਸਦੀ ਪਈ ਏ ਗੱਲ ਝਨਾਂ ਦੀ
ਮੇਰਾ ਨਾਂ ਮਹੀਂਵਾਲ ਜੇ ਹੋਂਦਾ
ਲਾਹ ਦੇਂਦਾ ਮੈਂ ਖੱਲ ਝਨਾਂ ਦੀ
ਲੇਖਾ ਤੇਰੇ ਨਾਲ ਪਈ ਮਿਲਦੀ
ਪਿੱਛੋਂ ਕਿਧਰੇ ਅੱਲ ਝਨਾਂ ਦੀ
ਮੈਂ ਕੱਢਣੀ ਏ ਵਿੱਚੋਂ ਸੋਹਣੀ
ਮੈਨੂੰ ਮਿੱਟੀ ਘੱਲ ਝਨਾਂ ਦੀ
ਅੱਜ ਵੇਖੀ ਏ ਘੱਟੇ ਰੁਲਦੀ
ਆਕੜ ਸੀ ਜੋ ਕੱਲ੍ਹ ਝਨਾਂ ਦੀ

## ਬਿਨਾ ਟਿਕਟ ਸਫ਼ਰ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਚਾਅ ਅਨੋਖਾ ਹੁੰਦਾ, ਇੰਡੀਆ ਜਾਵਣ ਦਾ,
ਸਕੇ ਸਬੰਧੀਆਂ ਨੂੰ, ਮਿਲਣ ਲਈ ਧਾਵਣ ਦਾ।

ਚਾਈਂ ਚਾਈਂ ਤਿਆਰੀ, ਖਿੱਚ ਲਈ ਸੀ ਸਾਰੀ,
ਕੱਪੜੇ, ਲੱਤੇ, ਤੋਹਫਿਆਂ, ਦੀ ਪੰਡ ਸੀ ਭਾਰੀ।

29 ਫਰਵਰੀ ਸਮਾਂ ਸੀ, ਤੜਕੇ ਏਅਰਪੋਰਟ ਵਾਲ਼ਾ,
ਜਹਾਜ਼ੇ ਚੜ੍ਹਨ ਦਾ ਚਾਅ, ਪੈ ਰਿਹਾ ਸੀ ਕਾਹਲ਼ਾ।

ਭੀੜ ਸੀ ਕਾਫੀ ਵਾਧੂ, ਚੈੱਕ ਇਨ ਲਾਈਨਾਂ ’ਤੇ,
ਕਈ ਮਰਦ ਸਨ ਔਖੇ, ਬੀਬੀਆਂ ਮਾਈਆਂ ’ਤੇ।

ਭਾਰੇ ਸੂਟਕੇਸ ਸਨ ਔਖੇ, ਖਿੱਚਣੇ ਮਰਦਾਂ ਲਈ,
ਪਰ ਸਭ ਕੁੱਛ ਝੱਲਣਾ ਪੈਂਦਾ, ਗ੍ਰਿਸਤੀ ਗਰਜ਼ਾਂ ਲਈ।

ਲਾਈਨ ਵਿੱਚ ਮੈਂ ਵੀ ਖੜ੍ਹਾ ਸੀ, ਚੈੱਕ ਇਨ ਖਾਤਰ,
ਗਿਣਤੀ ਜਾਣੂੰ ਲੋਕਾਂ ਦੀ ਵੀ, ਲੱਗਦੀ ਸੀ ਵਾਫਰ।

ਹਰੇਕ ਦੇ ਹੱਥਾਂ ਵਿੱਚ ਟਿਕਟਾਂ, ਪਾਸਪੋਰਟ ਵੀਜ਼ੇ ਸਨ,
ਪਰ ਮੇਰੇ ਹੱਥ ਸਨ ਖਾਲੀ, ਅਤੇ ਖਾਲੀ ਖੀਸੇ ਸਨ।

ਹਫੜਾ ਦਫੜੀ ਵਿੱਚ ਮੈਨੂੰ, ਤ੍ਰੇਲੀ ਆ ਗਈ ਸੀ,
ਸੋਚ ਸੋਚ ਮੇਰੀ ਸੋਚ ਵੀ, ਗੁੰਮ ਸੁੰਮ ਰਹਿ ਗਈ ਸੀ।

ਸ਼ਰਮਿੰਦਗੀ ਦਾ ਸੀ ਆਲਮ, ਅਤੇ ਘਬਰਾਹਟ ਦਾ,
ਠਕ ਠਕਾ ਸੁਣ ਰਿਹਾ ਸੀ, ਦਿਲ ਦੀ ਆਹਟ ਦਾ।

ਇਸ ਤੋਂ ਪਹਿਲਾਂ ਕਿ ਮੇਰਾ, ਦਿਲ ਹੋ ਜਾਂਦਾ ਫਿਹਲ,
ਚੁੱਪ ਕਰਕੇ ਖਿਸਕਣ ਦਾ, ਰਚਿਆ ਮੈਂ ਫਿਰ ਖੇਲ੍ਹ।

ਲਾਹਣਤਾਂ ਆਪਣੇ ਆਪ ਨੂੰ, ਪਾਈਆਂ ਮੈਂ ਬੜੀਆਂ,
ਜੱਗੋਂ ਬਾਹਰੀਆਂ ਕਿਉਂ ਸੀ, ਮੇਰੀਆਂ ਇਹ ਘੜੀਆਂ ?

ਮਾਜਰਾ ਸਾਰਾ ਸੁਲਝਿਆ, ਅਖੀਰ ਉਦੋਂ ਸਾਰਾ,
ਜਦੋਂ ਇਹ ਟੁੱਟਿਆ ਸੁਪਨਾ, ਡਰਾਉਣਾ ਬੜਾ ਭਾਰਾ।

ਸ਼ੁਕਰ ਕੀਤਾ ਮੈਂ ਰੱਬ ਦਾ, ਲੱਖ ਕਰੋੜ ਵਾਰੀ,
ਜਦੋਂ ਇਹ ਸੱਚ ਤੋਂ ਝੂਠ, ਨਿਕਲ਼ੀ ਕਹਾਣੀ ਸਾਰੀ।

ਸਲਾਹ ਮੇਰੀ ਹੈ ਸਭ ਨੂੰ, ਸੱਜਣੋਂ ਮਿੱਤਰੋ ਜੀ,
ਬਿਨਾ ਪੂਰੀ ਤਿਆਰੀ, ਘਰੋਂ ਨਾ ਨਿੱਕਲ਼ੋ ਜੀ।

ਮੇਰੇ ਵਰਗੀ ਗ਼ਲਤੀ ਕਰਿਓ, ਨਾ ਕਿਸੇ ਕੀਮਤ,
ਭਾਵੇਂ ਹੋਵੇ ਇਹ ਸੁਪਨਾ, ਤੇ ਭਾਵੇਂ ਅਸਲੀਅਤ।

# ਪਿੰਡਾਂ ਵਿੱਚ ਵੀ ਮਿਲਣ ਆਧੁਨਿਕ ਖੇਡ ਸਹੂਲਤਾਂ

## ਪੇਂਡੂ ਖੇਤਰਾਂ ਦੇ ਖਿਡਾਰੀਆਂ ਨੂੰ ਅੱਗੇ ਲਿਆਉਣ ਲਈ ਯਤਨ ਕੀਤੇ ਜਾਣ



ਪੰਜਾਬ ਦੇ ਖਿਡਾਰੀ ਭਾਵੇਂ ਦੁਨੀਆਂ ਵਿੱਚ ਆਪਣੀ ਯੋਗਤਾ ਰਾਹੀਂ ਛਾਏ ਹੋਏ ਹਨ ਪਰ ਅਜੇ ਵੀ ਖੇਡ ਖੇਤਰ ਵਿੱਚ ਬਹੁਤ ਕੁਝ ਅਜਿਹਾ ਹੈ, ਜੋ ਕਿ ਕਾਫ਼ੀ ਸੁਧਾਰ ਮੰਗਦਾ ਹੈ। ਭਾਵੇਂਕਿ ਪੰਜਾਬ ਵਿਰੋਧੀ ਮੀਡੀਆ ਅਕਸਰ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇੜੀ ਦਸਦਾ ਰਹਿੰਦਾ ਹੈ ਪਰ ਅਸਲੀਅਤ ਇਹ ਵੀ ਹੈ ਕਿ ਪੰਜਾਬ ਨੇ ਦੇਸ਼ ਨੂੰ ਬਹੁਤ ਸਾਰੇ ਚੰਗੇ ਖਿਡਾਰੀ ਵੀ ਦਿੱਤੇ ਹਨ। ਇਸ ਸਮੇਂ ਵੀ ਪੰਜਾਬ ਦੇ ਵੱਖ- ਵੱਖ ਇਲਾਕਿਆਂ ਵਿੱਚ ਅਨੇਕਾਂ ਖਿਡਾਰੀ ਨਿੱਤ ਨਵੀਆਂ ਮੱਲਾਂ ਮਾਰ ਰਹੇ ਹਨ।



ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਅਨੇਕਾਂ ਉਭਰਦੇ ਖਿਡਾਰੀ ਹਨ ਪਰ ਉਹਨਾਂ ਨੂੰ ਆਧੁਨਿਕ ਖੇਡ ਸਹੂਲਤਾਂ ਨਹੀਂ ਮਿਲ ਰਹੀਆਂ, ਜਿਸ ਕਾਰਨ ਉਹ ਆਪਣੀ ਖੇਡ ਯੋਗਤਾ ਦਾ ਚੰਗੀ ਤਰ੍ਹਾਂ ਪ੍ਰਗਟਾਵਾ ਨਹੀਂ ਕਰ ਸਕਦੇ। ਮੌਜੂਦਾ ਪੰਜਾਬ ਸਰਕਾਰ ਭਾਂਵੇਂ ਇਹ ਦਾਅਵਾ ਕਰ ਰਹੀ ਹੈ ਕਿ ਉਸ ਨੇ ਪੰਜਾਬ ਦੇ ਹਰ ਇਲਾਕੇ ਵਿੱਚ ਖੇਡ ਸਹੂਲਤਾਂ ਮੁਹੱਈਆ ਕਰਵਾਈਆਂ ਹਨ ਪਰ ਅਸਲੀਅਤ ਇਹ ਵੀ ਹੈ ਕਿ ਵੱਡੀ ਗਿਣਤੀ ਪੇਂਡੂ ਖਿਡਾਰੀਆਂ ਤੇ ਖਿਡਾਰਨਾਂ ਤੱਕ ਇਹ ਖੇਡ ਸਹੂਲਤਾਂ ਪੂਰੀ ਤਰਾਂ ਨਹੀਂ ਪਹੁੰਚ ਰਹੀਆਂ। ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਭਾਵੇਂ ਪੰਜਾਬ ਵਿੱਚ ਵੱਖ ਵੱਖ ਸਮੇਂ ਸਰਕਾਰ ਬਦਲ ਜਾਂਦੀ ਹੈ ਪਰ ਲਾਲਫੀਤਾਸ਼ਾਹੀ ਤਾਂ ਉਹੀ ਰਹਿੰਦੀ ਹੈ। ਇਸੇ ਕਾਰਨ ਅਕਸਰ ਸਰਕਾਰ ਦੀਆਂ ਖੇਡ ਨੀਤੀਆਂ ਨੂੰ ਪੂਰੀ ਤਰਾਂ ਲਾਗੂ ਨਹੀਂ ਕੀਤਾ ਜਾ ਜਾਂਦਾ ਜਾਂ ਇਹਨਾਂ ਨੀਤੀਆਂ ਦਾ ਵਧੇਰੇ ਲਾਭ ਪਹੁੰਚ ਵਾਲੇ ਖਿਡਾਰੀ ਲੈ ਜਾਂਦੇ ਹਨ ਅਤੇ ਆਮ ਖਿਡਾਰੀ ਇਹਨਾਂ ਖੇਡ ਸਹੂਲਤਾਂ ਦਾ ਲਾਭ ਲੈਣ ਤੋਂ ਰਹਿ ਜਾਂਦੇ ਹਨ।



ਪੇਂਡੂ ਖੇਤਰਾਂ ਵਿੱਚ ਖਿਡਾਰੀਆਂ ਦੇ ਨਾਲ ਅਨੇਕਾਂ ਖਿਡਾਰਨਾਂ ਵੀ ਚੰਗੀਆਂ ਖੇਡ ਸਹੂਲਤਾਂ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਕਈ ਸਕੂਲਾਂ ਵਾਲਿਆਂ ਨੇ ਤਾਂ ਕ੍ਰਿਕਟ ਤੋਂ ਬਿਨਾ ਕਿਸੇ ਹੋਰ ਖੇਡ ਦੀ ਟੀਮ ਹੀ ਨਹੀਂ ਬਣਾਈ ਹੁੰਦੀ, ਜਿਸ ਕਰਕੇ ਹੋਰਨਾਂ ਖੇਡਾਂ ਦੇ ਖਿਡਾਰੀ ਆਪਣੀ ਯੋਗਤਾ ਦਿਖਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਕਈ ਟੀਮਾਂ ਵਿੱਚ ਖਿਡਾਰੀਆਂ ਦੀ ਚੋਣ ਸਹੀ ਤਰੀਕੇ ਨਾਲ ਨਹੀਂ ਕੀਤੀ ਜਾਂਦੀ। ਖੇਡਾਂ ਵਿੱਚ ਭਾਈਭਤੀਜਾਵਾਦ ਵੀ ਹੋਣ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ।

ਜਿਸ ਕਾਰਨ ਚੰਗੇ ਖਿਡਾਰੀ ਉਭਰ ਕੇ ਸਾਹਮਣੇ ਆਉਣ ਤੋਂ ਰਹਿ ਜਾਂਦੇ ਹਨ। ਇਸ ਤੋਂ ਇਲਾਵਾ ਅਨੇਕਾਂ ਖਿਡਾਰੀਆਂ ਨੂੰ ਯੋਗ ਅਗਵਾਈ ਨਾ ਮਿਲਣ ਕਾਰਨ ਵੀ ਉਹ ਪਿੱਛੇ ਰਹਿ ਜਾਂਦੇ ਹਨ।

ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਪੰਜਾਬ ਦੇ ਕਈ ਪਿੰਡਾਂ ਵਿੱਚ ਖਿਡਾਰੀਆਂ ਅਤੇ ਉਭਰਦੇ ਬਾਲ ਖਿਡਾਰੀਆਂ ਨੂੰ ਅਨੇਕਾਂ ਤਰ੍ਹਾਂ ਦੀਆਂ ਖੇਡ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਵੱਖ ਵੱਖ ਪਿੰਡਾਂ ਵਿੱਚ ਕਰਵਾਏ ਜਾਂਦੇ ਖੇਡ ਮੁਕਾਬਲੇ ਵੀ ਖਿਡਾਰੀਆਂ ਵਿੱਚ ਜੋਸ਼ ਭਰ ਦਿੰਦੇ ਹਨ। ਕਈ ਐਨ.ਆਰ.ਆਈ. ਪੰਜਾਬੀ ਵੀ ਆਪਣੇ ਪਿੰਡਾਂ ਵਿੱਚ ਖਿਡਾਰੀਆਂ ਨੂੰ ਸਹੂਲਤਾਂ ਮੁਹੱਈਆਂ ਕਰਵਾਉਂਦੇ ਹਨ, ਜੋ ਕਿ ਚੰਗੀ ਗੱਲ ਹੈ। ਖੇਡਾਂ ਵਿੱਚ ਸੁਧਾਰ ਲਈ ਚਾਹੀਦਾ ਤਾਂ ਇਹ ਹੈ ਕਿ ਸਭ ਤੋਂ ਪਹਿਲਾਂ ਪੰਜਾਬ ਵਿੱਚ ਖੇਡ ਸਿਸਟਮ ਨੂੰ ਸੁਧਾਰਿਆ ਜਾਵੇ। ਇਸ ਤੋਂ ਇਲਾਵਾ ਤਜਰਬੇਕਾਰ ਅਤੇ ਸਾਬਕਾ ਖਿਡਾਰੀਆਂ ਦੀਆਂ ਸੇਵਾਵਾਂ ਲੈ ਕੇ ਉਭਰਦੇ ਖਿਡਾਰੀਆਂ ਨੂੰ ਨਵੀਂ ਸੇਧ ਦਿੱਤੀ ਜਾਵੇ। ਇਸ ਤੋਂ ਇਲਾਵਾ ਹਰ ਇਲਾਕੇ ਦੇ ਹਰ ਖਿਡਾਰੀ ਤੱਕ ਸਰਕਾਰੀ ਖੇਡ ਸਹੂਲਤਾਂ ਪਹੁੰਚਾਈਆਂ ਜਾਣੀਆਂ ਚਾਹੀਦੀਆਂ ਹਨ। ਪੰਜਾਬ ਦੀ ਨਵੀਂ ਖੇਡ ਨੀਤੀ ਬਣਾਉਣਾ ਸ਼ਲਾਘਾਯੋਗ ਉਪਰਾਲਾ ਹੈ ਪਰ ਇਸ ਨੀਤੀ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਲੋੜ ਤਾਂ ਬਾਲ ਖਿਡਾਰੀਆਂ ਨੂੰ ਤਰਾਸ਼ ਕੇ ਉਹਨਾਂ ਨੂੰ ਚੰਗੇ ਖਿਡਾਰੀ ਬਣਾਉਣ ਦੀ ਹੈ। ਇਸ ਪਾਸੇ ਵੀ ਸਰਕਾਰ ਅਤੇ ਖੇਡ ਸੰਸਥਾਵਾਂ ਨੂੰ ਧਿਆਨ ਦੇਣ ਦੀ ਲੋੜ ਹੈ।





# ਪੈਰਿਸ ਉਲੰਪਿਕ ਵਿੱਚ ਭਾਰਤੀ ਹਾਕੀ ਟੀਮ ਜਿੱਤੇਗੀ ਗੋਲਡ ਮੈਡਲ : ਹਰਮਨਪ੍ਰੀਤ ਸਿੰਘ

ਫਰਾਂਸ ਦੇ ਸ਼ਹਿਰ ਪੈਰਿਸ ਵਿੱਚ ਇਸ ਸਾਲ 26 ਜੁਲਾਈ ਤੋਂ 11 ਅਗਸਤ ਤੱਕ ਉਲੰਪਿਕ ਖੇਡਾਂ ਹੋਣ ਵਾਲੀਆਂ ਹਨ, ਇਹਨਾਂ ਖੇਡਾਂ ਲਈ ਸਰਗਰਮੀਆਂ ਹੁਣੇ ਤੋਂ ਸ਼ੁਰੂ ਹੋ ਗਈਆਂ ਹਨ। ਇਹਨਾਂ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਦੇਸ਼ਾਂ ਦੇ ਖਿਡਾਰੀਆਂ ਵੱਲੋਂ ਇਸ ਸਮੇਂ ਪੂਰੀ ਤਿਆਰੀ ਕੀਤੀ ਜਾ ਰਹੀ ਹੈ ਤਾਂ ਕਿ ਉਹ ਪੈਰਿਸ ਉਲੰਪਿਕ ਖੇਡਾਂ ਵਿੱਚ ਜਿੱਤ ਦੇ ਝੰਡੇ ਝੁਲਾ ਸਕਣ।



ਜੇ ਹੁਣ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਪੈਰਿਸ ਉਲੰਪਿਕ ਵਿੱਚ ਹਿੱਸਾ ਲੈਣ ਲਈ ਭਾਰਤ ਦੇ ਵੱਖ ਵੱਖ ਖੇਡਾਂ ਖੇਡਣ ਵਾਲੇ ਖਿਡਾਰੀਆਂ ਵੱਲੋਂ ਵੀ ਪੂਰੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਵਿਸ਼ਵ ਦੀ ਚੌਥੇ ਨੰਬਰ ਦੀ ਭਾਰਤੀ ਹਾਕੀ ਟੀਮ 27 ਜੁਲਾਈ ਨੂੰ ਹੇਠਲੇ ਰੈਂਕਿੰਗ ਵਾਲੇ ਨਿਊਜ਼ੀਲੈਂਡ ਖ਼ਿਲਾਫ਼ ਆਪਣੀ ਮੁਹਿੰਮ ਦੀ ਸ਼ੁਰੂਆਤ ਕਰੇਗੀ, ਜਿਸ ਤੋਂ ਬਾਅਦ ਟੀਮ ਦਾ ਸਾਹਮਣਾ 29 ਜੁਲਾਈ ਨੂੰ ਅਰਜਨਟੀਨਾ, 30 ਜੁਲਾਈ ਨੂੰ ਆਇਰਲੈਂਡ ਅਤੇ ਫਿਰ 1 ਅਗਸਤ ਨੂੰ ਬੈਲਜੀਅਮ ਨਾਲ ਹੋਵੇਗਾ। ਟੀਮ 2 ਅਗਸਤ ਨੂੰ ਗਰੁੱਪ ਗੇੜ ਦੇ ਆਖ਼ਰੀ ਮੈਚ ਵਿੱਚ ਆਸਟਰੇਲੀਆ ਨਾਲ ਭਿੜੇਗੀ।

ਭਾਰਤੀ ਪੁਰਸ਼ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੇ ਕਿਹਾ ਕਿ ਭਾਰਤ ਦੀ ਹਾਕੀ ਟੀਮ (ਪੁਰਸ਼) ਪੈਰਿਸ ਉਲੰਪਿਕ ਖੇਡਾਂ ਵਿੱਚ ਗੋਲਡ ਮੈਡਲ ਜਿੱਤੇਗੀ। ਹਰਮਨਪ੍ਰੀਤ ਨੇ ਕਿਹਾ ਕਿ ਉਹਨਾਂ ਦਾ ਸੁਪਨਾ ਟੋਕੀਓ ਉਲੰਪਿਕ ਵਿੱਚ ਜਿੱਤੇ ਗਏ ਕਾਂਸੀ ਦੇ ਤਗਮੇ ਨੂੰ ਪੈਰਿਸ ਉਲੰਪਿਕ ਵਿੱਚ ਸੋਨੇ ਵਿੱਚ ਬਦਲਣ ਦਾ ਹੈ। ਰਿਕਾਰਡ ਅੱਠ ਵਾਰ ਸੋਨ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਨੇ 2021 ਵਿੱਚ ਟੋਕੀਓ ਵਿੱਚ ਜਰਮਨੀ ਨੂੰ 5-4 ਨਾਲ ਹਰਾ ਕੇ 41 ਸਾਲਾਂ ਦੇ ਉਲੰਪਿਕ ਤਗਮੇ ਦੇ ਸੋਕੇ ਨੂੰ ਖਤਮ ਕੀਤਾ ਸੀ।

ਭਾਰਤ ਦੀ ਹਾਕੀ ਟੀਮ ਨੇ ਆਖਰੀ ਵਾਰ 1980 ਦੀਆਂ ਮਾਸਕੋ ਖੇਡਾਂ ਵਿੱਚ ਉਲੰਪਿਕ ਸੋਨ ਤਗਮਾ ਜਿੱਤਿਆ ਸੀ। ਹਾਕੀ ਇੰਡੀਆ ਦੀ ਰਿਲੀਜ਼ ਵਿੱਚ ਪੈਰਿਸ ਉਲੰਪਿਕ ਲਈ ਭਾਰਤ ਦੇ ਡਰਾਅ ਬਾਰੇ ਟਿੱਪਣੀ ਕਰਦਿਆਂ, ਹਰਮਨਪ੍ਰੀਤ ਨੇ ਕਿਹਾ, 'ਟੋਕੀਓ ਵਿੱਚ ਕਾਂਸੀ ਦਾ ਤਗਮਾ ਜਿੱਤਣਾ ਇੱਕ ਯਾਦਗਾਰ ਪਲ ਸੀ ਅਤੇ ਅਸੀਂ ਪੈਰਿਸ ਉਲੰਪਿਕ ਵਿੱਚ ਵੀ ਇਸੇ ਗਤੀ ਨੂੰ ਲੈ ਕੇ ਜਾਣ ਲਈ ਦ੍ਰਿੜ੍ਹ ਹਾਂ। ਸਾਡਾ ਉਦੇਸ਼ ਤਗਮੇ ਦੇ ਰੰਗ ਨੂੰ ਸੁਧਾਰਨਾ ਅਤੇ ਇਸ ਨੂੰ ਸੋਨੇ ਦੇ ਤਗਮੇ ਵਿੱਚ ਬਦਲਣਾ ਹੈ।'

ਉਹਨਾਂ ਕਿਹਾ ਕਿ ਸ਼ੁਰੂਆਤ ਵਿੱਚ ਸਾਡਾ ਫੋਕਸ ਇੱਕ ਸਮੇਂ ਵਿੱਚ ਇੱਕ ਕਦਮ ਚੁੱਕਣ, ਗਰੁੱਪ ਪੜਾਅ ਤੋਂ ਅਗਲੇ ਗੇੜ ਵਿੱਚ ਅੱਗੇ ਵਧਣ ਅਤੇ ਕੁਆਰਟਰ ਫਾਈਨਲ ਵਿੱਚ ਜਗ੍ਹਾ ਯਕੀਨੀ ਬਣਾਉਣ 'ਤੇ ਹੋਵੇਗਾ। ਸਾਨੂੰ ਭਰੋਸਾ ਹੈ ਕਿ ਅਸੀਂ ਆਪਣੇ ਤਜਰਬੇ ਅਤੇ ਹੁਨਰ ਨਾਲ ਪੋਡੀਅਮ ਫਿਨਿਸ਼ ਲਈ ਮਜ਼ਬੂਤ ਦਾਅਵੇਦਾਰ ਹਾਂ। ਹਰਮਨਪ੍ਰੀਤ ਨੇ ਮੈਚਾਂ ਬਾਰੇ ਕਿਹਾ ਕਿ ਪੂਲ 'ਬੀ' ਵਿੱਚ ਮੁਕਾਬਲਾ ਕਰਨਾ ਚੁਣੌਤੀਪੂਰਨ ਹੋਵੇਗਾ ਕਿਉਂਕਿ ਹਰ ਟੀਮ ਵਿੱਚ ਕਿਸੇ ਵੀ ਦਿਨ ਜੇਤੂ ਬਣਨ ਦੀ ਸਮਰੱਥਾ ਹੁੰਦੀ ਹੈ, ਪਰ ਅਸੀਂ ਪੈਰਿਸ ਉਲੰਪਿਕ ਦੀ ਯਾਤਰਾ ਦੌਰਾਨ ਹਰ ਚੁਣੌਤੀ ਲਈ ਮਾਨਸਿਕ ਅਤੇ ਸਰੀਰਕ ਤੌਰ 'ਤੇ ਤਿਆਰ ਹਾਂ। ਉਸ ਨੇ ਕਿਹਾ ਕਿ ਸਾਡਾ ਧਿਆਨ ਸਿਰਫ਼ ਆਪਣੀ ਤਾਕਤ 'ਤੇ ਹੈ ਕਿਉਂਕਿ ਸਾਡਾ ਮੰਨਣਾ ਹੈ ਕਿ ਜੇਕਰ ਅਸੀਂ ਇਕੱਠੇ ਹੋ ਕੇ ਆਪਣੀ ਪੂਰੀ ਸਮਰੱਥਾ ਨਾਲ ਖੇਡਦੇ ਹਾਂ ਤਾਂ ਅਸੀਂ ਕਿਸੇ ਵੀ ਟੀਮ ਨੂੰ ਹਰਾ ਸਕਦੇ ਹਾਂ।

ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਤਿੰਮੋਵਾਲ ਦਾ ਰਹਿਣ ਵਾਲਾ ਹਰਮਨਪ੍ਰੀਤ ਸਿੰਘ ਟੋਕੀਓ ਉਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਗਮਾ ਜੇਤੂ ਭਾਰਤੀ ਟੀਮ ਦਾ ਮੈਂਬਰ ਸੀ ਜਦੋਂ ਉਸ ਨੇ ਭਾਰਤੀ ਟੀਮ ਵੱਲੋਂ ਸਭ ਤੋਂ ਵੱਧ ਛੇ ਗੋਲ ਕੀਤੇ ਸਨ। ਬਰਮਿੰਘਮ ਵਿਖੇ ਹੋਈਆਂ ਰਾਸ਼ਟਰ ਮੰਡਲ ਖੇਡਾਂ ਵਿੱਚ ਚਾਂਦੀ ਦਾ ਤਗਮਾ ਜੇਤੂ ਭਾਰਤੀ ਹਾਕੀ ਟੀਮ ਦੇ ਮੈਂਬਰ ਡਰੈਗ ਫਲਿੱਕਰ ਹਰਮਨਪ੍ਰੀਤ ਸਿੰਘ ਨੇ 9 ਗੋਲ ਕੀਤੇ। ਹਰਮਨਪ੍ਰੀਤ ਸਿੰਘ ਦੀ ਕਪਤਾਨੀ ਹੇਠ ਭਾਰਤੀ ਹਾਕੀ ਟੀਮ ਨੇ ਏਸ਼ੀਅਨ ਚੈਂਪੀਅਨਜ਼ ਟਰਾਫੀ ਵੀ ਜਿੱਤੀ।

ਸੀਨੀਅਰ ਟੀਮ ਵਿੱਚ ਖੇਡਦਿਆਂ ਹਰਮਨਪ੍ਰੀਤ ਸਿੰਘ ਨੇ ਚੈਂਪੀਅਨਜ਼ ਟਰਾਫੀ ਵਿੱਚ ਚਾਂਦੀ ਦਾ ਤਗਮਾ, ਹਾਕੀ ਵਿਸ਼ਵ ਲੀਗ ਵਿੱਚ ਕਾਂਸੀ ਦਾ ਤਗਮਾ, ਏਸ਼ੀਆ ਕੱਪ ਵਿੱਚ ਸੋਨੇ ਦਾ ਤਗਮਾ ਅਤੇ ਜਕਾਰਤਾ ਏਸ਼ਿਆਈ ਖੇਡਾਂ ਵਿੱਚ ਕਾਂਸੀ ਦਾ ਤਗਮਾ ਵੀ ਜਿੱਤਿਆ ਹੈ। ਜੂਨੀਅਰ ਭਾਰਤੀ ਹਾਕੀ ਟੀਮ ਵੱਲੋਂ ਖੇਡਦਿਆਂ ਹਰਮਨਪ੍ਰੀਤ ਸਿੰਘ ਜੂਨੀਅਰ ਵਿਸ਼ਵ ਕੱਪ ਤੇ ਜੂਨੀਅਰ ਏਸ਼ੀਆ ਕੱਪ ਦਾ ਵੀ ਜੇਤੂ ਖਿਡਾਰੀ ਹੈ। ਭਾਰਤ ਸਰਕਾਰ ਨੇ ਉਸ ਨੂੰ ਅਰਜੁਨਾ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਹੈ।

## ਕਿਵੇਂ ਟੁੱਟ ਗਈ ਸੀ

# ਸਲੀਮ-ਜਾਵੇਦ ਦੀ ਸਾਂਝੇਦਾਰੀ





ਸੱਤਰ ਦੇ ਦਹਾਕੇ ਵਿੱਚ ਜਾਵੇਦ ਅਖ਼ਤਰ ਅਤੇ ਸਲੀਮ ਖ਼ਾਨ ਦੀ ਜੋੜੀ ਬਹੁਤ ਮਸ਼ਹੂਰ ਹੋਈ ਸੀ। ਸਲੀਮ-ਜਾਵੇਦ ਨੇ ਮਿਲ ਕੇ ਕਈ ਬਲਾਕਬਸਟਰ ਫਿਲਮਾਂ ਦੀਆਂ ਕਹਾਣੀਆਂ ਲਿਖੀਆਂ ਅਤੇ ਅਮਿਤਾਭ ਬੱਚਨ ਦੀ 'ਐਂਗਰੀ ਯੰਗ ਮੈਨ' ਇਮੇਜ਼ ਨੂੰ ਵੀ ਜਨਮ ਦਿੱਤਾ। ਉਨ੍ਹਾਂ ਨੇ ਹੀ ਰਾਜੇਸ਼ ਖੰਨਾ ਦੇ ਕੈਰੀਅਰ ਨੂੰ ਬਦਲ ਦਿੱਤਾ ਸੀ। ਦੋਵਾਂ ਨੇ ਮਿਲ ਕੇ ਦੀਵਾਰ, ਜ਼ੰਜੀਰ, ਸ਼ੋਲੇ, ਡੌਨ ਅਤੇ ਯਾਦੋਂ ਕੀ ਬਾਰਾਤ ਵਰਗੀਆਂ ਬਲਾਕਬਸਟਰ ਕਹਾਣੀਆਂ ਦਿੱਤੀਆਂ। ਪਰ ਬਾਅਦ ਵਿੱਚ ਸਲੀਮ-ਜਾਵੇਦ ਦੀ ਇਹ ਸੁਪਰਹਿੱਟ ਜੋੜੀ ਟੁੱਟ ਗਈ। ਸਲੀਮ ਖ਼ਾਨ ਅਤੇ ਜਾਵੇਦ ਅਖ਼ਤਰ ਵੱਖ ਹੋ ਗਏ ਪਰ ਅਜਿਹਾ ਕੀ ਹੋਇਆ ਜਿਸ ਕਾਰਨ ਭਾਰਤੀ ਸਿਨੇਮਾ ਦੀ ਇਹ ਮਹਾਨ ਜੋੜੀ ਟੁੱਟ ਗਈ? ਜਾਵੇਦ ਅਖ਼ਤਰ ਨੇ ਤਾਜ਼ਾ ਇੰਟਰਵਿਊ 'ਚ ਇਸ ਬਾਰੇ ਗੱਲ ਕੀਤੀ।

ਜਾਵੇਦ ਅਖ਼ਤਰ ਨੇ ਦੱਸਿਆ ਕਿ ਸਲੀਮ ਖ਼ਾਨ ਨਾਲ ਉਨ੍ਹਾਂ ਦੀ ਸਾਂਝੇਦਾਰੀ ਕਿਉਂ ਟੁੱਟ ਗਈ ਅਤੇ ਕਿਵੇਂ ਸਮੇਂ ਦੇ ਨਾਲ ਉਨ੍ਹਾਂ ਦੀ ਸਾਂਝੇਦਾਰੀ ਕਮਜ਼ੋਰ ਹੋ ਗਈ ਅਤੇ ਫਿਰ ਸਾਂਝੇਦਾਰੀ ਦੀ ਮੌਤ ਹੋ ਗਈ। ਜਾਵੇਦ ਅਖ਼ਤਰ ਅਤੇ ਸਲੀਮ ਖ਼ਾਨ ਦੀ ਸਾਂਝੇਦਾਰੀ 12 ਸਾਲ ਬਾਅਦ 1982 ਵਿੱਚ ਟੁੱਟ ਗਈ।

ਬਰਖਾ ਦੱਤ ਨੂੰ ਦਿੱਤੇ ਇੰਟਰਵਿਊ 'ਚ ਜਾਵੇਦ ਅਖ਼ਤਰ ਨੇ ਸਲੀਮ ਖ਼ਾਨ ਨਾਲ ਬ੍ਰੇਕਅੱਪ ਦਾ ਕਾਰਨ ਦੱਸਦੇ ਹੋਏ ਕਿਹਾ, ਸੀਮਿੰਟ ਫੈਕਟਰੀ 'ਚ ਸਾਂਝੇਦਾਰੀ ਕਰਨਾ ਆਸਾਨ ਹੈ, ਕਿਉਂਕਿ ਤੁਸੀਂ ਜਾਣਦੇ ਹੋ ਕਿ ਸੀਮਿੰਟ ਬਣਾਉਣ ਦੀ ਕੀਮਤ ਕਿੰਨੀ ਹੈ ਮਾਰਕੀਟ ਵਿੱਚ ਅਤੇ ਜੇਕਰ ਤੁਸੀਂ ਇੱਕ ਸੱਭਿਅਕ ਵਿਅਕਤੀ ਹੋ, ਤਾਂ ਤੁਸੀਂ ਆਪਣੇ ਸਾਥੀ ਨਾਲ ਇੱਕ ਰਸਮੀ ਰਿਸ਼ਤਾ ਸਥਾਪਤ ਕ ਰ



ਸਕਦੇ ਹੋ, ਅਤੇ ਕਾਰੋਬਾਰ ਜਾਰੀ ਰਹੇਗਾ। ਪਰ ਇਸ ਦੇ ਉਲਟ, ਲਿਖਣ ਦਾ ਕਾਰੋਬਾਰ ਇੱਕ ਵੱਖਰੀ ਖੇਡ ਹੈ, ਤੁਹਾਡੇ ਕੋਲ ਕੋਈ ਵੀ ਪੈਮਾਨਾ ਜਾਂ ਤੋਲਣ ਵਾਲੀ ਮਸ਼ੀਨ ਨਹੀਂ ਹੈ ਜਿਸ 'ਤੇ ਤੁਸੀਂ ਕੋਈ ਸੀਨ ਲਗਾ ਸਕੋ ਅਤੇ ਉਸ ਦਾ ਭਾਰ ਤੈਅ ਕਰ ਸਕੋ। ਇਹ ਸਿਰਫ ਅਹਿਸਾਸ ਦੀ ਗੱਲ ਹੈ। ਇੱਕ ਦ੍ਰਿਸ਼ ਨੂੰ ਲੈਣ ਅਤੇ ਇਸ ਨੂੰ ਆਪਸ ਵਿੱਚ ਵਿਕਸਤ ਕਰਨ ਅਤੇ ਸਿੱਟੇ 'ਤੇ ਪਹੁੰਚਣ ਲਈ ਤੁਹਾਡੇ ਕੋਲ ਜ਼ਬਰਦਸਤ ਮਾਨਸਿਕ ਰਸਾਇਣ ਹੋਣਾ ਚਾਹੀਦਾ ਹੈ। ਜਿੰਨਾ ਚਿਰ ਤੁਹਾਡੇ ਕੋਲ ਇਹ ਹੈ, ਤੁਸੀਂ ਇਕੱਠੇ ਕੰਮ ਕਰ ਸਕਦੇ ਹੋ। ਜਿਸ ਪਲ ਤਾਲਮੇਲ ਟੁੱਟ ਜਾਂਦਾ ਹੈ ਜਾਂ ਕਮਜ਼ੋਰ ਹੋ ਜਾਂਦਾ ਹੈ, ਤੁਸੀਂ ਇਕੱਠੇ ਕੰਮ ਨਹੀਂ ਕਰ ਸਕਦੇ ਜਾਵੇਦ ਅਖ਼ਤਰ ਨੇ ਕਿਹਾ ਕਿ ਉਨ੍ਹਾਂ ਦੀ ਅਤੇ ਸਲੀਮ ਖ਼ਾਨ ਦੀ ਕਦੇ ਲੜਾਈ ਨਹੀਂ ਹੋਈ। ਪਰ ਜਦੋਂ ਉਹ ਸਫਲ ਹੋ ਗਏ ਅਤੇ ਹੋਰ ਲੋਕ ਉਹਨਾਂ ਦੋਵਾਂ ਦੇ ਵਿਚਾਲੇ ਆ ਗਏ ਤਾਂ ਉਨ੍ਹਾਂ ਅਤੇ ਸਲੀਮ ਖ਼ਾਨ ਵਿਚਕਾਰ ਦੂਰੀ ਵਧਦੀ ਗਈ। ਜਾਵੇਦ ਅਖ਼ਤਰ ਨੇ ਇਹ ਵੀ ਕਿਹਾ ਕਿ ਉਨ੍ਹਾਂ ਅਤੇ ਸਲੀਮ ਖ਼ਾਨ ਵਿਚਾਲੇ ਕਰਜ਼ੇ ਜਾਂ ਪੈਸੇ ਨੂੰ ਲੈ ਕੇ ਕਦੇ ਕੋਈ ਲੜਾਈ ਨਹੀਂ ਹੋਈ। ਉਸ ਨੇ ਕਿਹਾ, 'ਜਦੋਂ ਅਸੀਂ ਸ਼ੁਰੂਆਤ ਕੀਤੀ ਤਾਂ ਅਸੀਂ ਦੋਵੇਂ ਕੁਝ ਵੀ ਨਹੀਂ ਸੀ। ਅਸੀਂ ਦੋਵੇਂ ਹੀ ਇੱਕ ਦੂਜੇ ਲਈ ਸੀ. ਇਸ ਲਈ, ਅਸੀਂ ਬਹੁਤ ਸਾਰਾ ਸਮਾਂ ਇਕੱਠੇ ਬਿਤਾਉਂਦੇ ਸੀ। ਸਲੀਮ ਖ਼ਾਨ ਸਮੁੰਦਰ ਕੰਢੇ ਬੈਠ ਕੇ ਕਹਾਣੀਆਂ ਸੁਣਾਉਂਦਾ। ਸਲੀਮ ਖ਼ਾਨ ਮੇਰੇ ਕਮਰੇ ਵਿੱਚ ਆਉਂਦਾ ਸੀ। ਮੇਰੇ ਕੋਲ ਪੇਇੰਗ ਗੈਸਟ ਰੂਮ ਸੀ। ਮੈਂ ਉਸ ਦੇ ਘਰ ਜਾਂਦਾ ਸੀ, ਜੋ ਛੋਟਾ ਸੀ। ਪਰ ਜਿਵੇਂ-ਜਿਵੇਂ ਤੁਸੀਂ ਵੱਡੇ ਹੁੰਦੇ ਜਾਂਦੇ ਹੋ, ਵਧੇਰੇ ਸਫਲ ਹੁੰਦੇ ਜਾਂਦੇ ਹੋ, ਤੁਹਾਡੀ ਜ਼ਿੰਦਗੀ ਵਿੱਚ ਹੋਰ ਬਹੁਤ ਸਾਰੇ ਲੋਕ ਆਉਂਦੇ ਹਨ। ਫਿਰ ਉਹ ਸਾਰੀਆਂ ਇੱਛਾਵਾਂ ਅਤੇ ਰੁਚੀਆਂ ਜੋ ਲੰਬੇ ਸਮੇਂ ਤੋਂ ਸੁਸਤ ਅਤੇ ਸ਼ਾਂਤ ਸਨ, ... ਜਿਸ ਪਲ ਤੁਸੀਂ ਕੁਝ ਅਜਿਹਾ ਕਰਦੇ ਹੋ ਜੋ ਕਦੇ ਤੁਹਾਡੇ ਜੀਵਨ ਦਾ ਮੁੱਖ ਬਿੰਦੂ ਜਾਂ ਮੁੱਖ ਦਿਲਚਸਪੀ ਸੀ, ਤੁਸੀਂ ਇੱਕ ਸੰਤੁਸ਼ਟੀਜਨਕ ਅਵਸਥਾ ਵਿੱਚ ਪਹੁੰਚ ਜਾਂਦੇ ਹੋ ਅਤੇ ਫਿਰ ਹੋਰ ਸਾਰੀਆਂ ਇੱਛਾਵਾਂ ਸ਼ੁਰੂ ਹੋ ਜਾਂਦੀਆਂ ਹਨ।

ਜਾਵੇਦ ਅਖ਼ਤਰ ਨੇ ਅੱਗੇ ਕਿਹਾ, ਇਸ ਲਈ, ਤੁਸੀਂ ਵੱਖ-ਵੱਖ ਤਰ੍ਹਾਂ ਦੇ ਲੋਕਾਂ ਨੂੰ ਮਿਲਣਾ ਸ਼ੁਰੂ ਕਰ ਦਿੰਦੇ ਹੋ ਅਤੇ ਫਿਰ ਹੌਲੀ-ਹੌਲੀ ਤੁਸੀਂ ਕੁਝ ਵੱਖਰਾ ਹੋ ਜਾਂਦੇ ਹੋ, ਅਤੇ ਅਜਿਹਾ ਹੀ ਹੋਇਆ। ਅਸੀਂ ਲੜਾਈ ਨਹੀਂ ਕੀਤੀ, ਕ੍ਰੈਡਿਟ ਬਾਰੇ ਕੋਈ ਮੁੱਦਾ ਨਹੀਂ ਸੀ, ਪੈਸੇ ਦੇ ਸਬੰਧ ਵਿੱਚ ਕਦੇ ਕੋਈ ਮੁੱਦਾ ਨਹੀਂ ਸੀ, ਕੁਝ ਵੀ ਨਹੀਂ ਸੀ ਪਰ ਅਸੀਂ ਵੱਖ ਹੋ ਗਏ। ਅਹਿਸਾਸ ਹੋਇਆ ਕਿ ਰਿਸ਼ਤਾ ਹੁਣ ਮੌਜੂਦ ਨਹੀਂ ਹੈ। ਹੁਣ ਅਸੀਂ ਸ਼ਾਮ ਨੂੰ ਇਕੱਠੇ ਨਹੀਂ ਬੈਠਦੇ, ਸਾਡੇ ਆਪਣੇ ਦੋਸਤ ਹਨ. ਹੌਲੀ-ਹੌਲੀ ਅਜਿਹਾ ਹੁੰਦਾ ਗਿਆ ਅਤੇ ਤਾਲਮੇਲ ਕਮਜ਼ੋਰ ਹੁੰਦਾ ਗਿਆ ਅਤੇ ਇਸ ਦਾ ਅਸਰ ਸਾਡੇ ਕੰਮ 'ਤੇ ਵੀ ਪੈ ਰਿਹਾ ਸੀ।

ਇਸ ਦੇ ਨਾਲ ਹੀ ਸਲੀਮ ਖ਼ਾਨ ਨੇ ਇਕ ਹੋਰ ਇੰਟਰਵਿਊ 'ਚ ਇਸ ਬਾਰੇ 'ਚ ਦੱਸਿਆ ਸੀ ਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਜਾਵੇਦ ਅਖ਼ਤਰ ਉਨ੍ਹਾਂ ਨਾਲ ਰਿਸ਼ਤਾ ਤੋੜਨਾ ਚਾਹੁੰਦੇ ਹਨ। ਸਲੀਮ ਖ਼ਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਇੱਕ ਦਿਨ ਜਦੋਂ ਉਹ ਅਤੇ ਜਾਵੇਦ ਅਖ਼ਤਰ ਨਾਲ ਉਨ੍ਹਾਂ ਦੇ ਘਰ ਦੇ ਬਾਹਰ ਸਨ ਤਾਂ ਜਾਵੇਦ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ ਉਨ੍ਹਾਂ ਤੋਂ ਵੱਖ ਹੋਣਾ ਚਾਹੁੰਦੇ ਹਨ। ਉਹ ਕਾਫ਼ੀ ਸਮੇਂ ਤੋਂ ਇਸ ਬਾਰੇ ਸੋਚ ਰਿਹਾ ਸੀ। ਫਿਰ ਸਲੀਮ ਖ਼ਾਨ ਉੱਠਿਆ ਅਤੇ ਜਾਵੇਦ ਅਖ਼ਤਰ ਨਾਲ ਹੱਥ ਮਿਲਾਇਆ ਅਤੇ ਆਪਣੀ ਕਾਰ ਵੱਲ ਵਧਿਆ। ਸਲੀਮ ਖ਼ਾਨ ਨੇ ਦੱਸਿਆ ਸੀ ਕਿ ਜਾਵੇਦ ਅਖ਼ਤਰ ਵੀ ਉਨ੍ਹਾਂ ਦੇ ਨਾਲ ਆਉਣ ਲੱਗੇ ਪਰ ਉਸਨੇ ਉਸ ਨੂੰ ਰੋਕਿਆ ਅਤੇ ਕਿਹਾ ਕਿ ਉਹ ਆਪਣਾ ਧਿਆਨ ਰੱਖ ਸਕਦਾ ਹੈ।

## ਦੇਵ ਥਰੀਕਿਆਂ ਵਾਲੇ ਨੂੰ ਯਾਦ ਕਰਦਿਆਂ...

# ਪ੍ਰਸਿੱਧ ਹੋਣ ਤੋਂ ਬਾਅਦ ਵੀ ਸਾਦਗੀ ਭਰਿਆ ਜੀਵਨ ਜਿਉਣ ਵਾਲਾ ਸੀ ਦੇਵ ਥਰੀਕੇ ਵਾਲਾ

**ਕੁਲਦੀਪ ਸਿੰਘ**

ਚਮਕ-ਦਮਕ ਦੇ ਇਸ ਦੌਰ ਵਿੱਚ ਪ੍ਰਸਿੱਧੀ ਹਾਸਲ ਕਰ ਕੇ ਅਸਮਾਨ 'ਤੇ ਪਹੁੰਚੇ ਲੋਕਾਂ ਲਈ ਸਾਦਗੀ ਭਰਿਆ ਜੀਵਨ ਜਿਉਣਾ ਕੋਈ ਸੌਖਾ ਨਹੀਂ ਹੈ। ਅੱਜ ਦੇ ਜ਼ਿਆਦਾਤਰ ਗਾਇਕ ਤੇ ਗੀਤਕਾਰ ਲਗਜ਼ਰੀ ਜ਼ਿੰਦਗੀ ਜਿਊਣ ਦੇ ਚਾਹਵਾਨ ਹਨ ਪਰ ਇਹੋ ਜਿਹੇ ਵੀ ਬਹੁਤ ਹਨ ਜਿਨ੍ਹਾਂ ਆਪਣੀ ਜ਼ਿੰਦਗੀ ਵਿੱਚ ਬੈਲੈਂਸ ਬਣਾ ਕੇ ਰੱਖਿਆ ਹੋਇਆ ਹੈ। ਪੰਜਾਬੀ ਗਾਇਕੀ ਤੇ ਗੀਤਕਾਰੀ ਦੇ ਖੇਤਰ ਵਿੱਚ ਦੇਵ ਥਰੀਕਿਆਂ ਵਾਲਾ ਵੀ ਅਜਿਹੀ ਹੀ ਸ਼ਖ਼ਸੀਅਤ ਸੀ। ਪ੍ਰਸਿੱਧੀ ਖੱਟ ਕੇ ਵੀ ਉਹ ਆਪਣੇ ਪਿੰਡ, ਲੋਕ, ਧਰਤੀ ਅਤੇ ਵਿਰਸੇ ਨਾਲ ਜੁੜੇ ਰਹੇ। ਹਰਦੇਵ ਦਿਲਗੀਰ ਦਾ ਜਨਮ 19 ਸਤੰਬਰ 1939 ਨੂੰ ਪਿੰਡ ਥਰੀਕੇ ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ ਸੀ।

ਦੇਵ ਨੇ ਮੁੱਢਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਹੀ ਕੀਤੀ। ਉਨ੍ਹਾਂ ਨੂੰ 1960 ਵਿੱਚ ਅਧਿਆਪਕ ਦੀ ਨੌਕਰੀ ਮਿਲੀ। ਹਰਦੇਵ ਦਾ ਵਿਆਹ ਪ੍ਰੀਤਮ ਕੌਰ ਨਾਲ ਹੋਇਆ ਸੀ,



ਜਿਸ ਨੂੰ ਹਰਦੇਵ ਪਿਆਰ ਨਾਲ ਪੀਤੋ ਕਹਿ ਕੇ ਬੁਲਾਇਆ ਕਰਦੇ ਸਨ। ਉਨ੍ਹਾਂ ਪੀਤੋ 'ਤੇ ਇੱਕ ਗੀਤ ਵੀ ਲਿਖਿਆ ਸੀ।

'ਕਾਹਨੂੰ ਮਾਰਦੈ ਚੰਦਰਿਆ ਛਮਕਾਂ,
ਮੈਂ ਕੱਚ ਦੇ ਗਲਾਸ ਵਰਗੀ,
ਫੇਰ ਰੋਏਂਗਾ ਢਿੱਲੇ ਜੇ ਬੁੱਲ ਕਰਕੇ,
ਜਦੋਂ ਦੇਵ ਪੀਤੋ ਮਰਗੀ।'

ਇਸ ਗਾਣੇ ਵਿੱਚ ਨਰਿੰਦਰ ਬੀਬਾ ਨੇ ਦੇਵ ਦੀ ਸਹਿਮਤੀ ਨਾਲ ਪੀਤੋ ਦੀ ਜਗ੍ਹਾ ਆਪਣਾ ਨਾਂ ਜੋੜ ਲਿਆ ਸੀ। ਦੇਵ ਦੇ ਦੋ ਪੁੱਤਰ ਜਸਵੰਤ ਸਿੰਘ ਤੇ ਹਰਪ੍ਰੀਤ ਸਿੰਘ ਅਮਰੀਕਾ ਰਹਿੰਦੇ ਹਨ। ਜਸਵੰਤ ਕੌਰ, ਦੇਵ ਦੀ ਧੀ ਹੈ। ਉਨ੍ਹਾਂ ਨੂੰ ਇੱਕ ਪੁੱਤਰ ਤੇ ਨੂੰਹ ਦੀ ਮੌਤ ਨੇ ਦੁੱਖਾਂ ਵਿੱਚ ਧੱਕ ਦਿੱਤਾ ਸੀ। ਫਿਰ ਵੀ ਉਹ ਹਿੰਮਤ ਕਰ ਕੇ ਲੋਕਾਂ ਨੂੰ ਆਪਣੇ ਗੀਤ ਦਿੰਦੇ ਰਹੇ। ਕਹਿੰਦੇ ਹਨ ਕਿ ਚੰਗੇ ਲੋਕ-ਗੀਤ ਕਿਸੇ ਕੌਮ, ਸੱਭਿਆਚਾਰ, ਲੋਕਧਾਰਾ ਦੀ ਜਿੰਦਜਾਨ ਹੁੰਦੇ ਹਨ। ਪੀੜ੍ਹੀ-ਦਰ-ਪੀੜ੍ਹੀ ਚਲੇ ਆਉਂਦੇ ਇਨ੍ਹਾਂ ਗੀਤਾਂ ਅੰਦਰ ਅੰਤਾਂ ਦੀ ਸਰਲਤਾ, ਸੁਭਾਵਕਤਾ, ਮਧੁਰਤਾ, ਜ਼ੁਬਾਨੇ ਚੜ੍ਹਨ ਦੀ ਸਮਰੱਥਾ ਮੌਜੂਦ ਹੁੰਦੀ ਹੈ। ਇਸ ਕਰ ਕੇ ਇਨ੍ਹਾਂ ਵਿਚੋਂ ਕਿਸੇ ਨੂੰ ਫੁੱਲਾਂ ਦੀ ਸੁਗੰਧ ਆਉਂਦੀ ਹੈ, ਕਿਸੇ ਨੂੰ ਚੰਨ-ਚਾਨਣੀ ਰਾਤ ਵਾਲਾ ਸਰੂਰ ਮਿਲਦਾ ਹੈ ਤੇ ਕਿਸੇ ਨੂੰ ਤਾਰਿਆਂ ਦੀ ਸੰਘਣੀ ਛਾਂ ਵਾਲਾ ਆਨੰਦ ਆਉਂਦਾ ਹੈ। 'ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ', ਦੇਵ ਥਰੀਕਿਆਂ ਵਾਲੇ ਨੇ ਇਹ ਗੀਤ ਕੁਲਦੀਪ ਮਾਣਕ ਦੇ ਕਹਿਣ 'ਤੇ ਉਨ੍ਹਾਂ ਦੀ ਮਾਂ ਦੀ ਅੰਤਿਮ ਅਰਦਾਸ ਮੌਕੇ ਗਾਉਣ ਲਈ ਲਿਖਿਆ ਸੀ, ਜੋ ਕਿ ਇੰਨਾ ਮਕਬੂਲ ਹੋਇਆ ਕਿ ਇਹ ਲੋਕ ਗੀਤ ਹੋ ਨਿਬੜਿਆ। ਉਨ੍ਹਾਂ ਦੇ ਕਈ ਹੋਰ ਗੀਤ ਵੀ ਲਗਪਗ ਲੋਕ ਗੀਤਾਂ ਵਰਗੇ ਹੀ ਹੋ ਨਿੱਬੜੇ ਹਨ। ਇਸ ਦੇ ਨਾਲ ਹੀ ਉਸ ਦੀ ਸ਼ਖ਼ਸੀਅਤ ਵੀ ਲੋਕ ਗੀਤਾਂ ਵਰਗੀ ਹੋ ਗਈ। ਜਦੋਂ ਵੀ ਕਿਸੇ ਇੰਟਰਵਿਊ ਵਿੱਚ ਦੇਵ ਥਰੀਕਿਆਂ ਵਾਲਾ ਆਪਣੇ ਬਚਪਨ ਦੇ ਦਿਨਾਂ ਦੀ ਗ਼ਰੀਬੀ ਦੀ ਦਾਸਤਾਨ ਸੁਣਾਉਂਦਾ ਹੈ ਤਾਂ ਇਸ ਮਿਹਨਤੀ



ਇਨਸਾਨ ਦੀ ਮਿਹਨਤ ਦੂਜਿਆਂ ਲਈ ਉਦਾਹਰਣ ਬਣਦੀ ਨਜ਼ਰ ਆਉਂਦੀ ਹੈ। ਪੰਜਾਬੀ ਗੀਤਕਾਰੀ ਦੇ ਖੇਤਰ ਵਿੱਚ ਦੇਵ ਥਰੀਕਿਆਂ ਵਾਲਾ ਇੱਕ ਅਤਿਅੰਤ ਮਕਬੂਲ ਗੀਤਕਾਰ ਹੋਇਆ ਹੈ, ਜਿਸ ਦੇ ਗੀਤਾਂ ਦੀ ਪਹਿਲੀ ਕਿਤਾਬ 'ਮੈਂ ਜੱਟੀ ਪੰਜਾਬ ਦੀ' 1961 ਵਿੱਚ ਛਪੀ ਸੀ। ਉਦੋਂ ਤੋਂ ਲੈ ਕੇ ਉਨ੍ਹਾਂ ਦੇ ਅੰਤਿਮ ਪੜਾਅ ਤੱਕ ਉਨ੍ਹਾਂ ਦਾ ਗੀਤ ਸਿਰਜਣਾ ਦਾ ਸਫਰ ਜਾਰੀ ਰਿਹਾ।

### ਇੱਕ ਹਜ਼ਾਰ ਤੋਂ ਵੱਧ ਗੀਤ ਹੋਏ ਰਿਕਾਰਡ

ਹਰਦੇਵ ਨੇ ਤਕਰੀਬਨ 2000 ਗੀਤ ਲਿਖੇ, ਜਿਨ੍ਹਾਂ 'ਚੋਂ 1000 ਤੋਂ ਵੱਧ ਗੀਤ ਰਿਕਾਰਡ ਹੋ ਚੁੱਕੇ ਸੀ। ਇਨ੍ਹਾਂ ਗੀਤਾਂ ਨੂੰ ਪੰਜਾਬ ਦੇ ਬਹੁਤ ਸਾਰੇ ਨਾਮਵਰ ਗਾਇਕਾਂ ਨੇ ਗਾਇਆ, ਜਿਨ੍ਹਾਂ ਵਿੱਚ ਕੁਲਦੀਪ ਮਾਣਕ, ਸੁਰਿੰਦਰ ਛਿੰਦਾ, ਸਵਰਨ ਲਤਾ, ਸੁਰਿੰਦਰ ਕੌਰ, ਜਗਮੋਹਨ ਕੌਰ, ਸ਼ਾਂਤੀ, ਪ੍ਰਕਾਸ਼ ਕੌਰ, ਨਰਿੰਦਰ ਬੀਬਾ, ਚਾਂਦੀ ਰਾਮ, ਕਰਨੈਲ ਗਿੱਲ, ਆਸਾ ਸਿੰਘ ਮਸਤਾਨਾ, ਮਲਕੀਤ ਸਿੰਘ, ਜੈਜ਼ੀ ਬੈਂਸ, ਕਰਮਜੀਤ ਆਦਿ ਪ੍ਰਮੁੱਖ ਰਹੇ। ਹਰਦੇਵ ਨੇ ਕਿੱਸੇ ਵੀ ਲਿਖੇ, ਜੋ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਤੇ ਸੁਰਿੰਦਰ ਛਿੰਦੇ ਦੀ ਆਵਾਜ਼ ਵਿੱਚ ਰਿਕਾਰਡ ਹੋਏ ਜਿਵੇਂ 'ਸ਼ਹੀਦ ਭਗਤ ਸਿੰਘ', 'ਜਿਊਣਾ ਮੌੜ', 'ਮਿਰਜਾ ਖਰਲਾਂ ਦਾ', 'ਜੱਗਾ ਡਾਕੂ' ਤੇ 'ਮੱਸਾ ਰੰਗੜ' ਆਦਿ। ਦੇਵ ਨੇ ਅਨੇਕ ਫਿਲਮਾਂ ਲਈ ਗੀਤ ਲਿਖੇ ਜਿਵੇਂ 'ਜੱਗਾ ਜੱਟ', 'ਬਲਬੀਰੋ ਭਾਬੀ', 'ਮਾਵਾਂ ਠੰਡੀਆਂ ਛਾਵਾਂ', 'ਸੋਹਣੀ ਮਹੀਵਾਲ', 'ਨਿੰਮੋ', 'ਲੰਬੜਦਾਰਨੀ', 'ਜੋਰ ਜੱਟ ਦਾ' ਆਦਿ। ਉਸ ਦੀ ਗੀਤਕਾਰੀ ਦੇ ਖੇਤਰ ਵਿੱਚ ਏਨੀ ਜ਼ਿਆਦਾ ਪ੍ਰਸਿੱਧੀ ਹੋ ਗਈ ਸੀ ਕਿ ਉਸ ਦਾ ਕਹਾਣੀਆਂ ਲਿਖਣ ਵਾਲਾ ਖੇਤਰ ਬਹੁਤਾ ਧਿਆਨ ਵਿੱਚ ਨਹੀਂ ਆਇਆ।

# ਮੱਠੀ ਨਾ ਪੈਣ ਦਿਓ ਜ਼ਿੰਦਗੀ ਦੀ ਰ਼ਫ਼ਤਾਰ

ਗੁਰਬਿੰਦਰ ਸਿੰਘ ਮਾਣਕ

## ਕੁਦਰਤ ਦਾ ਅਟੱਲ ਨੇਮ ਹੈ ਤਬਦੀਲੀ

ਕਿਸੇ ਵੀ ਵਿਅਕਤੀ ਦਾ ਜੀਵਨ ਕਦੇ ਇਕਸਾਰ ਨਹੀਂ ਰਹਿੰਦਾ। ਜੀਵਨ ਦੇ ਹੋਰ ਰੰਗਾਂ ਵਾਂਗ ਇਸ ਦੇ ਰੰਗ ਵੀ ਬਦਲਦੇ ਰਹਿੰਦੇ ਹਨ। ਉਂਝ ਵੀ ਤਬਦੀਲੀ ਕੁਦਰਤ ਦਾ ਅਟੱਲ ਨੇਮ ਹੈ ਤੇ ਸਮੇਂ ਅਨੁਸਾਰ ਮਨੁੱਖ ਦਾ ਆਲਾ-ਦੁਆਲਾ ਤੇ ਜੀਵਨ ਦੇ ਰੰਗ-ਢੰਗ ਬਦਲਦੇ ਰਹਿੰਦੇ ਹਨ। ਜਿਵੇਂ ਇੱਕੋ ਜਿਹਾ ਮੌਸਮ ਵੀ ਕਿਸੇ ਨੂੰ ਨਹੀਂ ਭਾਉਂਦਾ ਤੇ ਮਨੁੱਖੀ ਮਨ ਛੇਤੀ ਹੀ ਉਕਤਾ ਜਾਂਦਾ ਹੈ। ਕੁਦਰਤ ਨੇ ਸਾਡੇ ਦੇਸ਼ ਨੂੰ ਵੱਖਰੇ ਵੱਖਰੇ ਤੇ ਦਿਲ-ਲੁਭਾਉਣੇ ਮੌਸਮਾਂ ਦੀਆਂ ਸੌਗਾਤਾਂ ਨਾਲ ਨਿਵਾਜਿਆ ਹੋਇਆ ਹੈ। ਕਦੇ ਧੁੱਪਾਂ, ਕਦੇ ਛਾਵਾਂ, ਕਦੇ ਘਨਘੋਰ ਬੱਦਲੀਆਂ, ਕਦੇ ਗਰਮੀ, ਕਦੇ ਠੰਢ ਦੀ ਜਕੜ, ਕਦੇ ਵਰਖਾ ਦੀਆਂ ਸੌਗਾਤਾਂ, ਕਦੇ ਠੰਢੀਆਂ, ਕਦੇ ਗਰਮ ਹਵਾਵਾਂ, ਗੱਲ ਕੀ ਜਿਵੇਂ ਮੌਸਮਾਂ ਦੇ ਅਨੇਕਾਂ ਰੰਗ ਹਨ, ਬਿਲਕੁਲ ਇਸੇ ਤਰ੍ਹਾਂ ਹੀ ਜੀਵਨ ਵੀ ਇੱਕੋ ਜਿਹਾ ਨਹੀਂ ਰਹਿੰਦਾ। ਉਂਜ ਵੀ ਮਨੁੱਖੀ ਮਨ ਦੀ ਇਹ ਫਿਤਰਤ ਹੈ ਕਿ ਇਹ ਰੋਜ਼ ਦਾਲ ਖਾਂਦਾ ਵੀ ਅੱਕ ਜਾਂਦਾ ਹੈ। ਇਸ ਲਈ ਮੂੰਹ ਦਾ ਸੁਆਦ ਬਦਲਣ ਲਈ ਮਨੁੱਖ ਤਰ੍ਹਾਂ ਤਰ੍ਹਾਂ ਦੇ ਭੋਜਨ ਖਾਂਦਾ ਹੈ।

ਜੀਵਨ ਵੀ ਬਿਲਕੁਲ ਇਸੇ ਤਰ੍ਹਾਂ ਦਾ ਹੈ। ਮਨੁੱਖ ਹਮੇਸ਼ਾਂ ਚੰਗੇ ਲਈ ਕੋਸ਼ਿਸ਼ਾਂ ਕਰਦਿਆਂ ਇਹ ਤਾਂਘ ਰੱਖਦਾ ਹੈ ਕਿ ਪਹਿਲਾਂ ਨਾਲੋਂ ਜੀਵਨ ਹਾਲਤਾਂ ਵਿੱਚ ਤਬਦੀਲੀ ਆਵੇ। ਭਲੇ ਸਮੇਂ ਦੀ ਆਸ ਵਿੱਚ ਮਨੁੱਖ ਕਈ ਪਾਪੜ ਵੇਲਦਾ ਹੈ ਪਰ ਜੀਵਨ ਦਾ ਯਥਾਰਥ ਅਜਿਹਾ ਹੈ ਕਿ ਮਨੁੱਖ ਆਸ ਕਿਸੇ ਹੋਰ ਚੀਜ਼ ਦੀ ਲਾਈ ਬੈਠਾ ਹੁੰਦਾ ਹੈ ਪਰ ਵਾਪਰ ਕੁਝ ਹੋਰ ਹੀ ਜਾਂਦਾ ਹੈ। ਅਕਸਰ ਜੀਵਨ ਜਿਊਂਦਿਆਂ ਮਨੁੱਖ ਨੂੰ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਲੋਕ ਆਪਣੀ ਸੂਝ-ਸਮਝ ਨਾਲ ਇਨ੍ਹਾਂ ਪਰੇਸ਼ਾਨੀਆਂ, ਚੁਣੌਤੀਆਂ ਵਿੱਚੋਂ ਨਿਕਲ ਜਾਂਦੇ ਹਨ। ਕੁਝ ਲੋਕ ਅਜਿਹੀ ਸਥਿਤੀ ਵਿੱਚ ਮਾਨਸਿਕ ਰੂਪ ਵਿੱਚ ਏਨੇ ਤਣਾਅਗ੍ਰਸਤ ਹੋ ਜਾਂਦੇ ਹਨ ਕਿ ਕਿਸੇ ਚੁਣੌਤੀ ਵਿੱਚੋਂ ਨਿਕਲਣ ਦਾ ਕੋਈ ਹੀਲਾ ਕਰਨ ਦੀ ਥਾਂ ਹੋਰ ਮੁਸੀਬਤਾਂ ਸਹੇੜ ਲੈਂਦੇ ਹਨ।

ਆਲੇ-ਦੁਆਲੇ ਦੇਖਦੇ ਹਾਂ ਕਿ ਜੀਵਨ ਵਿੱਚ ਵਿਚਰਦਿਆਂ ਕਈ ਵਾਰ ਘਰ ਦੇ ਕਿਸੇ ਜੀਅ ਨੂੰ ਬਿਮਾਰੀ ਆ ਘੇਰਦੀ ਹੈ। ਇਹੋ ਜਿਹੇ ਵੇਲੇ ਘਬਰਾਹਟ ਹੋਣੀ ਸੁਭਾਵਿਕ ਗੱਲ ਹੈ ਪਰ ਜੇ ਸੋਚ-ਵਿਚਾਰ ਕੇ ਦੇਖੀਏ ਕਿ ਅਨੇਕਾਂ ਲੋਕ ਕਿਸੇ ਨਾਂ ਕਿਸੇ ਬਿਮਾਰੀ ਤੋਂ ਪੀੜਤ ਹਨ ਤੇ ਸਾਡੇ ਨਾਲ ਕਿਹੜਾ ਕੋਈ ਅਲੋਕਾਰੀ ਵਾਪਰੀ ਹੈ। ਕਈ ਵਾਰ ਤਾਂ ਦਿਲ ਦਾ ਦੌਰਾ ਜਾਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਬਾਰੇ ਸੁਣ ਕੇ ਹੀ ਪਰਿਵਾਰ ਵਿੱਚ ਪਰੇਸ਼ਾਨੀ ਦਾ ਮਾਹੌਲ ਪਸਰ ਜਾਂਦਾ ਹੈ। ਇਹੋ ਜਿਹੇ ਸੰਕਟ ਸਮੇਂ ਡੂੰਘੀ ਸੋਚ ਵਿਚਾਰ, ਠਰੰਮੇ ਦੀ ਲੋੜ ਹੁੰਦੀ ਹੈ। ਕਿਸੇ ਭੈਣ-ਭਰਾ, ਦੋਸਤ-ਮਿੱਤਰ, ਰਿਸ਼ਤੇਦਾਰ ਦੀ ਸਲਾਹ ਲੈ ਕੇ ਫੌਰੀ ਇਹ ਹੀ ਯਤਨ ਹੋਣਾ ਚਾਹੀਦਾ ਹੈ ਕਿ ਕਿਸੇ ਸਿਆਣੇ ਡਾਕਟਰ ਤੋਂ ਇਲਾਜ ਦੀ ਪ੍ਰਕਿਰਿਆ ਆਰੰਭ ਕੀਤੀ ਜਾਵੇ। ਬਿਨਾਂ ਸ਼ੱਕ ਇਲਾਜ ’ਤੇ ਬਹੁਤ ਪੈਸਾ ਖ਼ਰਚ ਹੁੰਦਾ ਹੈ ਪਰ ਜ਼ਿੰਦਗੀ ਨਾਲੋਂ ਕੁਝ ਵੀ ਕੀਮਤੀ ਨਹੀਂ ਹੈ। ਇਹੋ ਜਿਹੀ ਸਥਿਤੀ ਵਿੱਚ ਅਕਸਰ ਲੋਕ ਨੀਮ-ਹਕੀਮ, ਬਾਬਿਆਂ ਤੇ ਤਾਂਤਰਿਕਾਂ ਦੇ ਚੱਕਰ ਵਿੱਚ ਪੈ ਕੇ ਮਰੀਜ਼ ਦੀ ਬਿਮਾਰੀ ਨੂੰ ਹੋਰ ਗੰਭੀਰ ਬਣਾ ਲੈਂਦੇ ਹਨ। ਜਿਸ ਦਾ ਕੋਈ ਬਹੁਤਾ ਲਾਭ ਨਹੀਂ ਹੁੰਦਾ। ਗੱਲ ਤਾਂ ਇਹ ਹੈ ਕਿ ਅਜਿਹੀ ਚੁਣੌਤੀ ਨੂੰ ਸੂਝ ਸਮਝ ਨਾਲ ਨਜਿੱਠਣ ਦੇ ਰਾਹ ਤੁਰਨ ਦੀ। ਜੇ ਹਾਲ-ਪਾਹਰਿਆ, ਮਰ ਗਏ ਲੁੱਟੇ ਗਏ ਕਰੀ ਜਾਵਾਂਗੇ ਤਾਂ ਕਿਹੜਾ ਮਸਲਾ ਹੱਲ ਹੋ ਜਾਣਾ ਹੈ। ਕਈ ਵਾਰ ਤਾਂ ਇਹ ਸਥਿਤੀ ਬਹੁਤ ਹਾਸੋ-ਹੀਣੀ ਬਣ ਜਾਂਦੀ ਹੈ। ਕੋਈ ਤੁਹਾਡੇ ਦਰਦ ਦਾ ਹਿੱਸੇਦਾਰ ਨਹੀਂ ਬਣਦਾ। ਜੇ ਆਸ਼ਾਵਾਦੀ ਨਜ਼ਰੀਏ ਨਾਲ ਕੁਦਰਤ ’ਤੇ ਭਰੋਸਾ ਕਰਕੇ ਸਹੀ ਰਾਹ ਤੁਰ ਪਈਏ ਤਾਂ ਸਫਲਤਾ ਜ਼ਰੂਰ ਮਿਲਦੀ ਹੈ।

ਸਿਆਣੇ ਕਿਹਾ ਕਰਦੇ ਸਨ ਕਿ ‘ਰੱਬ! ਕਿਸੇ ਦੁਸ਼ਮਣ ਨੂੰ ਵੀ ਕਚਹਿਰੀਆਂ ਤੇ ਡਾਕਟਰਾਂ ਦੇ ਵੱਸ ਨਾ ਪਾਵੇ।’ ਪਰ ਕਈ ਵਾਰ ਮਨੁੱਖ ਨੂੰ ਅਜਿਹੀਆਂ ਗੱਲਾਂ ਦਾ ਚਿੱਤ-ਚੇਤਾ ਵੀ ਨਹੀਂ ਹੁੰਦਾ ਕਿ ਅਚਾਨਕ ਕਿਸੇ ਨਾਲ ਬੋਲ-ਬੁਲਾਰਾ ਹੋ ਜਾਂਦਾ ਹੈ। ਗੱਲ ਵਧਦੀ ਹੋਈ ਮਾਰ-ਕੁਟਾਈ ਤੱਕ ਜਾ ਪਹੁੰਚਦੀ ਹੈ। ਤੁਹਾਡਾ ਬੇਟਾ ਹੀ ਕਿਤੇ ਮੁੰਡਿਆਂ ਨਾਲ ਲੜਾਈ ਕਰ ਬਹਿੰਦਾ ਹੈ। ਅਜਿਹੇ ਸਮੇਂ ਵੀ ਬੰਦਾ ਸਥਿਤੀ ਦੀ ਗੰਭੀਰਤਾ ਕਾਰਨ ਸੁੰਨ ਹੋ ਜਾਂਦਾ ਹੈ। ਬੱਚੇ ਦੇ ਭਵਿੱਖ ਦਾ ਸੁਆਲ ਹੁੰਦਾ ਹੈ। ਪੁਲੀਸ ਨੇ ਤਾਂ ਆਪਣੇ ਤਰੀਕੇ ਨਾਲ ਹੀ ‘ਕਾਰਵਾਈ’ ਕਰਨੀ ਹੁੰਦੀ ਹੈ। ਦੋਵਾਂ ਧਿਰਾਂ ਨੂੰ ਡਰਾਈ-ਧਮਕਾਈ ਵੀ ਜਾਣਾ ਤੇ ‘ਰਾਜ਼ੀਨਾਵੇਂ’ ਲਈ ਵਿਚੋਲੀਏ ਵੀ ਛੱਡ ਦੇਣੇ। ਸਿਆਣਪ ਤਾਂ ਇਸ ਵਿੱਚ ਹੀ ਹੁੰਦੀ ਹੈ ਕਿ ਉਤੇਜਿਤ ਹੋ ਕੇ ਜਲਦਬਾਜ਼ੀ ਵਿੱਚ ਕੋਈ ਕਦਮ ਨਾ ਚੁੱਕਿਆ ਜਾਵੇ। ਜੇਕਰ ਪਿੰਡ ਦੇ ਚਾਰ ਸਿਆਣਿਆਂ ਵਿੱਚ ਹੀ ਦੋਵੇਂ ਧਿਰਾਂ ਦੂਰ ਦੀ ਸੋਚ ਕੇ ਮਸਲਾ ਹੱਲ ਕਰ ਲੈਣ ਤਾਂ ਇਸ ਨਾਲ ਅਗਲੀ ਖੱਜਲ-ਖੁਆਰੀ, ਮਾਨਸਿਕ ਪਰੇਸ਼ਾਨੀ ਤੇ ਪੈਸੇ ਦੀ ਲੁੱਟ ਤੋਂ ਬਚਿਆ ਜਾ ਸਕਦਾ ਹੈ। ਪਿੰਡ ਦੇ ਭਾਈਚਾਰੇ ਵਿੱਚ ਜੇ ਨੀਵੇਂ ਹੋ ਕੇ ਵੀ ਮਸਲਾ ਸੁਲਝਾਅ ਲਿਆ ਜਾਵੇ ਤਾਂ ਕਿਸੇ ਦਾ ਕੁਝ ਘਟ ਨਹੀਂ ਚੱਲਿਆ। ਕਈ ਵਾਰ ਹੈਂਕੜ ਤੇ ਹਉਮੈ ਕਾਰਨ ਹੀ ਅਸੀਂ ਪਰੇਸ਼ਾਨੀਆਂ ਝੱਲਦੇ ਹਾਂ। ਜਦੋਂ ਕੋਈ ਬੱਚਾ ਨਸ਼ਿਆਂ ਦੇ ਰਾਹ ਤੁਰ ਪਏ ਤਾਂ ਮਾਪਿਆਂ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਜਾਂਦੀ ਹੈ ਕਿ ਇਹ ਕੀ ਬਣ ਗਿਆ। ਕਿਸੇ ਪਰਿਵਾਰ ਲਈ ਇਸ ਤੋਂ ਵੱਡਾ ਕੋਈ ਸੰਕਟ ਨਹੀਂ ਹੋ ਸਕਦਾ। ਅਸਲ ਵਿੱਚ ਸਮਾਜ ਵਿੱਚ ਜੋ ਵਾਪਰਦਾ ਹੈ, ਉਸ ਦਾ ਪ੍ਰਭਾਵ ਤਾਂ ਪੈਣਾ ਹੀ ਹੈ। ਬਹੁਤੇ ਮਾਪੇ ਅਵੇਸਲੇ ਹੋ ਜਾਂਦੇ ਹਨ। ਆਪਣੇ ਪੁੱਤਰ ਧੀ ਨੂੰ ਸਮਝਾਉਣ ਦੇ ਨਾਲ ਨਾਲ ਉਨ੍ਹਾਂ ਦੀਆਂ ਗਤੀਵਿਧੀਆਂ ’ਤੇ ਨਜ਼ਰ ਰੱਖਣੀ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਦੇ ਕੀ ਸ਼ੌਕ ਹਨ, ਉਨ੍ਹਾਂ ਦੇ ਦੋਸਤ ਮਿੱਤਰ ਕਿਹੋ ਜਿਹੇ ਹਨ। ਕੀ ਉਹ ਸਕੂਲ/ਕਾਲਜ ਤੋਂ ਆ ਕੇ ਘਰ ਦੇ ਜੀਆਂ ਨਾਲ ਉੱਠਦੇ ਬੈਠਦੇ, ਗੱਲਾਂ-ਬਾਤਾਂ ਕਰਦੇ ਹਨ। ਕੀ ਉਨ੍ਹਾਂ ਦੇ ਸੁਭਾਅ ਵਿੱਚ ਤੁਹਾਨੂੰ ਕੋਈ ਤਬਦੀਲੀ ਆਈ ਤਾਂ ਨਹੀਂ ਜਾਪਦੀ। ਜੇ ਉਹ ਕਿਸੇ ਬੁਰੀ ਸੰਗਤ ਦਾ ਸ਼ਿਕਾਰ ਹੋ ਕੇ ਔਝੜੇ ਪੈ ਹੀ ਗਿਆ ਹੈ ਤਾਂ ਝਿੜਕਣ ਤੇ ਬੁਰਾ-ਭਲਾ ਕਹਿਣ ਦੀ ਥਾਂ ਬਹੁਤ ਪਿਆਰ, ਸਹਿਜਤਾ ਤੇ ਵਿਸ਼ਵਾਸ ਨਾਲ ਉਸ ਨੂੰ ਇਸ ਰਾਹ ਤੋਂ ਮੋੜਨ ਦੇ ਯਤਨ ਕਰਨ ਦੀ ਲੋੜ ਹੁੰਦੀ ਹੈ। ਇਹੋ ਜਿਹੇ ਮਾਮਲਿਆਂ ਨੂੰ ਧੀਰਜ ਤੇ ਠਰੰਮੇ ਨਾਲ ਮਨੋਵਿਗਿਆਨਕ ਪੱਧਰ ’ਤੇ ਸੁਲਝਾਉਣ ਨਾਲ ਹੀ ਕੋਈ ਸਫਲਤਾ ਮਿਲਣ ਦੀ ਆਸ ਹੁੰਦੀ ਹੈ। ਕਿਸੇ ਸਿਆਣੇ ਡਾਕਟਰ ਦੀ ਰਾਏ ਵੀ ਚੰਗਾ ਪ੍ਰਭਾਵ ਪਾਉਂਦੀਹੈ। ਬੱਚੇ ਨੂੰ ਇਹ ਅਹਿਸਾਸ ਕਰਾਉਣ ਦੀ ਲੋੜ ਹੁੰਦੀ ਹੈ ਕਿ ਨਸ਼ਿਆਂ ਨੇ ਕਈ ਘਰ ਬਰਬਾਦ ਕਰ ਦਿੱਤੇ ਹਨ ਤੇ ਤੇਰੀ ਜ਼ਿੰਦਗੀ ਵੀ ਪਰਿਵਾਰ ਲਈ ਬਹੁਤ ਕੀਮਤੀ ਹੈ। ਇਹੋ ਜਿਹੇ ਬਿਮਾਰ ਵਿਅਕਤੀ ਨਾਲ ਲੜਾਈ ਝਗੜੇ, ਮਾਰ-ਕੁਟਾਈ ਜਾਂ ਘਰੋਂ ਬਾਹਰ ਕੱਢ ਦੇਣ ਨਾਲ ਮਸਲਾ ਹੋਰ ਉਲਝ ਜਾਂਦਾ ਹੈ। ਨੀਮ-ਹਕੀਮਾਂ ਤੇ ਅਣਸਿੱਖਿਅਤ ਨਸ਼ਾ-ਛਡਾਊ ਕੇਂਦਰਾਂ ਤੋਂ ਬਚਣ ਦੀ ਲੋੜ ਹੈ। ਮਾਪਿਆਂ ਨੂੰ ਇਹ ਵੀ ਚਿੰਤਾ ਹੁੰਦੀ ਹੈ ਕਿ ਬੱਚੇ ਦੀ ਇਸ ਹਰਕਤ ਬਾਰੇ ਜੇ ਸਮਾਜ ਨੂੰ ਪਤਾ ਲੱਗ ਗਿਆ ਤਾਂ ਬਹੁਤ ਬੇਇੱਜ਼ਤੀ ਹੋਵੇਗੀ। ਇਸ ਕਾਰਨ ਉਹ ਬਹੁਤ ਕੁਝ ਲੁਕਾਈ ਰੱਖਦੇ ਹਨ ਪਰ ਸਿਆਣੇ ਕਹਿੰਦੇ ਹਨ ਕਿ ਜੇ ਸਵੇਰ ਦਾ ਭੁੱਲਿਆ, ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ। ਜੇ ਨਸ਼ਿਆਂ ਦੇ ਰਾਹ ਤੁਰਿਆ ਬੰਦਾ ਜ਼ਿੰਦਗੀ ਦੇ ਰਾਹ ’ਤੇ ਵਾਪਸ ਆ ਜਾਵੇ ਤਾਂ ਉਸ ਦੀ ਸਿਆਣਪ ਦੀ ਵੀ ਦਾਦ ਦੇਣੀ ਚਾਹੀਦੀ ਹੈ। ਇਹੋ ਜਿਹੀ ਚੁਣੌਤੀ ਵੀ ਜੀਵਨ ਦੀ ਬਹੁਤ ਔਖੀ ਪ੍ਰੀਖਿਆ ਸਮਾਨ ਹੁੰਦੀ ਹੈ। ਸੂਝ ਤੇ ਸਹਿਜਤਾ ਨਾਲ ਹੀ ਇਸ ਵਿੱਚੋਂ ਬਾਹਰ ਨਿਕਲਿਆ ਜਾ ਸਕਦਾ ਹੈ।

ਘਰ-ਪਰਿਵਾਰ ਵਿੱਚ ਲੜਾਈ ਝਗੜਾ ਹੋਣਾ ਤਾਂ ਸੁਭਾਵਿਕ ਗੱਲ ਹੈ ਪਰ ਕਈ ਵਾਰ ਨੂੰਹ ਜਾਂ ਵਿਆਹੀ ਧੀ ਦੇ ਪਰਿਵਾਰ ਵੱਲੋਂ ਕਿਸੇ ਗ਼ਲਤਫਹਿਮੀ ਕਾਰਨ ਰਿਸ਼ਤਿਆਂ ਵਿੱਚ ਖਟਾਸ ਪੈਦਾ ਹੋ ਜਾਵੇ ਤਾਂ ਮਨ ਪਰੇਸ਼ਾਨੀ ਵਿੱਚ ਘਿਰ ਜਾਂਦਾ ਹੈ। ਇਹੋ ਜਿਹੀ ਚੁਣੌਤੀ ਨੂੰ ਵੀ ਬਹੁਤ ਸਹਿਜਤਾ ਤੇ ਨਰਮੀ ਨਾਲ ਨਜਿੱਠਣ ਦੀ ਲੋੜ ਹੁੰਦੀ ਹੈ। ਉੱਚੀ ਆਵਾਜ਼ ਤੇ ਤਿੱਖੇ ਬੋਲ ਅਕਸਰ ਮਸਲੇ ਨੂੰ ਵਿਗਾੜ ਦਿੰਦੇ ਹਨ। ਕੋਸ਼ਿਸ਼ ਤਾਂ ਇਹੀ ਹੋਣੀ ਚਾਹੀਦੀ ਹੈ ਕਿ ਦੋਵੇਂ ਪਰਿਵਾਰਾਂ ਦੇ ਸਿਆਣੇ ਮਿਲ-ਬੈਠ ਕੇ ਗ਼ਲਤਫਹਿਮੀ ਦਾ ਨਿਪਟਾਰਾ ਕਰ ਲੈਣ। ਜੇ ਇਹ ਝਗੜਾ ਘਰ ਦੀ ਦਹਿਲੀਜ਼ ਤੋਂ ਬਾਹਰ ਨਿਕਲ ਜਾਵੇ ਤਾਂ ਚੁਣੌਤੀ ਬਹੁਤ ਗਹਿਰੀ ਹੋ ਜਾਂਦੀ ਹੈ। ਹਉਮੈ ਤੇ ਅੜੀਅਲ ਵਤੀਰੇ ਕਾਰਨ ਹੀ ਅਨੇਕਾਂ ਪਰਿਵਾਰ ਕਈ ਕਈ ਸਾਲਾਂ ਤੱਕ ਕਚਹਿਰੀਆਂ ਵਿੱਚ ਲੁੱਟ ਜਾਂਦੇ ਤੇ ਰੁਲਦੇ ਦੇਖੇ ਜਾ ਸਕਦੇ ਹਨ। ਅਸਲ ਵਿੱਚ ਜ਼ਿੰਦਗੀ ਵਿੱਚ ਪੈਰ-ਪੈਰ ’ਤੇ ਚੁਣੌਤੀਆਂ ਦੇ ਕੰਡੇ ਖਿਲਰੇ ਹੋਏ ਹਨ। ਇਨ੍ਹਾਂ ਤੋਂ ਬਚ ਕੇ ਜ਼ਿੰਦਗੀ ਮਾਣਦੇ ਰਹਿਣ ਵਿੱਚ ਹੀ ਸਿਆਣਪ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949



## ਕੈਨੇਡਾ ਵਸਦੀਆਂ ਪੰਜਾਬ ਦੀਆਂ ਵਿਦਿਆਰਥਣਾਂ

ਮੈਂ ਕੈਨੇਡਾ ਦੇ ਇੱਕ ਸ਼ਹਿਰ ਵਿੱਚ ਵੀਹ ਦਿਨ ਇਕੱਲੀ ਰਹੀ ਜਿੱਥੇ ਮੈਨੂੰ ਜ਼ਿਆਦਾ ਲੋਕ ਨਹੀਂ ਸਨ ਜਾਣਦੇ। ਮੈਨੂੰ ਤਾਂ ਕਿਸੇ ਨੇ ਮੂੰਹ ਵਿੱਚ ਨਹੀਂ ਪਾ ਲਿਆ ? ਮੈਂ ਤਾਂ ਅਕਸਰ ਰਾਤ ਨੂੰ ਬਾਰਾਂ ਇੱਕ ਵਜੇ ਦੋ ਤਿੰਨ ਕਿਲੋਮੀਟਰ ਤੁਰ ਕੇ ਬਰੈਂਪਟਨ ਤੇ ਹੁਣ ਕੈਨੇਡਾ ਦੇ ਇੱਕ ਟਾਪੂ ਤੋਂ ਆਉਂਦੀ ਹਾਂ ਤਾਂ ਮੈਨੂੰ ਕਦੇ ਕਿਸੇ ਨੇ ਖਾ ਨਹੀਂ ਲਿਆ। ਬਹੁਤ ਸੱਚ ਨੇ ਜੋ ਮੈਂ ਦੱਸਣਾ ਚਾਹੁੰਦੀ ਹਾਂ ਜੋ ਹੱਡ ਬੀਤੀਆਂ ਤੇ ਅੱਖੀਂ ਦੇਖੀਆਂ ਗੱਲਾਂ ਹਨ। ਮੇਰੀ ਜਾਣ-ਪਛਾਣ ਵਿੱਚ ਇੱਕ ਨਹੀਂ ਬਹੁਤ ਕੁੜੀਆਂ ਹਨ ਜਿਨ੍ਹਾਂ ਨੇ ਆਪਣੇ ਜੀਵਨ ਸਾਥੀ ਇੱਥੇ ਬੁਲਾ ਕੇ ਉਨ੍ਹਾਂ ਨੂੰ ਚੰਗੀ ਜ਼ਿੰਦਗੀ ਦਿੱਤੀ। ਅਸੀਂ ਕਈ ਸੰਘਰਸ਼ ਲੜੇ ਤਾਂ ਕੁੜੀਆਂ ਦਾ ਬਹੁਤ ਯੋਗਦਾਨ ਰਿਹਾ। ਭਾਵੇਂ ਉਹ ਸੰਘਰਸ਼ ਮੌਂਟਰੀਅਲ, ਨੌਰਥ ਬੇਅ, ਬਰੈਂਪਟਨ ਜਾਂ ਕਿਸੇ ਹੋਰ ਸ਼ਹਿਰ ਵਿੱਚ ਰਿਹਾ ਹੋਵੇ। ਉੱਥੇ ਰਵਨੀਤ ਕੌਰ, ਮਨਪ੍ਰੀਤ ਕੌਰ, ਅਵਨੀਤ ਕੌਰ, ਰਾਜਪਾਲ ਕੌਰ ਤੇ ਹੋਰ ਕੁੜੀਆਂ ਦਾ ਭਰਵਾਂ ਸਹਿਯੋਗ ਰਿਹਾ। ਕੁੜੀਆਂ ਚਿੜੀਆਂ ਨਹੀਂ, ਬਾਜ਼ ਬਣ ਕੇ ਸਿਸਟਮ ਖਿਲਾਫ ਬੇਖੌਫ ਹੋ ਕੇ ਬੋਲੀਆਂ, ਜਿੱਥੇ ਕਾਲਜ ਉਨ੍ਹਾਂ ਦੀ ਲੁੱਟ ਕਰ ਰਹੇ ਸੀ। ਜੇ ਸੱਚ ਲਿਖਣਾ ਹੋਵੇ ਬੋਲਣਾ ਹੋਵੇ ਤਾਂ ਹੋਰ ਬਹੁਤ ਕੁਝ ਹੈ। ਇਸ 'ਤੇ ਮੈਂ ਇੱਕ ਲੇਖ ਨਹੀਂ ਬਲਕਿ ਇੱਕ ਕਿਤਾਬ ਤੋਂ ਵੀ ਜ਼ਿਆਦਾ ਲਿਖ ਸਕਦੀ ਹਾਂ। ਸੰਘਰਸ਼ ਕਰਦੀਆਂ ਇਨ੍ਹਾਂ ਕੁੜੀਆਂ ਨੂੰ ਮੇਰਾ ਸੱਚੇ ਦਿਲੋਂ ਸਲਾਮ ਹੈ। ਆਓ ਇਕੱਠੇ ਹੋ ਕੇ ਮਿਹਨਤੀ ਕੁੜੀਆਂ ਲਈ ਆਵਾਜ਼ ਬੁਲੰਦ ਕਰੀਏ ਤਾਂ ਕਿ ਯੂ-ਟਿਊਬ, ਫੇਸਬੁੱਕ ਤੇ ਅਖਬਾਰਾਂ ਦੀਆਂ ਸੁਰਖੀਆਂ ਦੇ ਸਿਰਲੇਖ ਬਦਲ ਜਾਣ ਤੇ ਕੁੜੀਆਂ ਦੇ ਸੰਘਰਸ਼ਾਂ ਤੇ ਮਿਹਨਤਾਂ ਦਾ ਮੁੱਲ ਮਿਲੇ। ਉਨ੍ਹਾਂ ਦੇ ਚਰਿੱਤਰ 'ਤੇ ਉੱਠਣ ਵਾਲੇ ਸਵਾਲ ਅਤੇ ਲੱਗੇ ਧੱਬੇ ਮਿਟ ਜਾਣ ਤੇ ਉਹ ਵੀ ਬਿਨਾਂ ਕਿਸੇ ਦਬਾਅ ਤੋਂ ਹੋਰ ਹੌਸਲੇ ਨਾਲ ਅੱਗੇ ਵਧ ਸਕਣ, ਸਮਾਜ ਵਿੱਚ ਲਿੰਗ ਅਧਾਰਿਤ ਵਿਤਕਰਾ ਮਿਟ ਸਕੇ ਤੇ ਕੁੜੀਆਂ ਦੀ ਮਿਹਨਤ ਅਜਾਈਂ ਨਾ ਜਾਵੇ। ਸੱਤ ਸਮੁੰਦਰੋਂ ਪਾਰ ਬੈਠੇ ਲੋਕ ਕੁੜੀਆਂ ਨੂੰ ਬਦਨਾਮ ਕਰਨ ਦੀ ਬਜਾਏ ਸਲਾਮ ਕਰਨ ਤੇ ਮਾਪਿਆਂ ਦੇ ਮਨ ਵਿੱਚ ਡਰ ਦੀ ਜਗ੍ਹਾ ਫਖਰ ਹੋਵੇ।

×××

## ਵੱਡਾ ਅੰਤਰ ਹੈ ਭਾਰਤ ਅਤੇ ਕੈਨੇਡਾ

ਵੱਖ-ਵੱਖ ਪਾਰਟੀਆਂ, ਨੇਤਾਵਾਂ ਦੇ ਤੁਹਾਡੇ ਮੋਬਾਈਲ ਫੋਨ 'ਤੇ ਮੈਸੇਜ ਵੀ ਆਉਂਦੇ ਹਨ। ਫਿਰ ਬੈਨਰਾਂ ਦੀ ਹੋੜ, ਰੈਲੀਆਂ ਦਾ ਰੌਲ਼ਾ ਕਿਉਂ ਹੈ ? ਸੱਤਾ ਦੇ ਹੱਕ, ਵਿਰੋਧ 'ਚ ਫ਼ਤਵਾ ਅਸੀਂ ਸ਼ਾਂਤ ਰਹਿ ਕੇ ਕਿਉਂ ਨਹੀਂ ਦੇ ਸਕਦੇ ? ਅਜਿਹੀ ਤਕਨੀਕ ਵਰਤ ਕੇ ਵੋਟਾਂ ਵਿੱਚ ਹੁੰਦੀ ਧਾਂਦਲੀ ਵੀ ਰੋਕੀ ਜਾ ਸਕਦੀ ਹੈ। ਅਮਨ-ਕਾਨੂੰਨ ਬਣਾਈ ਰੱਖਣ ਲਈ ਸੁਰੱਖਿਆ ਬਲਾਂ ਦੀ ਵਰਤੋਂ ਵੀ ਘੱਟ ਕਰਨੀ ਪਵੇਗੀ। ਵੋਟਰ ਤੇ ਚੋਣ ਡਿਊਟੀ ਦੇ ਰਹੇ ਅਧਿਕਾਰੀ ਵੀ ਸੌਖਾ ਸਾਹ ਲੈ ਸਕਣਗੇ। ਤਬਦੀਲੀ ਜ਼ਰੂਰੀ ਤਾਂ ਹੁੰਦੀ ਹੈ, ਸਹਿਜ ਵੀ ਹੋਣੀ ਚਾਹੀਦੀ ਹੈ।

ਭਾਰਤ ਦਾ ਲੋਕਤੰਤਰ ਕੋਈ ਅੱਠ ਕੁ ਦਹਾਕੇ ਪੁਰਾਣਾ ਹੈ। ਇਨ੍ਹਾਂ ਦਹਾਕਿਆਂ ਦੌਰਾਨ ਸਮਾਜ ਦੇ ਇੱਕ ਵਰਗ ਦੀ ਲੋਕਤੰਤਰ ਬਾਰੇ ਸੂਝ ਜ਼ਰੂਰ ਵਿਕਸਤ ਹੋਈ ਹੈ। ਤੇਜ਼ੀ ਨਾਲ ਬਦਲ ਰਹੇ ਸਮਿਆਂ ਅੰਦਰ ਇਨ੍ਹਾਂ ਦਹਾਕਿਆਂ ਦੌਰਾਨ ਪੂਰੇ ਵਿਸ਼ਵ ਵਿੱਚ ਲੋਕਤੰਤਰ ਦਾ ਮੁਹਾਂਦਰਾ ਵੀ ਬਦਲਿਆ ਹੈ। ਲੋਕਾਂ ਦੁਆਰਾ ਚੁਣੇ ਹੋਏ ਤੰਤਰ ਵਿੱਚ ਲੋਕਾਂ ਦੀ ਮਰਜ਼ੀ ਕਿੰਨੀ ਕੁ ਸ਼ਾਮਲ ਹੁੰਦੀ ਹੈ, ਇਸ ਦਾ ਸੰਦੇਹ ਹਮੇਸ਼ਾ ਬਣਿਆ ਰਹਿੰਦਾ ਹੈ।

ਧਰਮ, ਜਾਤ, ਗ਼ਰੀਬੀ, ਬੇਰੁਜ਼ਗਾਰੀ ਤੇ ਅਨਪੜ੍ਹਤਾ ਸਾਨੂੰ ਆਪਣੀ ਮਰਜ਼ੀ ਕਰਨ ਦੀ ਕਿੰਨੀ ਕੁ ਖੁੱਲ੍ਹ ਦਿੰਦੀਆਂ ਹਨ, ਇਹ ਰੂਹਾਂ ਨੂੰ ਝੰਜੋੜਦਾ ਭਾਵਨਾਤਮਕ ਸਵਾਲ ਹੈ। ਜਦੋਂ ਅਸੀਂ ਆਪਣੇ ਧਰਮ, ਜਾਤ ਤੇ ਖਿੱਤੇ ਦੇ ਹੱਕ ਵਿੱਚ ਭੁਗਤ ਰਹੇ ਹੁੰਦੇ ਹਾਂ ਤਾਂ ਸਾਡੀ ਚੋਣ ਸਹੀ ਕਿਵੇਂ ਹੋ ਸਕਦੀ ਹੈ ? ਝੂਠੇ ਲਾਰੇ, ਵਾਅਦੇ ਤੇ ਸੁਪਨੇ ਹਰ ਵਾਰ ਸਾਡੀ ਚੋਣ ਨੂੰ ਗ਼ਲਤ ਕਰ ਦਿੰਦੇ ਹਨ। ਇਹ ਸਵਾਲ ਵੱਡੇ ਹਨ ਜਿਨ੍ਹਾਂ ਬਾਰੇ ਰਾਜਨੀਤਕ ਵਿਸ਼ਲੇਸ਼ਕ ਤੇ ਵਿਦਵਾਨ ਅਕਸਰ ਗੱਲ ਕਰਦੇ ਰਹਿੰਦੇ ਹਨ ਤੇ ਭਵਿੱਖ ਵਿੱਚ ਵੀ ਜ਼ਰੂਰ ਕਰਨਗੇ। ਸਾਡਾ ਮਕਸਦ ਤਾਂ ਵੋਟਿੰਗ ਪ੍ਰਣਾਲੀ ਨੂੰ ਸੁਖਾਲਾ ਕਰਨ ਤੇ ਈ-ਵੋਟਿੰਗ ਦੀ ਲੋੜ ਬਾਰੇ ਗੱਲ ਕਰਨੀ ਹੈ। ਸੱਤਾ ਤੋਂ ਦੂਰ ਆਮ ਬੰਦਾ ਤਾਂ ਆਪਣੇ ਜਿਉਣ ਦੇ ਮਾਨਵੀ ਸਬੱਬ ਦਾ ਅਭਿਲਾਸ਼ੀ ਹੈ। ਉਮੀਦ ਕਰੀਏ ਕਿ ਆਉਂਦੇ ਦੋ ਮਹੀਨੇ ਸੁਖੀ-ਸਾਂਦੀ ਬੀਤ ਜਾਣ ਤੇ ਨਵੀਂ ਸਰਕਾਰ ਸੁਖਦ ਮਾਹੌਲ ਵਿੱਚ ਆਪਣਾ ਕਾਰਜਭਾਰ ਸੰਭਾਲੇ।

***

## ਪੰਜਾਬ 'ਚ ਸਿੱਖ ਵਿਰਸੇ ਦੇ ਟੂਰਿਜ਼ਮ

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੂਬੇ ਵਿੱਚ ਮੌਜੂਦ ਅਜਿਹੇ ਸਾਰੇ ਹੀ ਸੰਭਾਵੀ ਸਥਾਨਾਂ ਦੀ ਸ਼ਨਾਖ਼ਤ ਕਰੇ। ਸਾਡੇ ਗੁਆਂਢੀ ਰਾਜਾਂ ਜੰਮੂ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਇਹ ਸਨਅਤ ਚੋਖੀ ਵਿਕਸਤ ਹੋ ਚੁੱਕੀ ਹੈ। ਸਾਡੇ ਨਾਲੋਂ ਤਾਂ ਹਰਿਆਣਾ ਵੀ ਅੱਗੇ ਹੈ। ਜੇ ਰਾਜਸਥਾਨ ਆਪਣੇ ਰੇਤ ਦੇ ਟਿੱਬਿਆਂ ਨੂੰ ਸੈਲਾਨੀਆਂ ਦੀ ਖਿੱਚ ਦਾ ਕੇਂਦਰ ਬਣਾ ਸਕਦਾ ਹੈ ਤਾਂ ਪੰਜਾਬ ਵਿੱਚ ਪਟਿਆਲਾ, ਕਪੂਰਥਲਾ, ਸੰਗਰੂਰ, ਜਲੰਧਰ ਤੋਂ ਸਾਇੰਸ ਸਿਟੀ, ਕਪੂਰਥਲਾ, ਸੁਲਤਾਨਪੁਰ ਲੋਧੀ, ਗੋਇੰਦਵਾਲ ਸਾਹਿਬ, ਅੰਮ੍ਰਿਤਸਰ ਸਾਹਿਬ, ਵਾਹਗਾ ਸਰਹੱਦ,ਖਡੂਰ ਸਾਹਿਬ ਤੇ ਤਰਨ ਤਾਰਨ, ਸਰਹਿੰਦ, ਨਾਭਾ, ਮਲੇਰਕੋਟਲਾ ਆਦਿ ਰਿਆਸਤੀ ਤੇ ਵਿਰਾਸਤੀ ਸ਼ਹਿਰ ਵੀ ਹਨ। ਅਨੰਦਪੁਰ ਸਾਹਿਬ ਇਲਾਕੇ ਵਿੱਚ ਖ਼ਾਲਸਾਈ ਫ਼ਿਲਾਸਫ਼ੀ ਦੇ ਕੁਦਰਤ ਨਾਲ ਮਿਲਾਪ ਨੂੰ ਦਰਸਾਉਂਦੇ ਪਾਰਕ ਤੇ ਪੌਦਿਆਂ ਦੇ ਅਜਾਇਬਘਰ ਵੀ ਕਾਇਮ ਕੀਤੇ ਜਾ ਸਕਦੇ ਸਨ ਪਰ ਅਫ਼ਸੋਸ, ਇਸ ਦਿਸ਼ਾ ਵਿੱਚ ਕੁਝ ਵੀ ਨਹੀਂ ਕੀਤਾ ਗਿਆ। ਇਨ੍ਹਾਂ ਨੂੰ ਪੰਜਾਬ ਸਰਕਾਰ ਸੈਲਾਨੀ ਕੇਂਦਰ ਬਣਾ ਸਕਦੀ ਹੈ। ਪੰਜਾਬ ਵਿੱਚ ਸਿੱਖ ਧਰਮ ਦੇ ਤਿੰਨ ਤਖਤ ਸਾਹਿਬਾਨ ਹਨ,ਉਨ੍ਹਾਂ ਥਾਂਵਾਂ ਨੂੰ ਵੱਡੇ ਪੱਧਰ 'ਤੇ ਵਿਕਸਤ ਕੀਤਾ ਜਾਵੇ। ਇਸ ਨਾਲ ਜਿੱਥੇ ਸਰਕਾਰ ਦੀ ਆਮਦਨ ਵਧੇਗੀ, ਉੱਥੇ ਹਰੇਕ ਅਜਿਹੇ ਸਥਾਨ 'ਤੇ ਰੁਜ਼ਗਾਰ ਦੇ ਅਨੇਕ ਮੌਕੇ ਵੀ ਪੈਦਾ ਹੋਣਗੇ।

ਬਹੁਤ ਸਾਰੇ ਪੰਜਾਬੀ ਵਿਦੇਸ਼ਾਂ ਵਿੱਚ ਵਸੇ ਹੋਏ ਹਨ। ਉਹ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਯਤਨ ਕਰਦੇ ਹਨ। ਸਾਫ ਸੁਥਰੇ ਮਾਹੌਲ ਵਿੱਚ ਪਲੇ ਇਨ੍ਹਾਂ ਬੱਚਿਆਂ ਨੂੰ ਜੇ ਰੁੱਖੇਪਣ ਅਤੇ ਗੰਦਗੀ ਦਾ ਸਾਹਮਣਾ ਕਰਨਾ ਪਵੇ ਤਾਂ ਉਹ ਆਪਣੇ ਵਿਰਸੇ ਨਾਲ ਜੁੜਨ ਦੀ ਥਾਂ ਦੂਰ ਹੋਣਗੇ। ਸੈਰ ਸਪਾਟੇ ਦੀ ਸਫਲਤਾ ਲਈ ਵਧੀਆ ਗਾਈਡ ਦਾ ਹੋਣਾ ਵੀ ਜ਼ਰੂਰੀ ਹੈ। ਗਾਈਡ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਆਪਣੀਆਂ ਗੱਲਾਂ ਨਾਲ ਸੈਲਾਨੀਆਂ ਦਾ ਮਨ ਵੀ ਪਰਚਾਈ ਜਾਵੇ ਅਤੇ ਲੋੜੀਂਦੀ ਜਾਣਕਾਰੀ ਵੀ ਦੇ ਸਕੇ। ਸੈਰ ਸਪਾਟੇ ਦੇ ਵਿਕਾਸ ਲਈ ਸੈਰ ਸਪਾਟਾ ਪੈਕੇਜ ਬਣਾਏ ਜਾਣ। ਇਹ ਪੈਕੇਜ ਇੱਕ ਦਿਨ ਦੇ ਪ੍ਰੋਗਰਾਮ ਨੂੰ ਲੈ ਕੇ ਇੱਕ ਹਫ਼ਤੇ ਜਾਂ ਪੰਦਰਾਂ ਦਿਨਾਂ ਦੇ ਹੋ ਸਕਦੇ ਹਨ। ਇਹ ਪੱਕਾ ਕੀਤਾ ਜਾਵੇ ਕਿ ਸੈਲਾਨੀਆਂ ਨੂੰ ਸਾਫ ਸੁਥਰੀਆਂ ਗੱਡੀਆਂ ਰਾਹੀਂ ਸਾਫ ਸੁਥਰੇ ਹੋਟਲਾਂ ਵਿੱਚ ਠਹਿਰਾ ਕੇ ਸ਼ੁੱਧ ਭੋਜਨ ਦਾ ਪ੍ਰਬੰਧ ਕੀਤਾ ਜਾਵੇ। ਸੈਰ ਸਪਾਟਾ ਪੈਕੇਜਾਂ ਬਾਰੇ ਸਚਿੱਤਰ ਕਿਤਾਬਚੇ ਛਾਪੇ ਜਾਣ ਅਤੇ ਇਨ੍ਹਾਂ ਦਾ ਦੇਸ਼ ਅਤੇ ਪ੍ਰਦੇਸ਼ਾਂ ਵਿੱਚ ਪ੍ਰਚਾਰ ਕੀਤਾ ਜਾਵੇ। ਪੰਜਾਬ ਦੀ ਖ਼ੂਬਸੂਰਤੀ ਅਤੇ ਇਥੋਂ ਦੇ ਉਤਪਾਦਾਂ ਦਾ ਪ੍ਰਚਾਰ ਕੀਤਾ ਜਾਵੇ।

***

## ਕਿਵੇਂ ਦੂਰ ਹੋਣ ਕਿਸਾਨੀ ਦੀਆਂ

ਇਹ ਰਿਪੋਰਟ ਇਹ ਸਪਸ਼ਟ ਕਰਦੀ ਹੈ ਕਿ ਜੇ ਕਿਸਾਨ ਦੀ ਕਰਜ਼ਾ ਲੈਣ ਦੀ ਸਮਰੱਥਾ ਜ਼ਿਆਦਾ ਹੈ ਤਾਂ ਉਹ ਜ਼ਿਆਦਾ ਕਰਜ਼ਾ ਲੈ ਲੈਂਦਾ ਹੈ ਅਤੇ ਕਰਜ਼ਾ ਲੈਣਾ ਕਿਸਾਨ ਜਾਂ ਖੇਤੀ ਕਿਰਤੀ ਦੀ ਮਜਬੂਰੀ ਹੈ। ਕਰਜ਼ਾ ਲੈਣਾ ਕੋਈ ਜੁਰਮ ਨਹੀਂ ਸਗੋਂ ਜੋ ਕਰਜ਼ਾ ਉਤਪਾਦਕ ਜਾਇਦਾਦ ਵਿੱਚ ਬਦਲ ਜਾਵੇ ਤਾਂ ਵਰਦਾਨ ਬਣ ਸਕਦਾ ਹੈ। ਸੰਨ 1969 ਵਿੱਚ ਸਰਕਾਰ ਨੇ 14 ਵੱਡੇ ਨਿੱਜੀ ਵਪਾਰਕ ਬੈਂਕਾਂ ਦਾ ਕੌਮੀਕਰਨ ਕਰ ਕੇ ਉਨ੍ਹਾਂ ਨੂੰ ਖ਼ਾਸ ਹਦਾਇਤਾਂ ਦਿੱਤੀਆਂ ਸਨ ਕਿ ਉਹ ਖੇਤੀਬਾੜੀ ਅਤੇ ਖ਼ਾਸ ਕਰਕੇ ਛੋਟੇ ਪੈਮਾਨੇ ਦੇ ਕਿਸਾਨਾਂ ਨੂੰ ਕਰਜ਼ਾ ਦੇਣ ਤਾਂ ਕਿ ਉਹ ਸ਼ਾਹੂਕਾਰਾਂ ਵੱਲੋਂ ਦਿੱਤੇ ਗਏ ਕਰਜ਼ੇ ਦੇ ਵੱਡੇ ਵਿਆਜ ਦੇਣ ਤੋ ਮੁਕਤ ਹੋ ਸਕਣ। ਹਰੇ ਇਨਕਲਾਬ ਵਿੱਚ ਜਿੱਥੇ ਹੋਰ ਕਈ ਤੱਤਾਂ ਨੇ ਮਦਦ ਕੀਤੀ ਸੀ, ਉਨ੍ਹਾਂ ਦੇ ਨਾਲ ਕਰਜ਼ੇ ਦੀ ਵੀ ਵੱਡੀ ਭੂਮਿਕਾ ਸੀ। ਅਸਲ ਵਿੱਚ ਕਿਸਾਨੀ ਦੀਆਂ ਮੁਸ਼ਕਿਲਾਂ ਇਸ ਗੱਲ ਨਾਲ ਜੁੜੀਆਂ ਹੋਈਆਂ ਹਨ ਕਿ ਖੇਤੀ ਉਪਜ ਤੇ ਘਟਦੀਆਂ ਪ੍ਰਾਪਤੀਆਂ ਦਾ ਨਿਯਮ ਬਹੁਤ ਛੇਤੀ ਲਾਗੂ ਹੋ ਜਾਂਦਾ ਹੈ। ਜਿਉਂ-ਜਿਉਂ ਖੇਤੀ 'ਤੇ ਹੋਰ ਖਾਦਾਂ, ਰਸਾਇਣਾਂ ਆਦਿ ਵਰਤੇ ਜਾਂਦੇ ਹਨ, ਉਨ੍ਹਾਂ ਦੀਆਂ ਪ੍ਰਾਪਤੀਆਂ ਘਟਦੀਆਂ ਜਾਂਦੀਆਂ ਹਨ। ਖੇਤੀ ਉਪਜ ਵਿੱਚ ਭੂਮੀ ਦਾ ਆਕਾਰ ਸਭ ਤੋਂ ਵੱਡਾ ਤੱਤ ਹੈ ਪਰ ਭਾਰਤ ਦੀ ਕਿਸਾਨੀ ਵਿੱਚ ਵਸੋਂ ਦਾ ਭੂਮੀ 'ਤੇ ਵੱਡਾ ਭਾਰ ਹੈ। ਇਹ ਗੱਲ ਕਈ ਰਿਪੋਰਟਾਂ ਵਿੱਚ ਆਈ ਹੈ ਕਿ ਜਿਨ੍ਹਾਂ ਕਿਸਾਨ ਘਰਾਂ ਦੇ ਕੁਝ ਮੈਂਬਰ ਹੋਰ ਨੌਕਰੀ ਜਾਂ ਵਪਾਰ ਕਰਦੇ ਹਨ, ਉਨ੍ਹਾਂ ਘਰਾਂ ਸਿਰ ਕਰਜ਼ਾ ਘੱਟ ਹੈ ਅਤੇ ਉਨ੍ਹਾਂ ਦੀ ਖੇਤੀ ਉਪਜ ਵੀ ਜ਼ਿਆਦਾ ਹੈ।

ਕਰਜ਼ੇ ਨੂੰ ਘਟਾਉਣ ਲਈ ਪੇਂਡੂ ਖੇਤੀ ਤੋਂ ਇਲਾਵਾ ਹੋਰ ਵਿਕਲਪਕ ਪੇਸ਼ੇ ਵਿਕਸਤ ਕੀਤੇ ਜਾਣ ਅਤੇ ਵਸੋਂ ਖੇਤੀ ਤੋਂ ਬਦਲ ਕੇ ਹੋਰਨਾਂ ਪੇਸ਼ਿਆਂ ਵਿੱਚ ਲੱਗਦੀ ਜਾਵੇ ਜਿਸ ਤਰ੍ਹਾਂ ਵਿਕਸਤ ਦੇਸ਼ਾਂ ਵਿੱਚ ਹੋਇਆ ਹੈ। ਆਉਣ ਵਾਲੇ ਸਮੇਂ ਵਿੱਚ ਖੇਤੀ ਨੂੰ ਉਦਯੋਗਾਂ ਅਤੇ ਸੇਵਾਵਾਂ ਦੇ ਖੇਤਰ ਨਾਲ ਜੋੜਨ ਲਈ ਵਿਸ਼ੇਸ਼ ਨੀਤੀ ਅਪਣਾਉਣੀ ਲੋੜੀਂਦੀ ਹੈ ਤਾਂ ਕਿ ਖੇਤੀ 'ਤੇ ਵਸੋਂ ਦਾ ਬੋਝ ਘਟ ਸਕੇ।

***

## ਮੁੱਦਿਆਂ ਰਹਿਤ ਰਹੇਗੀ

ਵਿਧਾਨ ਸਭਾਵਾਂ ਲੋਕ ਸਭਾ ਵਿੱਚ ਮੈਂਬਰ ਬਣਕੇ 'ਦੇਸ਼ ਸੇਵਕ' ਦਾ ਦਰਜ਼ਾ ਹਾਸਲ ਕਰੀ ਬੈਠੇ ਹਨ। ਇਹ ਕਰੋਨਾ ਲਗਭਗ ਸਭ ਪਾਰਟੀਆਂ 'ਚ ਫ਼ੈਲ ਚੁੱਕਾ ਹੈ।

ਦੇਸ਼ ਕਰਜ਼ਾਈ ਹੈ। ਹਾਕਮ ਧਿਰ ਲਗਾਤਾਰ ਦੇਸ਼ ਦੇ ਖਜ਼ਾਨੇ ਨੂੰ ਦੋਵੀਂ ਹੱਥੀਂ ਲੁਟਾਈ ਜਾ ਰਹੀ ਹੈ। ਦੇਸ਼ ਦਾ ਕਿਸਾਨ ਪ੍ਰੇਸ਼ਾਨ ਹੈ। ਆਪਣੇ ਮੁੱਦਿਆਂ ਨੂੰ ਸੜਕਾਂ 'ਤੇ ਲਿਆ ਰਿਹਾ ਹੈ। ਦੇਸ਼ ਦਾ ਮਜ਼ਦੂਰ ਬੇਹਾਲ ਹੈ। ਵਿਦਿਆਰਥੀ ਤੇ ਨੌਜਵਾਨ ਪ੍ਰੇਸ਼ਾਨ ਹੈ ਪਰ ਦੇਸ਼ ਦਾ ਸਿਆਸਤਦਾਨ ਮਿਹਣੋ-ਮਿਹਣੀ ਹੈ।

ਦੇਸ਼ ਦਾ ਕਾਰਪੋਰੇਟ ਲਗਾਤਾਰ ਕਿਸਾਨਾਂ ਦੀ ਜ਼ਮੀਨ ਖੋਹਣ ਹਿੱਤ ਸਰਕਾਰ ਉਤੇ ਦਬਾਅ ਵਧਾਅ ਰਿਹਾ ਹੈ। ਆਪਣੇ ਕਾਰੋਬਾਰ ਦੀ ਸੁਰੱਖਿਆ ਲਈ ਉਹ ਸਰਕਾਰ ਨੂੰ ਨਿੱਜੀਕਰਨ ਦੇ ਰਾਹ ਤੋਰ ਰਿਹਾ ਹੈ। ਸਰਕਾਰ ਨੇ ਤਾਂ ਆਪਣੇ ਸੌੜੇ ਹਿੱਤਾਂ ਦੀ ਪੂਰਤੀ ਅਤੇ ਕੁਰਸੀ ਪੱਕੇ ਪੈਰੀਂ ਕਰਨ ਦੀ ਉਹਨਾਂ ਦੀ ਸਹਾਇਤਾ/ ਸਹਿਯੋਗ ਨੂੰ ਪ੍ਰਵਾਨ ਕਰਨਾ ਹੀ ਹੋਇਆ, ਪਰ ਵਿਰੋਧੀ ਧਿਰ ਦੀ ਚੁੱਪੀ ਪ੍ਰੇਸ਼ਾਨੀ ਕਰਨ ਵਾਲੀ ਹੈ। ਕੀ ਵਿਰੋਧੀ ਧਿਰ ਦੇਸ਼ 'ਚ ਸਮਾਜਿਕ ਵਿਤਕਰੇ ਦੇ ਵਾਧੇ, ਸੋਸ਼ਣ ਵਿਰੁੱਧ ਜਾਂ ਵੱਧ ਰਹੀ ਮਹਿੰਗਾਈ ਵਿਰੁੱਧ ਲੋਕ ਲਾਮ ਬੰਦੀ ਨਹੀਂ ਸੀ ਕਰ ਸਕਦੀ ? ਕੀ ਉਹ ਵੀ ਕਾਰਪੋਰੇਟਾਂ ਦਾ ਹੱਥ ਠੋਕਾ ਬਣੀ ਹੋਈ ਹੈ ?

ਦੇਸ਼ ਦੀਆਂ ਸਥਾਨਕ ਸਰਾਕਰਾਂ,(ਪੰਚਾਇਤਾਂ, ਨਗਰਪਾਲਿਕਾਂ) ਨੂੰ ਪੰਗੂ ਬਣਾ ਦਿੱਤਾ ਗਿਆ। ਦੇਸ਼ ਦੀਆਂ ਸੂਬਾ ਸਰਕਾਰਾਂ ਦੇ ਅਧਿਕਾਰ ਸੀਮਤ ਕਰ ਦਿੱਤੇ ਗਏ ਹਨ। ਦੇਸ਼ ਦੇ ਸੰਘੀ ਢਾਂਚੇ ਨੂੰ ਵੱਡੀ ਸੱਟ ਮਾਰੀ ਜਾ ਰਹੀ ਹੈ। ਦੇਸ਼ ਦਾ ਲੋਕਤੰਤਰ ਖ਼ਤਰੇ 'ਚ ਦਿੱਸਦਾ ਹੈ। ਤਾਂ ਫ਼ਿਰ ਵੀ ਵਿਰੋਧੀ ਧਿਰ ਦੇਸ਼ 'ਚ ਉਹਨਾਂ ਮੁੱਦਿਆਂ ਨੂੰ ਹੋਰ ਕਿਸੇ ਸਮੇਂ ਨਾ ਸਹੀ, ਇਸ ਚੋਣਾਂ ਦੇ ਸਮੇਂ 'ਤੇ ਹੀ ਗੰਭੀਰਤਾ ਨਾਲ ਕਿਉਂ ਨਹੀਂ ਉਠਾ ਰਹੀ ?

ਭ੍ਰਿਸ਼ਟਾਚਾਰ ਦਾ ਮੁੱਦਾ ਹੀ ਦੇਸ਼ ਦਾ ਇੱਕੋ-ਇੱਕ ਮਸਲਾ ਨਹੀਂ ਹੈ। ਦੇਸ਼ ਦੇ ਵੱਡੇ ਮੁੱਦੇ ਹਨ। ਦੇਸ਼ ਦੇ ਵਿੱਚ ਲੋਕਤੰਤਰ ਦੀ ਰਾਖੀ ਮੁੱਖ ਮੁੱਦਾ ਹੈ। ਸੰਵਿਧਾਨ ਨੂੰ ਤਰੋੜਨ-ਮਰੋੜਨ ਦਾ ਯਤਨ ਹੋ ਰਿਹਾ ਹੈ। ਦੇਸ਼ ਦੇ ਕੁਦਰਤੀ ਸੋਮਿਆਂ ਦੀ ਧੰਨ-ਕੁਬੇਰਾਂ ਵੱਲੋਂ ਲੁੱਟ-ਖਸੁੱਟ ਤੋਂ ਰਾਖੀ ਮੁੱਦਾ ਹੈ। ਦੇਸ਼ ਦੀ ਸੀ.ਬੀ.ਆਈ., ਈ.ਡੀ., ਭਾਰਤੀ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਦੀ ਖੁਦਮੁਖਤਾਰੀ ਬਣਾਈ ਰੱਖਣਾ ਵਿਸ਼ੇਸ਼ ਮੁੱਦਾ ਹੈ। ਦੇਸ਼ ਦੇ ਵੰਨ-ਸੁਵੰਨੇ ਸਭਿਆਚਾਰਾਂ, ਬੋਲੀਆਂ ਦੀ ਰਾਖੀ ਦਾ ਮੁੱਦਾ ਵੀ ਤਾਂ ਦੇਸ਼ ਅੱਗੇ ਮੂੰਹ ਅੱਡੀ ਖੜਾ ਹੈ।

ਦੇਸ਼ ਧਰਮ ਨਿਰਪੱਖ ਰਹੇ। ਹਰ ਧਰਮ, ਹਰ ਸੱਭਿਆਚਾਰ, ਹਰ ਬੋਲੀ ਇਥੇ ਵਧੇ ਫ਼ੁੱਲੇ। ਹਰ ਖਿੱਤੇ ਦੇ ਲੋਕ ਇਥੇ ਸੁਰੱਖਿਅਤ ਮਹਿਸੂਸ ਕਰਨ। ਦੇਸ਼ ਦਾ ਕੋਈ ਵੀ ਹਿੱਸਾ ਇਹ ਮਹਿਸੂਸ ਨਾ ਕਰੇ ਕਿ ਉਸ ਨਾਲ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ। ਦੇਸ਼ ਦੀਆਂ ਘੱਟ ਗਿਣਤੀਆਂ ਆਪਣੇ ਆਪ ਨੂੰ ਦੋ ਨੰਬਰ ਦਾ ਸ਼ਹਿਰੀ ਨਾ ਸਮਝਣ। ਇਹ ਸਮੇਂ ਦੀ ਲੋੜ ਹੈ ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਲੋਕ ਮੁੱਦੇ ਭੁਲਾ ਬੈਠਾ ਹੈ। ਉਸਨੂੰ ਆਪਣੀ ਚਾਰ ਟੰਗੀ ਕੁਰਸੀ ਤੋਂ ਬਿਨ੍ਹਾਂ ਹੋਰ ਕੁਝ ਵਿਖਾਈ ਨਹੀਂ ਦਿੰਦਾ, ਜਿਸ ਨੂੰ ਪ੍ਰਾਪਤ ਕਰਨ ਲਈ ਉਹ ਕਿਸੇ ਵੇਲੇ ਵੀ, ਕੁਝ ਵੀ, ਕਰ ਸਕਦਾ ਹੈ। ਉਹ ਸਿਆਸੀ ਪਾਰਟੀ ਬਦਲ ਸਕਦਾ ਹੈ। ਉਹ ਆਪਣੀ ਬੋਲੀ ਲਗਵਾ ਸਕਦਾ ਹੈ। ਉਹ ਆਪਣੇ ਅਸੂਲ ਤਿਆਗ ਸਕਦਾ ਹੈ। ਮੌਜੂਦਾ ਹਾਕਮਾਂ ਨੇ ਪਿਛਲੇ ਸਾਲਾਂ 'ਚ ਵਿਰੋਧੀ ਪਾਰਟੀਆਂ ਦੀਆਂ ਅਨੇਕਾਂ ਸਰਕਾਰਾਂ ਵੀ ਤੋੜੀਆਂ ਅਤੇ ਅਨੇਕਾ ਪਾਰਟੀਆਂ ਨੂੰ ਦੋਫ਼ਾੜ ਕੀਤਾ। ਜਿਸ ਵਿੱਚ ਕਰੋੜਾਂ-ਅਰਬਾਂ ਰੁਪਏ ਦਾ ਖੇਲਾ ਖੇਲਿਆ ਗਿਆ।

ਸਾਲ 2019 ਦੇ ਭਾਜਪਾ ਦੇ ਚੋਣ ਮੈਨੀਫ਼ੈਸਟੋ 'ਤੇ ਇੱਕ ਝਾਤ ਮਾਰੋ। ਉਹ ਦੇ ਸੰਕਲਪ ਪੱਤਰ 'ਚ ਦੇਸ਼ ਵਿਚੋਂ ਗਰੀਬੀ 10 ਫ਼ੀਸਦੀ ਘਟਾਉਣ ਦੀ ਗੱਲ ਕੀਤੀ ਗਈ। ਉਸਨੇ 75 ਆਜ਼ਾਦੀ ਦੇ 75 ਸਾਲਾਂ ਲਈ 75 ਵਾਇਦੇ ਕੀਤੇ। ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਇਦਾ ਮੁੱਖ ਸੀ। ਹਰ ਘਰ ਬਿਜਲੀ, ਹਰ ਘਰ ਵਿੱਚ ਸ਼ੌਚਾਲਿਆ, ਹਰ ਪਰਿਵਾਰ ਲਈ ਪੱਕਾ ਮਕਾਨ ਆਦਿ ਮੁੱਖ ਸਨ। ਕਿੰਨੇ ਵਾਇਦੇ ਇਹਨਾ ਪੰਜ ਸਾਲਾਂ 'ਚ ਪੂਰੇ ਹੋਏ ?

ਕਾਂਗਰਸ ਨੇ ਗਰੀਬੀ ਉਤੇ ਵਾਰ ਕਰਨ ਦਾ ਵਾਇਦਾ ਕੀਤਾ ਤੇ ਲੋਕਾਂ ਦੀ ਸਲਾਨਾ ਆਮਦਨ 72000 ਰੁਪਏ ਕਰਨ ਦਾ ਵਚਨ ਦਿੱਤਾ। ਹਰ ਸਾਲ 22 ਲੱਖ ਸਰਕਾਰੀ ਨੌਕਰੀਆਂ, 10 ਲੱਖ ਨੌਜਵਾਨਾਂ ਨੂੰ ਸਥਾਨਕ ਸਰਕਾਰਾਂ 'ਚ ਨੌਕਰੀਆਂ ਦਾ ਵਾਇਦਾ ਕੀਤਾ। ਸਿਹਤ, ਸਿੱਖਿਆ ਸੁਧਾਰ ਦੀ ਗੱਲ ਵੀ ਕੀਤੀ। ਭਾਵ ਸਿੱਧਾ ਇਹ ਕਿ ਭਾਰਤ ਦੇਸ਼ 'ਚ ਗਰੀਬੀ ਦੀ ਸਮੱਸਿਆ ਨੂੰ ਮੁੱਖ ਮੰਨਿਆ। ਬੇਰੁਜ਼ਗਾਰੀ ਨੂੰ ਮੁੱਖ ਮੰਨਿਆ।

ਆਪਣੇ ਕਾਰਜ 'ਚ ਗਰੀਬੀ ਹਟਾਓ ਦਾ ਨਾਹਰਾ ਕਾਂਗਰਸ ਦਾ ਮੁੱਖ ਨਾਰ੍ਹਾ ਰਿਹਾ। ਜਿਸਨੂੰ ਸਿਰਫ਼ ਵੋਟ ਪ੍ਰਾਪਤੀ ਦਾ ਇੱਕ ਸੰਦ ਕਾਂਗਰਸ ਵਲੋਂ ਮੰਨਿਆ ਜਾਂਦਾ ਰਿਹਾ।

ਹੁਣ ਦੋਵੇਂ ਧਿਰਾਂ ਹਾਕਮ ਤੇ ਵਿਰੋਧੀ ਧਿਰਾਂ ਸਮੇਤ ਕਾਂਗਰਸ ਲੋਕਾਂ ਨੂੰ ਵਾਇਦਿਆਂ, ਵਚਨਾਂ ਤੋਂ ਅੱਗੇ ਗਰੰਟੀਆਂ ਦੇਣ ਦੇ ਰਾਹ ਹਨ। ਲੋਕ ਸਵਾਲ ਪੁੱਛ ਰਹੇ ਹਨ ਕਿ ਕੀ ਇਹ ਗਰੰਟੀਆਂ, ਵਾਇਦੇ, ਵਚਨ, ਚੋਣ ਦਸਤਾਵੇਜ, ਕਾਨੂੰਨੀ ਦਸਤਾਵੇਜ ਬਣ ਸਕਦੇ ਹਨ ? ਤਾਂ ਕਿ ਲੋਕ, ਨੇਤਾਵਾਂ ਨੂੰ, ਲੋਕ ਕਚਿਹਰੀ 'ਚ ਖੜ੍ਹਿਆ ਕਰ ਸਕਣ, ਜੇਕਰ ਉਹ ਦਿੱਤੀਆਂ ਗਰੰਟੀਆਂ ਤੋਂ ਮੁੱਖ ਮੋੜਨ ਜਾਂ ਉਹਨਾਂ ਤੋਂ ਪਿੱਛੇ ਹੱਟਦੇ ਹਨ।

ਪਰ ਜਾਪਦਾ ਹੈ ਦੇਸ਼ ਦਾ ਸਿਆਸਤਦਾਨ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਕੇ, ਰਾਜਸੀ ਕਲਾਬਾਜੀਆਂ ਨਾਲ ਇੱਕ ਵੇਰ ਫ਼ੇਰ ਲੋਕਾਂ ਦੇ ਅੱਖਾਂ 'ਚ ਘੱਟਾ ਪਾਇਗਾ। ਚੋਣਾਂ ਦਾ ਇਹ ਮਹਾਂ ਕੁੰਭ, ਇਸ ਵੇਰ ਵੀ ਪੂਰੀ ਚਲਾਕੀ ਨਾਲ ਲੋਕਾਂ ਤੋਂ ਤਾਕਤ ਹਥਿਆਏਗਾ। ਬਾਤ ਲੋਕਾਂ ਦੀ ਪਾਏਗਾ, ਪਰ ਦੁਕਾਨ ਆਪਣੀ ਚਮਕਾਏਗਾ।

***

## ਸਦੀ ਦੇ ਅੰਤ ਤੱਕ ਭਿਆਨਕ ਗਰਮੀ ਨਾਲ

ਮੀਟ੍ਰਿਕ ਟਨ ਕਾਰਬਨ ਡਾਈਆਕਸਾਈਡ ਗੈਸ ਦੀ ਨਿਕਾਸੀ ਹੋਈ ਹੈ। ਇਹ 2022 ਤੋਂ 1.1 ਫ਼ੀਸਦੀ ਵੱਧ ਹੈ। ਯੂਰਪੀ ਦੇਸ਼ਾਂ 'ਚ ਸਥਾਪਿਤ ਤੇਲ ਕੰਪਨੀਆਂ ਤੋਂ ਵੀ ਭਾਰੀ ਮਾਤਰਾ 'ਚ ਕਾਰਬਨ ਗੈਸ ਦੀ ਨਿਕਾਸੀ ਹੋ ਰਹੀ ਹੈ। ਇਸ ਨਾਲ ਉਤਪਾਦਿਤ ਜੀਵਾਣੂੰ ਈਂਧਣ ਨਾਲ 2050 ਤੱਕ ਵਾਯੂਮੰਡਲ 'ਚ 51 ਅਰਬ ਟਨ ਕਾਰਬਨ ਡਾਈਆਕਸਾਈਡ ਗੈਸ ਦੀ ਨਿਕਾਸੀ ਵਧਾ ਦੇਣਗੇ। ਸੰਯੁਕਤ ਰਾਸ਼ਟਰ ਦੀ ਜਲਵਾਯੂ ਕਮੇਟੀ (ਆਈ. ਪੀ. ਸੀ. ਸੀ.) ਨੇ ਕਿਹਾ ਕਿ ਧਰਤੀ ਦੇ ਤਾਪਮਾਨ ਨੂੰ 1.5 ਡਿਗਰੀ ਸੈਲਸੀਅਲ 'ਤੇ ਰੋਕਣਾ ਹੈ ਤਾਂ 2030 ਤੱਕ ਕਾਰਬਨ ਗੈਸ ਦੀ ਨਿਕਾਸੀ ਨੂੰ 43 ਫ਼ੀਸਦੀ ਤੱਕ ਘਟਾਉਣਾ ਹੋਵੇਗਾ। ਹਾਲਾਂਕਿ ਗੈਸ ਦੀ ਨਿਕਾਸੀ ਦਾ ਲੈਵਲ ਪਿਛਲੇ ਕੁਗਰੀਬ ਅਤੇ ਕਮਜ਼ੋਰ ਲੋਕ ਹੋਣਗੇ ਵੱਧ ਪ੍ਰਭਾਵਿਤ

ਖੋਜੀਆਂ ਨੇ ਦੱਸਿਆ ਕਿ ਪਿਛਲੇ ਕੁਝ ਸਾਲਾਂ 'ਚ ਤੇਜ਼ ਅਤੇ ਖ਼ਤਰਨਾਕ ਹੀਟਵੇਵ ਨੇ ਲਗਭਗ ਹਰ ਮਹਾਦੀਪ ਨੂੰ ਪ੍ਰਭਾਵਿਤ ਕੀਤਾ ਹੈ। ਇਸ ਨਾਲ ਜੰਗਲਾਂ 'ਚ ਅੱਗ ਲੱਗਣ ਨਾਲ ਹਜ਼ਾਰਾਂ ਲੋਕਾਂ ਦੀ ਜਾਨ ਚਲੀ ਗਈ। ਯੂਰਪ 'ਚ ਭਿਆਨਕ ਗਰਮੀ ਕਾਰਨ 2022 'ਚ 60 ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਹੀਟਵੇਵ ਜਾਂ ਗਰਮੀ ਦਾ ਵੱਧ ਅਸਰ ਸਭ ਤੋਂ ਗਰੀਬ ਅਤੇ ਕਮਜ਼ੋਰ ਲੋਕਾਂ 'ਤੇ ਪੈਂਦਾ ਹੈ। ਇਸ ਨਾਲ ਬੇਘਰ ਲੋਕਾਂ, ਬਾਹਰ ਕੰਮ ਕਰਨ ਵਾਲਿਆਂ ਅਤੇ ਬਜ਼ੁਰਗਾਂ ਨੂੰ ਵੱਧ ਦਿੱਕਤ ਹੁੰਦੀ ਹੈ। ਦੱਖਣੀ ਏਸ਼ੀਆ ਦੇਸ਼ਾਂ 'ਚ ਹੀਟਵੇਵ ਦੇ ਕਾਰਨ ਸੋਕੇ ਦੇ ਲੈਵਲ 'ਚ ਵਾਧਾ ਹੋਇਆ ਹੈ ਜਿਸ ਨਾਲ 1 ਲੱਖ ਲੋਕਾਂ ਦੀ ਮੌਤ ਹੋ ਚੁੱਕੀ ਹੈ। ਇਹ ਸਪੱਸ਼ਟ ਹੈ ਕਿ ਪੌਣ-ਪਾਣੀ ਤਬਦੀਲੀ ਨਾਲ ਪੈਦਾ ਹੀਟਵੇਵ ਇੱਕ ਗੰਭੀਰ ਖਤਰਾ ਹੈ ਅਤੇ ਇਸ ਲਈ ਤੁਰੰਤ ਕਦਮ ਚੁੱਕਣ ਦੀ ਲੋੜ ਹੈ। ਖੋਜੀਆਂ ਦਾ ਇਹ ਵੀ ਕਹਿਣਾ ਹੈ ਕਿ ਸਾਨੂੰ ਫਾਸਿਲ ਫਿਊਲ 'ਤੇ ਆਪਣੀ ਨਿਰਭਰਤਾ ਘੱਟ ਕਰਨ ਅਤੇ ਸਵੱਛ ਊਰਜਾ ਸਰੋਤਾਂ ਵੱਲ ਵਧਣ ਦੀ ਲੋੜ ਹੈ, ਨਾਲ ਹੀ ਸਾਨੂੰ ਗਰੀਬ ਅਤੇ ਕਮਜ਼ੋਰ ਭਾਈਚਾਰਿਆਂ ਨੂੰ ਹੀਟਵੇਵ ਤੋਂ ਬਚਾਉਣ ਲਈ ਕਦਮ ਚੁੱਕਣੇ ਹੋਣਗੇ।

***

## ਅਕਾਲੀ ਦਲ ਨੇ ਭਾਜਪਾ ਨੂੰ ਦਿੱਤਾ ਧੋਬੀ ਪਟਕਾ

ਇਸ ਤੋਂ ਪਹਿਲਾਂ ਖੇਤੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਦੇ ਅੰਦੋਲਨ ਤੋਂ ਬਾਅਦ ਦੋਵੇਂ ਧਿਰਾਂ ਵੱਖ ਹੋ ਗਈਆਂ ਸਨ। 2019 ਦੀਆਂ ਲੋਕ ਸਭਾ ਚੋਣਾਂ ਤੱਕ ਦੋਵੇਂ ਪਾਰਟੀਆਂ ਇਕੱਠੀਆਂ ਲੜੀਆਂ ਸਨ। ਗੱਠਜੋੜ 13 ਵਿਚੋਂ ਚਾਰ ਸੀਟਾਂ ਜਿੱਤਣ ਵਿੱਚ ਸਫ਼ਲ ਰਿਹਾ ਸੀ।

ਅਕਾਲੀ ਦਲ ਨੂੰ ਦੋਹਰੀ ਲੜਾਈ ਲੜਨੀ ਪਵੇਗੀ

ਇਸ ਵਾਰ ਸਿਆਸੀ ਸਮੀਕਰਨ ਵੱਖ ਹਨ ਕਿਉਂਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਉਹ ਵੀ 92 ਵਿਧਾਇਕਾਂ ਦੇ ਨਾਲ ਬਣੀ ਹੈ। ਕਾਂਗਰਸ ਦੇ ਵੱਡੇ ਲੀਡਰ ਭਾਰਤੀ ਜਨਤਾ ਪਾਰਟੀ ਵਿੱਚ ਜਾ ਚੁੱਕੇ ਹਨ। ਅਕਾਲੀ ਦਲ ਦੀ ਸਿਆਸੀ ਹਾਲਤ ਕੋਈ ਜ਼ਿਆਦਾ ਚੰਗੀ ਨਹੀਂ ਹੈ। ਇਸ ਲਈ ਅਕਾਲੀ ਦਲ ਪਹਿਲਾਂ ਤਾਂ ਵੱਧ ਤੋਂ ਵੱਧ ਸੀਟਾਂ ਜਿੱਤਣ ਦੀ ਕੋਸ਼ਿਸ਼ ਕਰੇਗੀ ਤੇ ਜੇ ਅਜਿਹਾ ਨਾ ਹੋਇਆ ਤਾਂ ਉਹ ਚਾਹੇਗੀ ਕਿ ਉਨ੍ਹਾਂ ਦੀਆਂ ਵੋਟਾਂ ਭਾਰਤੀ ਜਨਤਾ ਪਾਰਟੀ ਨਾਲੋਂ ਕਿਸੇ ਵੀ ਕੀਮਤ ਉੱਤੇ ਵੱਧ ਹੋਣੀਆਂ ਚਾਹੀਦੀਆਂ ਹਨ।

ਕਦੋਂ ਹੋਇਆ ਸੀ ਅਕਾਲੀ ਦਲ ਦਾ ਭਾਜਪਾ ਨਾਲ ਤੋੜ ਵਿਛੋੜਾ

ਜ਼ਿਕਰ ਕਰ ਦਈਏ ਕਿ ਇਸ ਤੋਂ ਪਹਿਲਾਂ ਚੱਲੇ ਕਿਸਾਨੀ ਅੰਦੋਲਨ ਤੋਂ ਪਹਿਲਾਂ ਅਕਾਲੀ ਭਾਜਪਾ ਗੱਠਜੋੜ ਨੂੰ ਨਹੁੰ ਮਾਸ ਦਾ ਰਿਸ਼ਤਾ ਕਿਹਾ ਜਾਂਦਾ ਸੀ ਪਰ ਕਿਸਾਨਾਂ ਦੇ ਦਬਾਅ ਹੇਠ ਆ ਕੇ ਅਕਾਲੀ ਦਲ ਨੇ ਭਾਰਤੀ ਜਨਤਾ ਪਾਰਟੀ ਨਾਲ ਤੋੜ ਵਿਛੋੜਾ ਕਰ ਲਿਆ ਸੀ। ਅਕਾਲੀ ਦਲ ਨੇ ਕੇਂਦਰ ਦੀ ਵਜ਼ਾਰਤ ਨੂੰ ਠੋਕਰ ਮਾਰ ਦਿੱਤੀ ਸੀ। ਇਸ ਤੋਂ ਬਾਅਦ ਅਕਾਲੀ ਦਲ ਨੇ ਦਲਿਤ ਵੋਟ ਉੱਤੇ ਨਜ਼ਰ ਰੱਖਦਿਆਂ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਬਹੁਜਨ ਸਮਾਜ ਪਾਰਟੀ ਨਾਲ ਸਮਝੌਤਾ ਕੀਤਾ ਪਰ ਅਕਾਲੀ ਦਲ ਨੂੰ ਵਡੀ ਸਫਲਤਾ ਨਹੀਂ ਮਿਲੀ ਹਾਲਾਂਕਿ ਬਸਪਾ ਦੇ ਹੱਥ ਇੱਕ ਵਿਧਾਇਕੀ ਲੱਗੀ ਸੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com